# ਮੈਂ ਤੂੰ ਤੇ ਉਹ

ਰਜਵਿੰਦਰ ਕੌਰ



# ਮੈ ਤੂੰ ਤੇ ਉਹ

ਰਜਵਿੰਦਰ ਕੌਰ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# Main Tu Te Oh

By

Rajwinder Kaur

Instagram : Kaur_ rajwinder104

E-mail: Rajwinderkaur53053@gamil.com

@Rajwinder Kaur
All Rights Reserved

# ਮੈਂ ਤੂੰ ਤੇ ਉਹ

ਹੰਝੂਆਂ ਨਾਲ ਭਰੀਆਂ ਹੋਈਆਂ ਅੱਖੀਆਂ ਸਾਫ ਕਰਦੀ ਹੋਈ ਹਰਪ੍ਰੀਤ ਨੇ ਭਰੇ ਜਿਹੇ ਮੰਨ ਨਾਲ ਬਾਏ ਬੋਲ ਕੇ ਫੋਨ ਕੱਟ ਦਿੱਤਾ...! ਤੇ ਮੈਂ ਉਸ ਵੱਲੋਂ ਰੋ ਰੋ ਕੇ ਸੁਣਾਈ ਹੋਈ ਉਹਦੀ ਹੀ ਜ਼ਿੰਦਗੀ ਦੀ ਕਹਾਣੀ ਦਿਮਾਗ ਵਿੱਚ ਦੁਹਰਾਉਣ ਲੱਗੀ ।

ਜੱਸੀ ਨੇ ਨਵੀਂ ਨਵੀਂ ਫੇਸਬੁੱਕ ਆਈ ਡੀ ਬਣਾਈ ਸੀ । ਬਹੁਤ ਖੁਸ਼ ਸੀ ਜੱਸੀ । ਸ਼ਾਇਦ ਉਹਨੂੰ ਲੱਗਦਾ ਸੀ ਰੰਗਲੀ ਦੁਨੀਆ ਵਿਚ ਘੁੰਮਣ ਦਾ ਮੌਕਾ ਮਿਲਿਆ ਹੈ । ਫੇਸਬੁੱਕ ਵਿੱਚ ਬੜੀ ਜੱਸੀ ਨੂੰ ਦਿਨ ਰਾਤ ਦਾ ਕੁਝ ਪਤਾ ਹੀ ਨਾ ਲੱਗਦਾ,ਕਦੋਂ ਰਾਤ ਹੋਈ ਕਦੋਂ ਦਿਨ ਚੜ ਕੇ ਫਿਰ ਰਾਤ ਹੋ ਗਈ, ਨਾ ਰੋਟੀ ਦਾ ਹੋਸ਼ ਨਾ ਘਰ ਦੇ ਕੰਮਾਂ ਦਾ ਪਤਾ ,ਮਾਂ ਦੀਆਂ ਗਾਲਾਂ ਦਾ ਤਾਂ ਉਸਨੂੰ ਪਤਾ ਹੀ ਨਾ ਲੱਗਦਾ ਜਿਵੇਂ ਜਮਾਂਦਰੂ ਬੋਲ਼ੀ ਹੋਵੇ।

ਫੇਸਬੁੱਕ ਦੀ ਐਨੀ ਕੁ ਅੱਗ ਲੱਗੀ ਹੋਈ ਸੀ ਕਿ ਜੱਸੀ ਨੇ ਚੰਗੀ ਭਲੀ ਮਿਲਦੀ ਤਨਖਾਹ ਵਾਲੀ ਨੌਕਰੀ ਵੀ ਫੇਸਬੁੱਕ ਵਾਲੀ ਭੱਠੀ ਵਿੱਚ ਸੁੱਟ ਜਾਲ ਦਿੱਤੀ। ਕੰਮ ਛੱਡ ਘਰੇ ਬੈਠ ਗਈ,ਤੇ ਦਿਨ ਰਾਤ ਫੇਸਬੁੱਕ ਦੀ ਦੁਨੀਆਂ ਵਿੱਚ ਗੇੜੀਆਂ ਲਾਉਂਦੇ ਹੋਏ ਜੱਸੀ ਵਕਤ ਬਿਤਾਉਣ ਲੱਗੀ।

ਭੋਲਾ ਭਾਲਾ,ਹੱਸ ਮੁੱਖ ਜਿਹਾ ਸੁਭਾਅ ਹੋਣ ਕਰਕੇ ਜੱਸੀ ਨੇ ਦੋਸਤ ਵੀ ਜਲਦੀ ਬਣਾ ਲਏ। ਮਜ਼ਾਕ ਕਰ ਵੀ ਲੈਣਾ ਤੇ ਸਹਿ ਵੀ ਲੈਣਾ ਏਦਾਂ ਦੇ ਸੁਭਾਅ ਨੇ ਉਹਨੂੰ ਜਲਦੀ ਹੀ ਕਾਫੀ ਦੋਸਤਾ ਦੇ ਨੇੜੇ ਕਰ ਦਿੱਤਾਂ। ਫੇਸਬੁੱਕ ਤੇ ਪੋਸਟਾ ਵਾਲੇ ਗਰੁੱਪਾਂ ਵਿੱਚ ਐਡ ਹੁੰਦਿਆਂ ਹੀ ਹਾਸੇ ਵਾਲੀਆਂ ਪੋਸਟਾਂ ਕਰਨ ਲੱਗੀ, ਬਹੁਤ ਸਾਰੇ ਲਾਇਕ ਤੇ ਕੁਮੈਂਟਾਂ ਦੀ ਝੜੀ ਲੱਗਣ ਲੱਗ ਪਈ। ਜੱਸੀ ਖੁਸ਼ ਹੋ ਕੇ ਸਾਰਾ ਦਿਨ ਬਸ ਗਰੁੱਪਾਂ ਵਿੱਚ ਹੀ ਰਹਿਣ ਲੱਗੀ ।

ਇਕ ਦਿਨ ਜੱਸੀ ਨੂੰ ਹਰਜੋਤ ਬਰਾੜ ਨਾਮ ਦੀ ਆਈ.ਡੀ ਤੋਂ ਫਰੈਂਡ ਰਿਕਵੈੱਸਟ ਆਈਂ,ਜੱਸੀ ਨੇ ਮੁੰਡੇ ਦੀ ਪ੍ਰੋਫਾਈਲ ਫੋਟੋ ਦੇਖੀ ਕਾਫੀ ਸੋਹਣਾ ਗੋਰਾ ਚਿੱਟਾ, ਸੁਨੱਖੇ ਮੁੰਡੇ

ਦੀ ਫੋਟੋ ਦੇਖ ਫਰੈਂਡ ਰਿਕਵੈੱਸਟ ਅਕਸੈਪਟ  ਕਰ ਲਈ ।

ਰਿਕਵੈਸਟ ਅਕਸੈਪਟ ਹੁੰਦਿਆਂ ਹੀ ਮੈਸੇਜ਼ ਆਉਣ  ਲੱਗੇ, ਜਿਵੇਂ ਪਤਾ ਨਹੀਂ ਕਿੰਨੀ ਕੇ ਉਡੀਕ ਵਿੱਚ ਬੈਠਾ ਸੀ ਉਹ.. ਜੱਸੀ ਨਾਲ ਗੱਲ ਕਰਨ ਲਈ। ਹੈਲੋ ਜੱਸੀ ਜੀ, ਸਤਿ ਸ੍ਰੀ ਆਕਾਲ ਜੀ, ਕਿਵੇਂ ਹੋ...?

ਜੱਸੀ ਵੀ ਖੁਸ਼ੀ ਖੁਸ਼ੀ ਵਿੱਚ ਮੈਸੇਜ ਦੇ ਰਿਪਲਾਈ ਦੇਣ ਲੱਗੀ। ਸਤਿ ਸ੍ਰੀ ਆਕਾਲ ਜੀ, ਮੈਂ ਵਧੀਆ । ਤੁਸੀਂ ਦੱਸੋ ਕਿਵੇਂ ਹੋ..? ਅੱਗਿਓਂ ਹਰਜੋਤ ਵੀ ਗੱਲਾਂ ਦੀ ਬਰਸਾਤ ਕਰਨ ਲੱਗਾ... ਆਪਾਂ ਵੀ ਠੀਕ ਠਾਕ ਆ ਜੀ,ਹੋਰ ਕਿੱਥੋਂ ਦੇ ਰਹਿਣ ਵਾਲੇ ਆ ਜੱਸੀ ਜੀ ਤੁਸੀਂ..? ਜੱਸੀ ਸਭ ਸੱਚ ਬੋਲ ਦਿੰਦੀ ਸੀ, ਜੀ ਮੈਂ ਅਮ੍ਰਿਤਸਰ ਤੋਂ। ਤੇ ਹਰਜੋਤ ਜੀ ਤੁਸੀਂ ਕਿੱਥੋਂ ਦੇ ਹੋ...? ਜੀ ਮੈਂ ਖੰਨਾਂ ਤੋਂ। ਓਕੇ ਜੀ ਕਾਫੀ ਦੂਰ ਤੋਂ ਆ ਫਿਰ ਤਾਂ,ਜੱਸੀ ਕਹਿਣ ਲੱਗੀ। ਹਰਜੋਤ ਮਜ਼ਾਕੀਆ ਲਹਿਜ਼ੇ ਵਿਚ ਮੈਸੇਜ ਕਰਨ ਲੱਗਾ....ਨਹੀਂ ਤਾਂ... ਦਿਲ ਤੋਂ ਦੂਰ ਨਹੀਂ ਹੋਣੇ ਚਾਹੀਦਾ ਬੰਦਾ ਮੀਲਾਂ ਦੀ ਦੂਰੀ ਨਾਲ ਫਰਕ ਨਹੀਂ ਪੈਂਦਾ ... ਦਿਲ ਦੀਆਂ ਅੱਖਾਂ ਨਾਲ ਦੇਖਿਆ ਜਾਵੇ ਤਾਂ ਕੋਈ ਦੂਰ ਨਹੀਂ... ਮੈਂ ਸਹੀ ਕਿਹਾ ਨਾ ਜੱਸੀ ਜੀ...? ਹਮਮ ਸ਼ਾਇਦ ਜੱਸੀ ਐਨਾ ਕਹਿ ਚੁੱਪ ਹੋ ਗਈ।

ਕਾਫੀ ਦੇਰ ਤੱਕ ਮੈਸੇਜ ਦਾ ਰਿਪਲਾਈ ਨਾ ਆਉਣ ਕਰਕੇ ਹਰਜੋਤ ਥੋੜਾ ਉਦਾਸ ਜਿਹਾ ਹੋ ਗਿਆ। ਪਰ ਫਿਰ ਵੀ ਹਰਜੋਤ ਮੈਸੇਜ ਭੇਜਣ ਤੋਂ ਰੁਕਿਆ ਨਹੀ, ਬਸ ਇਸ ਉਡੀਕ ਵਿਚ ਹੀ ਬੈਠਾ ਰਿਹਾ ਕਿ ਕਦੋਂ ਜਵਾਬ ਆਵੇਗਾ।

ਜਦੋਂ ਕੰਮਕਾਰ ਕਰਕੇ ਜੱਸੀ ਥੋੜੀ ਵਿਹਲੀ ਹੋਈ ਤਾਂ ਫੋਨ ਚੁੱਕ ਫੇਸਬੁੱਕ ਔਨ ਕਰ ਬੈਠ ਗਈ,ਤੇ ਸਭ ਤੋਂ ਪਹਿਲਾਂ ਹਰਜੋਤ ਦੇ ਐਨੇ ਆਏ ਮੈਸੇਜ ਦੇਖ ਕੇ ਜੱਸੀ ਹੈਰਾਨ ਰਹਿ ਗਈ... ਨਾਲ ਹੀ ਜੱਸੀ ਨੇ ਰਿਪਲਾਈ ਕੀਤਾ...

ਜੱਸੀ :– ਜੀ ਐਨੇ ਮੈਸੇਜ...?

ਹਰਜੋਤ :– ਤੁਸੀਂ ਕਿੱਥੇ ਚਲੇ ਗਏ ਸੀ..?

ਜੱਸੀ :– ਕਿੱਤੇ ਵੀ ਨਹੀਂ ਜੀ।

ਹਰਜੋਤ :– ਫਿਰ ਰਿਪਲਾਈ ਕਿਉਂ ਨਹੀਂ ਕੀਤਾ।

ਜੱਸੀ :– ਬਸ ਕੰਮ ਸੀ ਥੋੜਾ ਜਿਹਾ,ਉਹੀ ਖਤਮ ਕਰਦੀ ਸੀ।

ਹਰਜੋਤ :– ਅੱਛਾ ਜੀ ! ਪਰ ਦੱਸਿਆ ਤਾਂ ਜਾ ਸਕਦਾ ਸੀ।

ਕਿ ਨਹੀਂ, ਬੰਦਾ ਰਿਪਲਾਈ ਦੀ ਉਡੀਕ ਵਿੱਚ ਬੈਠਾ ਫੋਨ ਤੋਂ ਨਜ਼ਰਾਂ ਪਰੇ ਨਹੀਂ ਕਰਦਾਂ।

ਜੱਸੀ :– ਅੱਛਾ ਜੀ ! ਬੰਦੇ ਨੂੰ ਹੋਰ ਕੰਮ ਨਹੀਂ ,ਰਿਪਲਾਈ ਦੀ ਉਡੀਕ ਤੋਂ ਬਿਨਾਂ...?

ਹਰਜੋਤ :– ਨਹੀਂ ਐਦਾਂ ਦੀ ਗੱਲ ਨਹੀਂ ਜੀ, ਕੰਮ ਤਾਂ ਬਹੁਤ ਨੇ ਮੈਨੂੰ ।

ਜੱਸੀ :– ਫਿਰ ਉਹ ਕਰਲੋ, ਮੈਸੇਜ ਦੀ ਉਡੀਕ ਕਿਉਂ ਕਰ ਰਹੇ ਹੋ..??

ਹਰਜੋਤ :– ਕੰਮ ਦਿਨ ਵੇਲੇ ਹੁੰਦਾ ਆ ਮੈਡਮ ਜੀ,ਸਾਰਾ ਦਿਨ ਕੰਮ ਹੀ ਕਰੀਦਾ,ਇਸ ਵੇਲੇ ਵਿਹਲੇ ਹੁੰਦੇ ਆ।

ਜੱਸੀ :– ਓਕੇ ਜੀ।

ਹਰਜੋਤ :– ਹਾਂਜੀ । ਵੈਸੇ ਤੁਸੀਂ ਕੀ ਕਰਦੇ ਹੋ ਲਾਈਫ ਵਿਚ, ਸਟੱਡੀ,ਜੌਬ ਕੇ ...?

ਜੱਸੀ :– ਕੁਝ ਨਹੀਂ,ਘਰ ਹੀ ਹੁੰਦੀ ਆ।

ਹਰਜੋਤ :– ਸਟੱਡੀ ਹੋ ਗਈ...? ਕਿੱਥੇ ਤੱਕ ਕੀਤੀ ਪੜ੍ਹਾਈ..?

ਜੱਸੀ :– ਤੁਸੀਂ ਕਿਉਂ ਐਨੀ ਪੁੱਛਗਿੱਛ ਕਰ ਰਹੇ ਹੋ ?

ਹਰਜੋਤ :– ਦੋਸਤ ਆ ਐਨਾ ਕੇ ਤਾਂ ਪਤਾ ਹੋਣੇ ਚਾਹੀਦਾ ਕਿ ਮੇਰੀ ਦੋਸਤ ਕਿੰਨਾਂ ਕੇ ਪੜ੍ਹੀ ਲਿਖੀ ਆ,ਕੀ ਕਰਦੀ ਆ ਜ਼ਿੰਦਗੀ ਵਿਚ ।

ਜੱਸੀ :– ਐਕਸਕਿਊਜ਼ਮੀ ...! ਆਪਾਂ ਦੋਸਤ ਕਦੋਂ ਬਣ ਗਏ..? ਅੱਜ ਪਹਿਲੀ ਵਾਰ ਤਾਂ ਗੱਲ ਹੋਈ ਆਪਣੀ,ਜਾਣ ਨਾ ਪਛਾਣ ਮੈਂ ਤੇਰਾ ਮਹਿਮਾਨ ਵਾਲੀ ਗੱਲ ਹੋ ਗਈ ਇਹ ਤਾਂ।

ਹਰਜੋਤ :– ਜਾਣ ਪਛਾਣ ਕਰ ਲੈਂਦੇ ਆ, ਵੈਸੇ ਮੈਂ ਜਾਣ ਪਹਿਚਾਣ ਹੀ ਕਰ ਰਿਹਾ ਸੀ

ਜਿਸਨੂੰ ਤੁਸੀਂ ਪੁੱਛ ਗਿੱਛ ਕਹਿਣ ਲੱਗ ਗਏ।

ਹਰਜੋਤ :– ਜੱਸੀ ਜੀ ਕੀ ਆਪਾਂ ਦੋਸਤ ਬਣ ਸਕਦੇ ਆ...?

ਜੱਸੀ :– ਸੌਰੀ ਜੀ ! ਮੈਂ ਜਾਣਦੀ ਨਹੀਂ ਤੁਹਾਨੂੰ ,ਤੇ ਮੈਂ ਕਿਸੇ ਅਨਜਾਣ ਨਾਲ ਦੋਸਤੀ ਨਹੀਂ ਕਰ ਸਕਦੀ।

ਹਰਜੋਤ :– ਜਾਣ ਲੈਂਦੇ ਆ,ਗੱਲ ਕਰਾਂਗੇ... ਤਾਹੀਂ ਜਾਣਾਂਗੇ ਇਕ ਦੂਜੇ ਨੂੰ।

ਜੱਸੀ :– ਮੈਨੂੰ ਕੋਈ ਸ਼ੌਕ ਨਹੀਂ ਹੈ ਕਿਸੇ ਨੂੰ ਜਾਨਣੇ ਦਾ।

ਹਰਜੋਤ :– ਪਰ ਮੈਨੂੰ ਸ਼ੌਕ ਹੈ, ਮੈਂ ਤੁਹਾਨੂੰ ਜਾਨਣਾ ਚਾਹੁੰਦਾ ਹਾਂ।

ਜੱਸੀ :– ਬਾਏ ।

ਹਰਜੋਤ :– ਬਾਏ ਕਿਉਂ ਜੀ...?

ਜੱਸੀ :– ਬਸ ਵੈਸੇ ਹੀ । ਗੁੱਡ ਨਾਈਟ ਜੀ।

ਹਰਜੋਤ :– ਤੁਸੀਂ ਐਨੀ ਜਲਦੀ ਸੌਂ ਜਾਂਦੇ ਆ..? ਹਜੇ ਤਾਂ ਦਸ ਵੱਜੇ ਨੇ।

ਹਰਜੋਤ ਮੈਸੇਜ ਤੇ ਮੈਸੇਜ ਕਰਦਾ ਰਿਹਾ ਪਰ ਜੱਸੀ ਦਾ ਕੋਈ ਵੀ ਰਿਪਲਾਈ ਨਹੀਂ ਆਈਆਂ, ਕਾਫ਼ੀ ਟਾਇਮ ਮੈਸੇਜ ਦੀ ਉਡੀਕ ਕਰਦਾ ਕਰਦਾ ਹਰਜੋਤ ਸੌਂ ਗਿਆ।

ਸਵੇਰੇ ਅੱਖ ਖੁਲਦਿਆਂ ਸਾਰ ਹੀ ਜੱਸੀ ਦੇ ਹੱਥ ਸਿਰਾਣੇ ਥੱਲੇ ਪਏ ਮੋਬਾਇਲ ਤੇ ਹੀ ਜਾਂਦੇ,ਤੇ ਅੱਧ ਖੁੱਲ੍ਹੀਆਂ ਅੱਖਾਂ ਨਾਲ ਹੀ ਨੈੱਟ ਔਨ ਕਰ ਫੇਸਬੁੱਕ ਤੇ ਜਾ ਬੈਠਦੀ, ਮੈਸੇਜ ਲਿਸਟ ਖੋਲਦਿਆਂ ਹੀ ਸਭ ਤੋਂ ਉਪਰ ਹਰਜੋਤ ਦੇ ਹੀ ਮੈਸੇਜ ਰਾਤ ਦੇ ਜਿਵੇਂ ਸਾਰੀ ਰਾਤ ਸੁੱਤਾ ਹੀ ਨਾ ਹੋਵੇ,ਬਸ ਮੈਸੇਜ ਤੇ ਮੈਸੇਜ ਹੀ ਸੁੱਟਦਾ ਰਿਹਾ ਹੋਵੇ। ਫਿਰ ਤੜਕੇ ਹੀ ਚਾਰ ਵਜੇ ਗੁੱਡ ਮੋਰਨਿੰਗ ਦਾ ਮੈਸੇਜ ,ਐਨੇ ਮੈਸੇਜ ਦੇਖ ਕੇ ਜੱਸੀ ਨੇ ਬਸ ਗੁੱਡ ਮੋਰਨਿੰਗ ਦਾ ਹੀ ਜਵਾਬ ਦਿੱਤਾ।

ਜੱਸੀ :– ਵੈਰੀ ਗੁੱਡ ਮੋਰਨਿੰਗ ਜੀ।

ਹਰਜੋਤ ਜਿਵੇਂ ਹੱਥ ਵਿਚ ਹੀ ਮੋਬਾਇਲ ਫੜ ਕੇ ਬੈਠਾ ਹੋਵੇ ਤੇ ਜੱਸੀ ਦੇ ਰਿਪਲਾਈ ਦੀ ਹੀ ਉਡੀਕ ਵਿਚ ਹੀ ਹੋਵੇ। ਜੱਸੀ ਦਾ ਮੈਸੇਜ ਆਉਂਦਿਆਂ ਸਾਰ ਹੀ.....।

ਹਰਜੋਤ :– ਹਾਂਜੀ ਕਿਵੇਂ ਹੋ ਜਨਾਬ ,ਉੱਠ ਗਏ...? ਹੈਵ ਏ ਨਾਇਸ ਡੇ..!

ਜੱਸੀ :– ਹਮਮਮਮਮ

ਹਰਜੋਤ :– ਹੋਰ ਚਾਹ ਪੀ ਲਈ ਤੁਸੀਂ ਜੀ ...?

ਜੱਸੀ :– ਨਹੀਂ ।

ਹਰਜੋਤ :– ਕਿਉਂ ਜੀ ...?

ਜੱਸੀ:– ਹਜੇ ਤਾਂ ਰਜਾਈ ਵਿਚ ਹੀ ਆ,ਉੱਠੀ ਨਹੀਂ , ਮੂੰਹ ਵੀ ਨਹੀਂ ਧੋਇਆ।

ਹਰਜੋਤ :– ਅੱਛਾ ਜੀ ! ਉਠਦਿਆਂ ਹੀ ਮੋਬਾਇਲ ਚੁੱਕ ਲੈਂਦੇ ਹੋ ...?

ਜੱਸੀ :– ਹਮਮਮਮਮ..!

✪✪✪✪✪✪✪

# ਭਾਗ – 2

ਹਰਜੋਤ :– ਲੋਕ ਸਵੇਰੇ–ਸਵੇਰੇ ਰੱਬ ਦਾ ਨਾਮ ਲੈਂਦੈ,ਤੁਸੀਂ ਫੋਨ ਚੁੱਕਦੇ ਹੋ..?

ਜੱਸੀ :– ਆਹੋ ! ਤੁਸੀਂ ਲੈ ਲਿਆ ਰੱਬ ਦਾ ਨਾਮ..?

ਹਰਜੋਤ :– ਨਾਂ ਮੈਨੂੰ ਕਿੱਥੇ ਰੱਬ ਚੇਤੇ ਰਹਿੰਦਾਂ ।

ਜੱਸੀ :– ਠੀਕ ਆ ਫਿਰ ਮੈਨੂੰ ਕਿਉਂ ਭਾਸ਼ਣ ਦੇ ਰਹੇ ਹੋ।

ਹਰਜੋਤ :– ਇਹ ਭਾਸ਼ਣ ਨਹੀਂ ਆ ,ਜਸਟ ਵੈਸੇ ਹੀ ਕਿਹਾ ਮੈਂ ਤਾਂ।

ਜੱਸੀ :– ਓਕੇ ! ਬਾਏ ।

ਬਾਏ ਬੋਲ ਕੇ ਜਿਵੇਂ ਜੱਸੀ ਨੇ ਹਰਜੋਤ ਕੋਲੋਂ ਪਿੱਛਾ ਹੀ ਛੁਡਵਾਇਆ ਹੋਵੇ।

ਪਰ ਹਰਜੋਤ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਸੀ, ਮੈਸੇਜ ਤੇ ਮੈਸੇਜ ਸੁੱਟਦਾ ਜਾ ਰਿਹਾ ਸੀ

ਜੱਸੀ ਥੋੜੇ ਜਿਹੇ ਦਿਨ ਅਣਦੇਖਿਆਂ ਕਰਦੀ ਰਹੀ, ਬਿਲਕੁਲ ਵੀ  ਨਹੀਂ ਮੈਸੇਜ ਦੇਖਦੀ ਸੀ।

ਹਰਜੋਤ ਹਰ ਰੋਜ਼ ਮੈਸੇਜ ਕਰਦਾ,ਗੁੱਡ ਨਾਈਟ ਦਾ ਵੀ ਗੁੱਡ ਮੋਰਨਿੰਗ ਦਾ ਵੀ,ਪਰ ਜੱਸੀ ਦੇਖਦੀ ਹੀ ਨਾ।ਅੱਠ , ਦਸ ਦਿਨ ਬਾਅਦ ਹਰਜੋਤ ਨੂੰ ਜੱਸੀ ਤੇ ਬਹੁਤ ਗੁੱਸਾ ਆਇਆ ।

ਹਰਜੋਤ :– ਰੱਖੋ ਮੈਡਮ ਆਪਣੀ ਆਕੜ ਆਪਣੇ ਕੋਲ,ਐਨਾ ਗਰੂਰ ਕਿਸ ਗੱਲ ਦਾ, ਕੋਈ ਇਜ਼ਤ ਮਾਣ ਕਰ ਰਿਹਾ ਹੈ, ਕੋਈ ਦੋਸਤ ਸਮਝ ਰਿਹਾ ਹੈ ਤੁਹਾਨੂੰ,ਪਰ ਤੁਹਾਨੂੰ ਕਦਰ ਹੀ ਨਹੀਂ, ਪਤਾ ਨਹੀਂ ਕਿਹੋ ਜਿਹੀ ਕੁੜੀ ਆ,ਐਨਾ ਹੰਕਾਰ ਚੰਗਾ ਨਹੀਂ ਹੁੰਦਾ।

ਸ਼ਾਇਦ ਤੁਸੀਂ ਮੈਨੂੰ ਗਿਰਿਆ ਹੋਇਆ ਸਮਝ ਲਿਆ,ਚੰਗੀ ਲੱਗੀ ਸੀ ਮੈਨੂੰ ਪੋਸਟਾਂ ਵਾਲੇ ਗਰੁੱਪ ਵਿੱਚ ਸੋਹਣੀਆਂ ਪੋਸਟਾਂ ਕਰਦੀ ਸੀ ਸਮਝਦਾਰੀ ਵਾਲੀਆਂ,ਪਰ ਐਨੀ ਸਮਝਦਾਰ ਹੈ ਨਹੀਂ।ਨਹੀਂ ਕਰਦਾ ਅੱਜ ਤੋਂ ਬਾਅਦ ਮੈਸੇਜ ਤੈਨੂੰ। ਦਫ਼ਾ ਹੋ ਕਿਤੇ।

ਐਨਾ ਮੈਸੇਜ ਕਰਕੇ ਹਰਜੋਤ ਜੱਸੀ ਨੂੰ ਬਲੌਕ ਕਰ ਦਿੰਦਾ ਹੈ।

ਆਨਲਾਈਨ ਹੁੰਦਿਆਂ ਸਾਰ ਹੀ ਜੱਸੀ ਦੀ ਨਜ਼ਰ ਹਰਜੋਤ ਦੇ ਅਣਗਿਣਤ ਮੈਸੇਜਾ ਤੇ ਗਈ... ਹਰਜੋਤ ਦਾ  ਇਹੋ ਜਿਹਾ ਬਤੀਰਾ ਦੇਖ ਕੇ ਜੱਸੀ ਨੂੰ ਬਹੁਤ ਗੁੱਸਾ ਆਇਆ, ਦਿਲ ਹੀ ਦਿਲ ਵਿੱਚ ਜੱਸੀ ਹਰਜੋਤ ਨੂੰ ਬਹੁਤ ਕੁਝ ਮਾੜਾ ਚੰਗਾ ਬੋਲਦੀ।ਆਇਆ ਵੱਡਾ ਦਫ਼ਾ ਹੋਜਾ ਕਹਿਣ ਵਾਲਾ , ਅਮੀਰ ਬਾਪ ਦੀ ਵਿਗੜੀ ਹੋਈ ਔਲਾਦ ਲਗਦਾ ਇਹ ਤਾਂ।

ਜੱਸੀ ਸਭ ਕੁਝ ਅਣਦੇਖਿਆਂ ਕਰ ਪਹਿਲਾਂ ਵਾਂਗ ਖੁਸ਼ ਰਹਿਣ ਲੱਗੀ ਤੇ ਫੇਸਬੁੱਕ ਤੋਂ ਬਿਨਾਂ ਤਾਂ ਉਹਨੂੰ ਕੁੱਝ ਦਿਖਦਾ ਹੀ ਨਹੀਂ ਸੀ। ਫੇਸਬੁੱਕ ਤੇ ਜੱਸੀ ਦੀ ਬਾਣੀ ਨਾਮ ਦੀ ਇਕ ਬਹੁਤ ਖਾਸ ਦੋਸਤ ਬਣ ਗਈ ਸੀ,ਹਰ ਰੋਜ਼ ਚੈਟ ਕਰਦੀਆਂ ਤੇ ਗਰੁੱਪ ਵਿੱਚ ਪੋਸਟਾਂ ਤੇ ਖੱਪ ਪਾਉਂਦੀਆਂ ਰਹਿੰਦੀਆਂ। ਥੋੜੇ ਜਿਹੇ ਸਮੇਂ ਵਿੱਚ ਹੀ ਭੈਣਾ ਵਰਗਾ ਪਿਆਰ ਪੈ ਗਿਆ ਸੀ ਦੋਵਾਂ ਵਿੱਚ, ਕਿਸ ਮੁੰਡੇ ਨੇ ਜਾ ਕੁੜੀ ਨੇ ਕੁਮੈਂਟਾਂ ਵਿੱਚ ਕੀ ਗੱਲ ਕਹੀ। ਕੋਣ ਗਲਤ ਬੋਲਿਆਂ,ਕੋਣ ਕੀ ਕਰਦਾ ,ਕਿਸਦੀ ਕਿਸ ਨਾਲ ਗਾਟੀ ਪਈ ਦੋਂਨਾਂ ਵਿੱਚ ਅਕਸਰ ਆਹੀ ਵਾਰਤਾਲਾਪ ਹੁੰਦੀਂ ਰਹਿੰਦੀ।

ਜੱਸੀ ਨੇ ਬਾਣੀ ਹਰਜੋਤ ਵਾਲੀ ਵੀ ਸਾਰੀ ਗੱਲ ਦੱਸੀ ਸੀ,ਇਕ ਦਿਨ ਬਾਣੀ ਵੀ ਜੱਸੀ ਨੂੰ ਕਹਿਣ ਲੱਗੀ ਇਸ ਮੁੰਡੇ  ਨੇ ਤਾ ਮੈਨੂੰ ਵੀ ਮੈਸੇਜ ਕੀਤਾ ਸੀ ਇਕ ਦਿਨ ਪਰ ਮੈਂ ਕੋਈ ਜਵਾਬ ਹੀ ਨਹੀਂ ਦਿੱਤਾ।

ਜੱਸੀ :– ਮੈਸੇਜ ਕਰਕੇ ਪੁੱਛ ਇਹਨੂੰ,ਕਿ ਇਹ ਮੈਨੂੰ ਐਦਾਂ ਕਿਵੇਂ ਬੋਲਿਆਂ,ਆਇਆ ਵੱਡਾ ਦਫ਼ਾ ਹੋ ਜਾ ਕਹਿਣ ਵਾਲਾ।

ਬਾਣੀ :– ਪੱਕਾ ਪੁੱਛਾਂ..? ਦੇਖਲਾ ਮੈਂ ਪੁੱਛ ਲੈਣਾ,ਜੇ ਜ਼ਿਆਦਾ ਬੋਲਿਆ ਮੈਂ ਗਾਲਾਂ ਕੱਢ ਆਉਂਣੀਆਂ ਉਹਨੂੰ ਫਿਰ ਨਾ ਆਖੀਂ ਤੂੰ ਲੜ ਕੇ ਆ ਗਈ।

ਜੱਸੀ :– ਬਸ ਕਰ, ਤੂੰ ਇਹੋ ਜਿਹਾ ਕੁਝ ਨਹੀਂ ਕਰੇਂਗੀ,ਚੱਲ ਛੱਡ ਆਪਾਂ ਕੀ ਲੈਣਾ ਬੋਲ ਗਿਆ ਤਾਂ ਬੋਲ ਗਿਆ।

ਬਾਣੀ :– ਐਦਾਂ ਕਿੱਦਾਂ ਕਹਿ ਗਿਆ ਮੇਰੀ ਪਿਆਰੀ ਸਹੇਲੀ ਨੂੰ ਉਹ ਇਹ ਸਭ..! ਮੈਂ ਕਰਦੀ ਆ ਮੈਸੇਜ ਦਿੰਦੀ ਆ ਅਕਲ ਇਹਨੂੰ।

ਜੱਸੀ :– ਓ ਤੂੰ ਰਹਿਣ ਦੇ, ਐਵੇਂ ਕੋਈ ਪੰਗਾ ਪਾਏਗੀ,ਵੱਡੀ ਆਈ ਲੜਾਈ ਦੀ ਪੰਡ।

ਬਾਣੀ :– ਹਾਹਾਹਾਹਾ... ਚੱਲ ਨਹੀਂ ਲੜਾਈ ਕਰਦੀ, ਉਦਾਂ ਪਿਆਰ ਨਾਲ ਪੁੱਛ ਲੈਦੀਂ ਆ। ਚੱਲ ਰੁੱਕ ਮੈਂ ਮੈਸੇਜ ਕਰਕੇ ਦੇਖਦੀ ਆ, ਬਾਅਦ ਵਿੱਚ ਤੈਨੂੰ ਦੱਸਦੀ ਆ ਕਿ ਕੀ ਗੱਲ ਹੋਈ।

ਜੱਸੀ :– ਚੱਲ ਕਰਲਾ ਗੱਲ, ਵੈਸੇ ਵੀ ਮਰਜੀ ਕਰਦੀ ਆ ਤੂੰ।

ਬਾਣੀ :– ਹਾਹਾਹਾਹਾ...ਆਹੋ ਸਹੀ ਕਿਹਾ। ਚੱਲ ਬਾਏ ਹੁਣ।

ਜੱਸੀ :– ਹਮਮ...ਬਾਏ

ਬਾਣੀ ਆਪਣੀ ਆਦਤ ਤੋਂ ਮਜ਼ਬੂਰ ਬਿਨਾਂ ਬਜ੍ਹਾ ਅਨਜਾਣ ਲੋਕਾਂ ਦੇ ਦਿਮਾਗ ਖਾਣ ਲੱਗ ਜਾਂਦੀ। ਹੁਣ ਉਹਨੂੰ ਨਵਾਂ ਮੁੱਦਾ ਮਿਲ ਗਿਆ ਸੀ ਕਿ ਮੇਰੀ ਸਹੇਲੀ ਨੂੰ ਐਨਾ ਕੁਝ ਬੋਲ ਕਿਵੇਂ ਗਿਆ ਇਹ,ਬਸ ਜੀਭ ਤੇ ਹੁੰਦੀ ਖੁਰਕ ਬਾਣੀ ਨੂੰ ਹਰਜੋਤ ਦੇ ਇਨਬਾਕਸ ਵਿਚ ਲੈ ਹੀ ਗਈ।

ਹੈਲੋ ਮਿਸਟਰ ਤੁਸੀਂ ਮੇਰੀ ਸਹੇਲੀ ਨੂੰ ਐਨਾ ਕੁਝ ਬੋਲ ਆਏ ,ਕੀ ਕਿਹਾ ਸੀ ਉਹਨੇ ਤੁਹਾਨੂੰ...? ਬਾਣੀ ਨੇ ਬੜੇ ਗੁੱਸੇ ਵਾਲੇ ਲਾਲ ਪੀਲੇ ਜਿਹੇ ਇਮੋਜੀ ਵੀ ਨਾਲ ਭੇਜ ਦਿੱਤੇ

ਹਰਜੋਤ ਮੈਸੇਜ ਦੇਖਦਿਆਂ ਹੀ ਨਾਲ ਦੀ ਨਾਲ ਰਿਪਲਾਈ ਕਰਦਾ....!

ਹਰਜੋਤ :– ਤੁਸੀਂ ਕੋਣ ..?

ਬਾਣੀ :– ਮੈਂ ਜੋ ਵੀ ਹੋਵਾਂ ਉਹਦੇ ਨਾਲ ਤੈਨੂੰ ਕੀ..?

ਹਰਜੋਤ :– ਫਿਰ ਤੈਨੂੰ ਵੀ ਕੀ ਇਸ ਗੱਲ ਨਾਲ ਮੈਂ ਜਿਸਨੂੰ ਜੋ ਮਰਜ਼ੀ ਬੋਲਾਂ ..?

ਬਾਣੀ :– ਜਿਸਨੂੰ ਜੋ ਮਰਜ਼ੀ ਬੋਲ,ਮੇਰੀ ਸਹੇਲੀ ਨੂੰ ਕਿਉਂ ਬੋਲਿਆਂ,ਉਹਨੇ ਕੀ ਕਿਹਾ ਤੈਨੂੰ..?

ਹਰਜੋਤ :– ਕਿਹੜੀ ਤੇਰੀ ਸਹੇਲੀ ..?

ਬਾਣੀ :– ਜਿਹਨੂੰ ਦਫ਼ਾ ਹੋ ਕਿਤੇ ਜਾ ਕੇ ਕਿਹਾ,ਐਦਾਂ ਦਾ ਵੀ ਕੀ ਕਹਿ ਦਿੱਤਾ ਉਹਨੇ..?

ਹਰਜੋਤ :– ਅੱਛਾ ! ਤੂੰ ਜੱਸੀ ਦੀ ਵਕੀਲ ਬਣ ਕੇ ਆਈ ਆ । ਮੈਂ ਤਾਂ ਬਲੌਕ ਕਰ ਦਿੱਤੀ ਸੀ । ਇੰਨ੍ਹੀ ਜ਼ਿਆਦਾ ਆਕੜ ਵਾਲੀ ਕੁੜੀ,ਮੈਂ ਨਹੀਂ ਦੇਖੀ।

ਬਾਣੀ :– ਓਓਓ ..ਅੱਛਾ ਜੀ ! ਫਿਰ ਮੈਸੇਜ ਕਿਉ ਕੀਤਾ ਸੀ ਉਹਨੂੰ ਜੇ ਇੰਨੀ ਹੀ ਆਕੜ ਵਾਲੀ ਲਗਦੀ ਸੀ,ਉਹ ਕਹਿ ਕੇ ਗਈ ਸੀ ਕਿ ਆਜਾ ਮੈਨੂੰ ਮੈਸੇਜ ਕਰ...?

ਹਰਜੋਤ :– ਹਾਂ ਮੈਂ ਮੈਸੇਜ ਕੀਤਾ ਸੀ, ਕੇ ਚੱਲ ਜਾਣ ਪਹਿਚਾਣ ਕਰਦੇ ਆ ਕੀ ਪਤਾ ਵਧੀਆ ਦੋਸਤ ਮਿਲ ਜਾਵੇ,ਪਰ ਇਹ ਇੰਨੀ ਆਕੜ ਨਾਲ ਭਰੀ ਸੀ,ਹਰ ਗੱਲ ਦਾ ਪੁੱਠਾ ਜਵਾਬ ਦਿੰਦੀ ਸੀ। ਜਾਂ ਫਿਰ ਹੰਕਾਰੀ ਜਿਹੀ ਕਿੰਨੇ ਕਿੰਨੇ ਦਿਨ ਮੈਸੇਜ ਦੇਖਦੀ ਹੀ ਨਹੀਂ ਸੀ,ਰਿਪਲਾਈ ਦੇਣਾ ਤਾਂ ਦੂਰ ਦੀ ਗੱਲ।

ਬਾਣੀ :– ਜਦੋਂ ਅਗਲੀ ਨਹੀਂ ਕਰ ਰਹੀ ਰਿਪਲਾਈ ,ਨਹੀਂ ਦੇਖ ਰਹੀ ਸੀ ਮੈਸੇਜ,ਫਿਰ ਜ਼ਰੂਰ ਕਰਨੇ ਸੀ ਮੈਸੇਜ । ਐਨਾ ਕੁਝ ਬੋਲਣਾ ਜ਼ਰੂਰੀ ਸੀ..?

ਹਰਜੋਤ :– ਹਾਂ ਯਾਰ ਗੁੱਸਾ ਆ ਗਿਆ ਸੀ ,ਇਸ ਲਈ ਗੁੱਸੇ ਵਿਚ  ਬੋਲਿਆਂ ਗਿਆ, ਮੈਂ ਕਿਹੜਾ ਮਜਨੂੰ ਆਸ਼ਿਕ ਆ ਵੀ ਇਹਦੇ ਇਨਬਾਕਸ ਵਿੱਚ ਇਹਦੀ ਉਡੀਕ ਵਿੱਚ ਬੈਠਾ ਰਹਾਂਗਾ। ਯਾਰਾਂ ਨੇ ਵੀ ਕਰਤੀ ਬਲੌਕ । ਹੁਣ ਤੈਨੂੰ ਭੇਜਿਆ ਵਕਾਲਤ ਕਰਨ ਲਈ।

ਬਾਣੀ :– ਓਏ ਤੂੰ ਬਸ ਕਰ, ਜ਼ਿਆਦਾ ਨਹੀਂ ਕੁਝ ਹਵਾ ਕਰ ਰਿਹਾ, ਹਵਾ ਲੋਟ ਵੀ ਕਰਨੇ ਆਉਂਦੀ ਆ ਸਾਨੂੰ।

ਹਰਜੋਤ :– ਹਾਹਾਹਾਹਾਹਾਹਾਹਹਾਹਾਹਾ...!  ਅੱਛਾ ਜੀ । ਹਵਾਂ ਤਾਂ ਤੇਰੀ ਸਹੇਲੀ ਕਰਦੀ ਸੀ ਉਹ ਮੈਂ ਕਰ ਦਿੱਤੀ ਲੋਟ, ਤੂੰ ਕਹੇਂ ਤਾਂ ਤੇਰੀ ਵੀ ਹਵਾ ਕਰ ਦਿਆ ਲੋਟ।

ਬਾਣੀ :– ਬਤਮੀਜ ,ਪਾਗ਼ਲ ਜਿਹਾ,ਜਮਾਂ ਅਕਲ ਨਹੀਂ ਤੈਨੂੰ ਬੋਲਣ ਦੀ । ਤੈਨੂੰ ਤਾਂ ਦੇਖਲੂ ਮੈਂ।

ਹਰਜੋਤ :– ਹਾਹਾਹਾਹਾਹਾਹਾ ...! ਦੋਨੋਂ ਆਜੋ । ਮੈਂ ਡਰਦਾ।

ਬਾਣੀ :– ਕੋਈ ਨਾ ਡਰ ਜਾਵੇਗਾ।

ਹਰਜੋਤ :– ਚੱਲ ਇਕ ਕੰਮ ਕਰ ਆਪਣੀ ਸਹੇਲੀ ਨੂੰ ਕਹਿ ਮੇਰਾ ਰਿਪਲਾਈ ਕਰੇ ਮੈਂ ਅਨਬਲੌਕ ਕਰਦਾ ਉਹ ਨੂੰ,ਫਿਰ ਦੋਨੋਂ ਆਜੋ ਕੀ ਕਰਨਾ ਕਰਲੋ।

ਬਾਣੀ :– ਤੂੰ ਉਹਦੇ ਪਿੱਛੇ ਹੀ ਕਿਉਂ ਪਿਆ ਆ, ਤੈਨੂੰ ਕੀ ਕਹਿੰਦੀ ਆ ਉਹ..?

ਹਰਜੋਤ :– ਕੁਛ ਕਹਿੰਦੀ ਨੀ ਤਾਹੀਂ ਤਾਂ ਗੁੱਸਾ ਆਉਂਦਾ,ਜੇ ਕੁਝ ਕਹਿੰਦੀ ਹੁੰਦੀ ਫਿਰ ਗੁੱਸਾ ਕਿਉਂ ਆਉਂਦਾ ਤੂੰ ਆਪ ਸੋਚ।

ਬਾਣੀ :– ਪਰ ਤੈਨੂੰ ਫਰਕ ਕਿਉਂ ਪੈਦਾਂ ਉਹੋ ਕੁਝ ਕਹੇਂ ਜਾ ਨਾਂ ਕਹੇਂ।

ਹਰਜੋਤ :– ਤੂੰ ਨੀ ਸਮਝ ਸਕਦੀ ਚੰਗਾ ਬਾਏ..!

ਬਾਣੀ :– ਹੱਦ ਆ ਤੇਰੀ ਵੀ ।

✪✪✪✪✪✪✪

# ਭਾਗ –3

ਹਰਜੋਤ :– ਹਾਹਾਹਾਹਾ...! ਹਾਂ ਹੱਦ ਹੀ ਆ, ਤੇਰੀ ਸਹੇਲੀ ਮੈਨੂੰ ਵਧੀਆ ਲਗਦੀ ਆ , ਮੈਂ ਉਹਨੂੰ ਜਾਨਣਾ ਚਾਹੁੰਦਾ ਆ,ਪਰ ਉਹ ਆਕੜ ਕਰਦੀ ਆ।

ਬਾਣੀ :– ਮਜ਼ਾਕ ਸੋਹਣਾ ਕਰਦੇ ਹੋ ਵੈਸੇ।

ਹਰਜੋਤ :– ਮਜ਼ਾਕ ਨਹੀਂ ਏ ਯਾਰ, ਚੱਲ ਛੱਡ ਤੈਨੂੰ ਨੀ ਸਮਝ ਆਉਂਣੀ ਗੱਲ ਦਿਲ ਤੇ ਲੱਗੀ ਐ।

ਬਾਣੀ :– ਅੱਛਾ ! ਜੇ ਇੰਨੀ ਹੀ ਗੱਲ ਦਿਲ ਤੇ ਲੱਗੀ ਸੀ ਤਾਂ ਉਹ ਦਫ਼ਾ ਹੋ ਜਾਣ ਲਈ ਕਿਉਂ ਕਿਹਾਂ..ਉਹ

ਹਰਜੋਤ :– ਯਾਰ ਜਦੋਂ ਅਗਲਾ ਆਕੜ ਕਰੇਂ ,ਕਦਰ ਹੀ ਨਾ ਕਰੇਂ ਫਿਰ ਅੱਕ ਕੇ ਆਹੀ ਕੁਝ ਬੋਲਣਾ ਸੀ।

ਬਾਣੀ :– ਮੇਰਾ ਦਿਮਾਗ ਘੁੰਮ ਰਿਹਾ ਤੁਹਾਡੀਆਂ ਗੱਲਾਂ ਸੁਣ ਕੇ,ਤੁਸੀ ਜਾਣਦੇ ਹੈ ਨਹੀਂ ਉਸਨੂੰ ਅਜੇ,ਤੇ ਗੱਲ ਦਿਲ ਤੇ ਲੱਗ ਗਈ।

ਹਰਜੋਤ :– ਗੱਲ ਦਿਲ ਤੇ ਲੱਗੀ ਤਾਹੀਂ ਤਾਂ ਉਹਨੂੰ ਜਾਨਣਾ ਚਾਹੁੰਦਾ ਸੀ,ਪਰ ਉਹ ਕਮਲੀ ਆਕੜਾਂ ਕਰਦੀ ਆ।

ਬਾਣੀ :– ਅੱਛਾ ਜੀ! ਜਾਣ ਲਵੋ ਜੀ ਫਿਰ।

ਹਰਜੋਤ :– ਕਿਵੇਂ ਜਾਣਾ ਯਾਰ ! ਤੂੰ ਹੀ ਦੱਸ..? ਉਹ ਤਾ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੀ।

ਬਾਣੀ :– ਇਹ ਹੁਣ ਤੁਸੀਂ ਦੇਖੋ , ਮੈਨੂੰ ਕੀ ਪਤਾ !

ਹਰਜੋਤ :– ਤੂੰ ਇਨਾਂ ਕੇ ਵੀ ਨਹੀਂ ਕਰ ਸਕਦੀ,ਸਹੇਲੀ ਕਿੱਧਰੋਂ ਹੋਈ ਤੂੰ,ਬਸ ਗੱਪਾਂ ਮਾਰਨ ਲਈ।

ਬਾਣੀ :– ਆਹੋ ।

ਹਰਜੋਤ :– ਚੱਲ ਜਾ ਫਿਰ ਕੰਮ ਕਰ ।

ਬਾਣੀ  :– ਕਰ  ਲਵਾਂਗੀ ਕੰਮ, ਤੁਹਾਨੂੰ ਦੱਸ ਕੇ ਕਰਨਾ।

ਇੰਨੀਆਂ ਗੱਲਾਂ ਤੋਂ ਬਾਅਦ ਬਾਣੀ ਨੇ  ਹਰਜੋਤ ਨਾਲ ਗੱਲ ਕਰਨੀ ਬੰਦ ਕਰ ਦਿੱਤੀ,ਤੇ ਫਟਾ ਫੱਟ ਸਾਰੀਆਂ ਗੱਲਾਂ ਜੱਸੀ ਦੇ ਕੋਲ ਕਰਨ ਲੱਗ ਪਈ।

ਬਾਣੀ :– ਹੈਲੋ ਜੱਸੀ ! ਗੱਲ ਸੁਣ ਮੈਂ ਕੀਤੀ ਸੀ ਗੱਲ ਉਸ ਹਰਜੋਤ ਨਾਮ ਦੇ ਮੁੰਡੇ ਨਾਲ।

ਬਾਣੀ :– ਮਰਜਾ ਆਜਾ ਆਨਲਾਈਨ..! ਕਿੱਥੇ ਗਈ ਆ ਅੱਜ।

ਬਾਣੀ :– ਬੇ ਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ,ਜੱਸੀ ਨੂੰ ਸਭ ਗੱਲਾਂ ਦੱਸਣ ਲਈ।

ਜੱਸੀ :– ਕੀ ਹੋਇਆ ..? ਇਹੋ ਜਿਹੀ ਵੀ ਕੀ ਗੱਲ ਹੈ, ਕਿ ਤੂੰ ਐਨੀ ਬੇਸਬਰੀ ਨਾਲ ਮੇਰਾ ਇੰਤਜ਼ਾਰ ਕਰ ਰਹੀ ਹੈ ?

ਬਾਣੀ :– ਹਾਂ ! ਗੱਲ ਹੀ ਕੁਝ ਇਹੋ ਜਿਹੀ ਹੈ। ਮੇਰੇ ਤੇ ਢਿੱਡ ਅੰਦਰ ਗੱਲ ਠਹਿਰ ਈ ਨੀ ਰਹੀ ਸੀ। ਤੈਨੂੰ ਵੀ ਪਤਾ ਐ ਜਦੋਂ ਤਕ ਮੈਂ ਤੈਨੂੰ ਸਾਰੀ ਗੱਲ ਦੱਸ ਨਾ ਦਿਆ ਤਾਂ ਮੇਰੇ ਢਿੱਡ ਵਿੱਚ ਗੋਲੇ ਘੁੰਮਦੇ ਫਿਰਦੇ ਰਹਿੰਦੇ ਆ।

ਜੱਸੀ :– ਹਮਮਮ ! ਪਤਾ ਆ। ਚੱਲ ਹੁਣ ਦੱਸ ਵੀ ਗੱਲ ਕੀ ਹੋਈ,ਜਲਦੀ ਦੱਸ ਤੇ ਆਪਣੇ ਢਿੱਡ ਨੂੰ ਅਰਾਮ ਦੇ,ਇਸ ਤੋਂ ਪਹਿਲਾਂ ਗੋਲੇ ਘੁੰਮਦੇ ਫਿਰਦੇ ਤੇਰੇ ਦਿਮਾਗ ਤੇ ਅਸਰ ਕਰਨ।

ਬਾਣੀ :– ਅੱਛਾ ਮਜ਼ਾਕ ਕਰ ਰਹੀ ਆ ਤੂੰ ਮੈਨੂੰ..? ਚੱਲ ਕਰਲਾ ਕੋਈ ਨਾ।

ਜੱਸੀ :– ਹਾਹਾਹਾ ! ਨਹੀਂ ਨਹੀਂ ਬੁੱਗੀ ਮਜ਼ਾਕ ਨਹੀਂ ਕਰਦੀ । ਚੱਲ ਗੱਲ ਦੱਸ ਵੀ ਹੁਣ।

ਬਾਣੀ :– ਮੈਂ ਮੈਸੇਜ ਕੀਤੇ ਸੀ ਹਰਜੋਤ ਬਰਾੜ ਨੂੰ ਅੱਜ ।

ਜੱਸੀ :– ਓਕੇ । ਫਿਰ ...?

ਬਾਣੀ :– ਪਹਿਲਾਂ ਤਾਂ ਆਕੜ ਜਿਹੀ ਕਰਦਾ ਸੀ, ਫਿਰ ਆ ਗਿਆ ਸੀ ਲਾਇਨ ਤੇ।

ਜੱਸੀ :– ਅੱਛਾ ਜੀ ! ਤੂੰ ਇਹੋ ਜਿਹਾ ਵੀ ਕੀ ਕਹਿ ਦਿੱਤਾ , ਕੇ ਜਿਹੜਾ ਲਾਇਨ ਤੇ ਆ ਗਿਆ ਉਹ ਐਨੀ ਜਲਦੀ ...?

ਬਾਣੀ :– ਲੈ ਤੂੰ ਵੀ ਜਾਣਦੀ ਆ ਮੈਨੂੰ , ਮੈਂ ਤਾਂ ਬਸ ਮਿੰਟ ਲਾਉਂਦੀ ਹੁੰਦੀ ਆ ਅੱਗੇ ਵਾਲੇ ਦੇ ਮੂੰਹੋਂ ਸੱਚ ਕਢਵਾਉਣ ਲਈ ।

ਜੱਸੀ :– ਆਪਣੀ ਤਾਰੀਫ ਆਪੇ ਕਰਨੀ ਕਦੋਂ ਬੰਦ ਕਰੇਗੀ । ਚੱਲ ਜਲਦੀ ਗੱਲ ਖਤਮ ਕਰ ਮੈਨੂੰ ਹੋਰ ਕੰਮ ਵੀ ਬੜੇ ਆ।

ਬਾਣੀ :– ਮੈਂ ਹਰਜੋਤ ਨੂੰ ਪੁੱਛਿਆ ਕਿ ਤੂੰ ਮੇਰੀ ਸਹੇਲੀ ਨੂੰ ਐਦਾਂ ਕਿੱਦਾਂ ਬੋਲਿਆ , ਦਫ਼ਾ ਹੋ ਜਾ ਕਿਉਂ ਕਿਹਾ।

ਜੱਸੀ :– ਹਮਮ ਫਿਰ ...?

ਬਾਣੀ :– ਅੱਗੋਂ ਕਹਿੰਦਾ  ਆਕੜ ਕਰਦੀ ਸੀ ਤੇਰੀ ਸਹੇਲੀ, ਜਵਾਬ ਨਹੀਂ ਦਿੰਦੀ ਸੀ ਇਸ ਲਈ ਮੈਂ ਇਦਾਂ ਕਿਹਾ,ਤਾਹੀਂ ਬਲੌਕ ਵੀ ਕੀਤੀ।

ਜੱਸੀ :– ਅੱਛਾ ਜੀ ! ਫਿਰ ਕੀ ਹੋਇਆ, ਮੈਨੂੰ ਕੀ ਫਰਕ ਪਿਆ ਜੇ ਉਹਨੇ ਬਲੌਕ ਵੀ ਕਰ ਦਿੱਤਾ।

ਬਾਣੀ :– ਤੈਨੂੰ ਤਾਂ ਨਹੀਂ ਪਿਆ ਫਰਕ ,ਪਰ ਉਹਨੂੰ  ਬਹੁਤ ਫਰਕ ਪਿਆ ਆ..!

ਜੱਸੀ :– ਮਤਲਵ ...? ਮੈਂ ਸਮਝੀਂ ਨਹੀਂ ਕੁਝ ।

ਬਾਣੀ :– ਹਰਜੋਤ ਤੈਨੂੰ ਲਾਇਕ ਕਰਦਾ ਆ,ਇਸ ਲਈ ਤੈਨੂੰ ਐਨੇ ਮੈਸੇਜ ਕਰਦਾ ਸੀ, ਤੂੰ ਕੁਝ ਬੋਲਦੀ ਨਹੀਂ ਸੀ, ਉਸਨੂੰ ਲਗਦਾ ਸੀ ਕਿ ਤੂੰ ਨਜ਼ਰ ਅੰਦਾਜ਼ ਕਰ ਰਹੀ ਹੈ ਉਸਨੂੰ। ਇਸ ਲਈ ਤੈਨੂੰ ਦਫ਼ਾ ਹੋਜਾ ਕਹਿ ਦਿੱਤਾ , ਤੇ ਤੈਨੂੰ ਬਲੌਕ ਕਰ ਦਿੱਤਾ।

ਜੱਸੀ :– ਹੋਰ ਕੁਝ ..? ਜੇ ਕੁਝ ਰਹਿ ਗਿਆ ਹੋਵੇ ਦੱਸਣ ਨੂੰ..?

ਬਾਣੀ :– ਲੈ ਤੈਨੂੰ ਕੀ ਲਗਦਾ ਮੈਂ ਆਪਣੇ ਕੋਲੋਂ ਬਣਾ ਕੇ ਦੱਸ ਰਹੀ ਆ।

ਜੱਸੀ :– ਕੀ ਪਤਾ !

ਬਾਣੀ :– ਉਏ ਤੂੰ ਪਾਗ਼ਲ ਆ ,ਵੀ ਮੈਂ ਤੇਰੇ ਨਾਲ ਮਜ਼ਾਕ ਕਿਉਂ ਕਰਾਂਗੀ। ਤੈਨੂੰ ਕੋਲੋਂ ਬਣਾ ਬਣਾ ਕੇ ਗੱਲਾਂ ਕਿਉਂ ਦੱਸਾਂਗੀ।

ਜੱਸੀ :– ਚੱਲ ਠੀਕ ਆ ਸੱਚ ਬੋਲਦੀ ਹੋਵੇਗੀ ਤੂੰ। ਫਿਰ ਵੀ ਮੈਂ ਕੀ ਲੈਣਾ ਉਸ ਕੋਲੋਂ। ਮੈਨੂੰ ਕੋਈ ਮਤਲਬ ਨਹੀਂ ਕਿ ਉਹ ਕੀ ਸੋਚਦਾ। ਨਾਲੇ ਜਾਣ ਨਾ ਪਹਿਚਾਣ,

ਆਇਆ ਪਸੰਦ ਕਰਨ ਵਾਲਾ । ਉਸਨੂੰ ਪੁੱਛ ਕਿ ਜਾਣਦਾ ਮੈਨੂੰ ....?

ਬਾਣੀ :– ਜਾਨਣਾ ਹੀ ਤਾਂ ਚਾਹੁੰਦਾ ਤੈਨੂੰ ਉਹੋ।ਇਸ ਲਈ ਹੀ ਤੈਨੂੰ ਐਨੇ ਮੈਸੇਜ ਕਰਦਾ ਸੀ। ਪਰ ਤੂੰ ਜਵਾਬ ਨਹੀਂ ਦਿੱਤਾ।

ਜੱਸੀ :– ਓਏ ਮੈਂ ਕੁਝ ਨਹੀਂ ਲੈਣਾ ਉਹਦੇ ਕੋਲੋ,ਨਾ ਮੈਨੂੰ ਕੋਈ ਸ਼ੌਂਕ ਆ ਜਾਨਣੇ ਦਾ ਕੇ ਉਹ ਕੀ ਸੋਚਦਾ ਆ ਕੀ ਨਹੀਂ।

ਬਾਣੀ :– ਓਕੇ। ਤੇਰੀ ਮਰਜ਼ੀ ।

ਜੱਸੀ :– ਹਮਮਮ । ਮੇਰੀ ਮਰਜ਼ੀ। ਨਾਲੇ ਉਹਨੂੰ ਬੋਲਣੇ ਦਾ ਵੀ ਨਹੀਂ ਪਤਾ ਕਿ ਕਿਵੇਂ ਬੋਲੀ ਦਾ ਕਿਸੇ ਨੂੰ।

ਬਾਣੀ :– ਯਾਰ ਉਹ ਗੁੱਸੇ ਵਿੱਚ ਬੋਲਿਆ ਸਭ ਕੁਝ।

ਜੱਸੀ :– ਦੇਖ ਬਾਣੀ ਜਿਹੜੀ ਗੱਲ ਮਰਜ਼ੀ ਹੋਈ ਹੋਵੇ ਐਦਾਂ ਨਹੀਂ ਬੋਲਦਾ ਕੋਈ ਕਿਸੇ ਨੂੰ ਵੀ ,ਖਾਸ ਕਰ ਉਦੋਂ ਜਦੋਂ ਅਗਲਾ ਤੁਹਾਨੂੰ ਜਾਣਦਾ ਵੀ ਨਾ ਹੋਵੇ।

ਬਾਣੀ :– ਓਕੇ ਜੀ।

✪✪✪✪✪✪✪

# ਭਾਗ – 4

ਜੱਸੀ :– ਹਾਂਜੀ ਤੇ ਹੁਣ ਤੂੰ ਉਸ ਨਵਾਬਜਾਦੇ ਨਾਲ ਕੋਈ ਗੱਲ ਨਹੀਂ ਕਰਨੀ ਠੀਕ ਆ ,ਬਲੌਕ ਕਰਕੇ ਪਰੇ ਮਾਰ,ਨਾ ਮੈਂ ਕੁਝ ਲੈਣਾ ਉਸ ਕੋਲੋਂ ਨਾ ਤੂੰ। ਸਮਝ ਗਈ।

ਬਾਣੀ :– ਠੀਕ ਆ ਮੇਰੀ ਮਾਂ...!

ਇਕ, ਦੋ ਦਿਨ ਨਿਕਲਣ ਤੋਂ ਬਾਅਦ ਹਰਜੋਤ ਨੇ ਫਿਰ ਬਾਣੀ ਨੂੰ ਮੈਸੇਜ ਕਰਨੇ ਸ਼ੁਰੂ ਕਰ ਦਿੱਤੇ, ਗੱਲੀਂ ਬਾਤੀਂ ਉਹ ਜਾਨਣਾ ਚਾਹੁੰਦਾ ਸੀ ਕਿ ਜੱਸੀ ਕਿੱਦਾਂ ਦੀ ਕੁੜੀ ਹੈ, ਹੁਣ ਹਰਜੋਤ ਨੂੰ ਸਮਝ ਆ ਗਈ ਸੀ ਕਿ ਬਾਣੀ ਨਾਲੋਂ ਵਧੀਆ ਕੋਈ ਰਾਹ ਨਹੀਂ ਜੱਸੀ ਤੱਕ ਪਹੁੰਚਣ ਲਈ। ਹੁਣ ਬਾਣੀ ਦੀਆਂ ਤਰੀਫਾਂ ਕਰਨੀਆਂ ਤਾਂ ਲਾਜ਼ਮੀ ਸੀ।

ਹਰਜੋਤ :–  ਹੈਲੋ ਮੋਟੋ ...!

ਬਾਣੀ :– ਗੁਸੇ ਵਾਲੇ ਮੂੰਹ ਭੇਜਦੀ ....ਕੋਣ ਮੋਟੋ ...?

ਹਰਜੋਤ :– ਹਾਹਾਹਾਹਾਹਾ .... ਤੂੰ ਮੋਟੋ ਹੋਰ ਕੋਣ ।

ਬਾਣੀ :– ਅੱਛਾ ! ਕਿਹਨੇ ਕਿਹਾ ਮੈਂ ਮੋਟੋ ਆ ...?

ਹਰਜੋਤ :– ਪਤਾ ਆ ਬਸ ।

ਬਾਣੀ :– ਕਿਹਨੇ ਕਿਹਾ ਦੱਸੋ ਵੀ ...?

ਹਰਜੋਤ :–  ਕਿਹਾ ਕਿਸੇ ਨੇ ਬਸ ,ਇਹ ਵੀ ਪਤਾ ਆ ਕਿ ਤੂੰ ਕਿਊਟ ਬਹੁਤ ਆ, ਮੋਟੀਏ।

ਬਾਣੀ :– ਹਾਅਅਅਅਅ....! ਕਿਹਨੇ ਕਿਹਾ ਦੱਸੋ ਵੀ। ਮੈਂ ਆਖਰੀ ਵਾਰ ਪੁੱਛਣਾ ।

ਹਰਜੋਤ  :– ਚੱਲ  ਤੂੰ ਫੋਟੋ ਭੇਜ ਆਪਣੀ, ਮੈਂ ਦੇਖਾਂ ਸੱਚੀ ਦੱਸਣ ਵਾਲਾ ਸੱਚ ਬੋਲਦਾ ਸੀ ਕਿ ਐਵੇਂ ਤੇਰੀ ਤਾਰੀਫ ਕਰ ਗਿਆ ਝੂਠੀ ਹੀ।

ਬਾਣੀ :– ਨਾ ਮੈਂ ਤਾਂ ਨੀ ਭੇਜਦੀ ।

ਹਰਜੋਤ :– ਅੱਛਾ ਮਤਲਵ ਤੂੰ ਹੈ ਨਹੀਂ ਕਿਊਟ ,ਉਦਾਂ ਹੀ ਝੂਠ ਬੋਲ ਗਿਆ ਲਗਦਾ ਮੈਨੂੰ ਹੀ ਪਾਗ਼ਲ ਬਣਾ ਗਿਆ ਉਹ, ਤੂੰ ਤਾਂ ਬਾਂਦਰੀ ਵਰਗੀ ਆ ਹਟਾ । ਹਮਮਮ ਲੱਗ ਗਿਆ ਪਤਾ।

ਬਾਣੀ  :–  ਚਲੋ ਪਹਿਲਾਂ ਦੱਸੋ ਕੋਣ ਕਹਿੰਦਾ ਸੀ ਫਿਰ ਮੈਂ ਫੋਟੋ ਭੇਜ ਦਵਾਂਗੀ।

ਹਰਜੋਤ :– ਨਹੀਂ ਤੂੰ ਰਹਿਣ ਦੇ । ਮੈਂਨੂੰ ਨਹੀਂ ਚਾਹੀਦੀ ਫੋਟੋ। ਤੂੰ ਜਮਾਂ ਨੀ ਸੋਹਣੀ ਬਸ।

ਬਾਣੀ :– ਅੱਛਾ ਜੇ ਮੈਂ ਦਿਖਾ ਦਵਾ ਫੋਟੋ,ਫਿਰ ਹੋ ਜਾਵੇਗਾ ਯਕੀਨ ਕਿ ਮੈਂ ਬਹੁਤ ਸੋਹਣੀ ਆ...?

ਹਰਜੋਤ :– ਹਾਂ ! ਹੋ ਜਾਵੇਗਾ ਯਕੀਨ ।

ਬਾਣੀ :– ( ਆਪਣੀ ਫੋਟੋ ਭੇਜਦੀ ਹੋਈ) ਆ ਲਉ !  ਦੇਖੋ।

ਹਰਜੋਤ :–ਵਾਹ ਕਿਆ ਬਾਤ ਹੈ ਤੂੰ ਤਾਂ ਸੱਚੀ ਬਹੁਤ ਕਿਊਟ ਆ ਸੋਹਣੀ ਆ ,ਪਰ ਹੈ ਤਾਂ ਮੋਟੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੀ ਤੂੰ।

ਬਾਣੀ  :– ਅੱਛਾ  ਜੀ । ਸ਼ੁਕਰੀਆ ਜੀ।

ਹਰਜੋਤ :– ਪਰ ਗੁੱਸਾ ਨਾ ਕਰੀਂ ਜੱਸੀ ਤੇਰੇ ਨਾਲੋਂ ਜ਼ਿਆਦਾ ਸੋਹਣੀ ਹੋਣੀ ਪੱਕਾ ।

ਬਾਣੀ :– ਨਹੀਂ ਜੀ । ਮੈਂ ਸੋਹਣੀ ਆ,ਉਹ ਸਾਂਵਲੀ ਜਿਹੀ ਆ। ਐਨੀ ਗੋਰੀ ਨਹੀਂ ਆ।

ਹਰਜੋਤ :– ਨਾ ਮੈਂ ਨਹੀਂ ਮੰਨਦਾ ,ਮੇਰਾ ਦਿਲ ਨਹੀਂ ਮੰਨਦਾ।

ਬਾਣੀ :– ਨਾ ਮੰਨੋ । ਸੱਚ ਤਾਂ ਸੱਚ ਹੀ ਆ।

ਹਰਜੋਤ :– ਮੈਂ ਕਿਵੇਂ ਯਕੀਨ ਕਰਾਂ ...! ਕੋਈ ਸਬੂਤ ਹੈ ਤੇਰੇ ਕੋਲ ਕਿ ਤੂੰ ਜ਼ਿਆਦਾ ਸੋਹਣੀ ਏ ਤੇ ਉਹ ਨਹੀਂ ਐਨੀ ਸੋਹਣੀ....?

ਬਾਣੀ :– ( ਜੱਸੀ ਦੀ ਫੋਟੋ ਭੇਜਦੀ) ਆਹ ਦੇਖੋ ਹੁਣ ਦੱਸੋ ਕੋਣ ਜ਼ਿਆਦਾ ਸੋਹਣੀ ਆ.. .?

ਹਰਜੋਤ :–( ਮੂੰਹ ਤੇ ਮੁਸਕਾਨ ) ਹਾਂ ਤੂੰ ਹੀ  ਸੋਹਣੀ ਆ ਮੋਟੋ ਇਹ ਤਾਂ ਸੱਚੀ ਕਾਲੋ ਜਿਹੀ ਆ, ਤੂੰ ਗੋਰੀ ਕਿੰਨੀ ਆ,ਇਹ ਤਾਂ ਮੈਨੂੰ ਲਗਦਾ ਸਾਹ ਵੀ ਪਤਾ ਨਹੀਂ ਕਿਵੇਂ ਲੈਂਦੀ ਹੋਣੀ ਢਾਈ ਸਾਹ ਆ ਇਹਦੇ ਵਿਚ।

ਬਾਣੀ :– ਬਸ ਲੱਗ ਗਿਆ ਪਤਾ ?

ਹਰਜੋਤ :– ਹਾਂਜੀ ਮੈਡਮ ਜੀ । ਹੁਣ ਤੇਰੀ ਸਹੇਲੀ ਨੂੰ ਕਰ ਦਵਾਂ ਅਨਬਲੌਕ ...?

ਬਾਣੀ :– ਕਿਉਂ ...? ਹੁਣ ਕਿਉਂ..?

ਹਰਜੋਤ  :– ਬਸ ਹੁਣ ਐਨੇ ਦਿਨ ਥੋੜੀ ਗੁੱਸਾ ਰੱਖਣਾ...! ਦੇਖਾਂ ਆਕੜ ਕਿੰਨੀ ਕੇ ਬਾਕੀ ਆ ਅਜੇ।

ਬਾਣੀ :– ਓਕੇ ! ਪਰ ਫੋਟੋ ਵਾਲੀ ਗੱਲ ਆਪਣੇ ਦੋਵਾਂ ਵਿੱਚ ਹੀ ਰਹੇ। ਨਹੀਂ ਮੇਰੇ ਨਾਲ ਗੁੱਸੇ ਹੋਵੇਗੀ।

ਹਰਜੋਤ :– ਓਕੇ ਮੋਟੋ ,ਨਹੀਂ ਦੱਸਦਾ ।

ਬਾਣੀ :– ਹਮਮਮ ਓਕੇ । ਉਹਨੇ ਤਾਂ ਮਨਾਂ ਕੀਤਾ ਸੀ ਕਿ ਗੱਲ ਨਾ ਕਰਾਂ ਤੁਹਾਡੇ ਨਾਲ ,ਨਾਲੇ ਕਹਿੰਦੀ ਸੀ ਬਲੌਕ ਕਰ ਦੇ ਆਪਾਂ ਕੀ ਲੈਣਾ ਉਹਦੇ ਕੋਲੋਂ।

ਹਰਜੋਤ :– ਓਹਹਹ... ਅੱਛਾ ਜੀ । ਐਨੀ ਆਕੜ । ਕੋਈ ਨਾ ,ਕਰਦਾ ਆ ਲੋਟ ਇਹਨੂੰ ਰੁੱਕ ਜ਼ਰਾ।

ਬਾਣੀ :– ਓਕੇ।

ਹਰਜੋਤ ਮਨੋਂ ਮਨੀ ਖੁਸ਼ ਬਹੁਤ ਸੀ ਕਿਉਂਕਿ ਉਹਨੇ ਆਪਣਾ ਦਿਮਾਗ ਚਲਾ ਕੇ ਬਾਣੀ ਕੋਲੋਂ ਜੱਸੀ ਦੀ ਫੋਟੋ ਦੇਖ ਲਈ ਸੀ ,ਤੇ ਉਹ ਬਹੁਤ ਖੁਸ਼ ਸੀ ਦੇਖ ਕੇ ਕੀ ਕੁੜੀ ਸਾਊ

ਜਿਹੀ ਲਗਦੀ ਸੀ। ਜੋ ਕਿ ਹੈ ਵੀ ਕੁਝ ਸਧਾਰਨ ਜਿਹੀ ਸੀ । ਫੇਸਬੁੱਕ ਜ਼ਰੂਰ ਚਲਾਉਂਦੀ ਸੀ ਪਰ ਚਰਿੱਤਰ ਦੀ ਬਹੁਤ ਸਾਫ ਸੁਥਰੀ ਸੀ। ਹੋਰਾਂ ਕੁੜੀਆਂ ਵਰਗੀ ਜਮਾਂ ਵੀ ਨਹੀਂ ਸੀ। ਨਾ ਹੀ ਕਿਸੇ ਤੇ ਜਲਦੀ ਯਕੀਨ ਕਰਦੀ ਸੀ।

ਹਰਜੋਤ :– ਹੈਲੋ ਮਿਸ ਅਕੜੂ..! ਕਿਵੇਂ ਹੋ ਤੁਸੀ ..?

ਜੱਸੀ :– ( ਬਹੁਤ ਗੁੱਸੇ ਵਿੱਚ ) ਮੈਸੇਜ ਕਿਉਂ ਕੀਤਾ ..?

ਹਰਜੋਤ :– ਤੂੰ ਤਾਂ ਆਪ ਕਰ ਨਹੀਂ ਸਕਦੀ ਸੀ ਨਾ ਇਸ ਲਈ ਕੀਤਾ ।

ਜੱਸੀ :– ਵਾਹ ! ਕਿਆ ਬਾਤ ਹੈ, ਕਿਸ ਨੇ ਕਿਹਾ ਸੀ ਅਨਬਲੌਂਕ ਕਰਨ ਲਈ ..?

ਹਰਜੋਤ :– ਮੇਰੇ ਦਿਲ ਨੇ।

ਜੱਸੀ :– ਅੱਛਾ ਜੀ ! ਹੁਣ ਕੀ ਲੈਣਾ ਜੋ ਅਨਬਲੌਂਕ ਕਰਕੇ ਮੈਸੇਜ ਕਰਨ ਆ ਗਏ ਹੋ। ਪਹਿਲਾਂ ਤਾਂ ਬੜੀ ਜਲਦੀ ਕਿਹਾ ਸੀ ਦਫ਼ਾ ਹੋ ਕਿਤੇ ਜਾ ਕੇ..?

ਹਰਜੋਤ :– ਸੌਰੀ ,ਉਹ ਤਾਂ ਬਸ ਉਸ ਦਿਨ ਗੁੱਸੇ ਵਿਚ ਬੋਲ ਹੋ ਗਿਆ ਯਾਰ ਮਾਫ ਕਰਦੇ ।

ਜੱਸੀ :– ਕੋਈ ਮਾਫੀ ਨਹੀਂ ਆ ਮੇਰੇ ਕੋਲ,ਤੁਸੀਂ ਕਿਹਾ ਸੀ ਕਿ ਦਫ਼ਾ ਹੋ ਜਾ ਕੇ ਕਿਤੇ। ਮੈਂ ਹੋ ਗਈ ਸੀ ਦਫ਼ਾ ਤੇ ਹੁਣ ਮੈਂ ਦਫ਼ਾ ਹੀ ਠੀਕ ਆ । ਜਾਓ ਬਾਏ ।

✪✪✪✪✪✪✪

# ਭਾਗ –5

ਹਰਜੋਤ :– ਯਾਰ ਸੌਰੀ ਬੋਲ ਤਾਂ ਰਿਹਾ ਹਾਂ,ਚੱਲ ਕੰਨਾਂ ਨੂੰ ਵੀ ਹੱਥ ਲਾਉਂਦਾ ਆ,ਹੋਰ ਦੱਸ ਕਿਦਾਂ ਮਾਫ਼ ਕਰੇਗੀ..? ਉਦਾਂ ਮਾਫੀ ਮੰਗ ਲੈਂਦਾ ਹਾਂ ਤੇਰੇ ਤੋਂ।

ਜੱਸੀ :– ਬਸ ਕਰੋ, ਤੇ ਆਪਣੇ ਆਪ ਨਾਲ ਮਤਲਵ ਰੱਖੋ।

ਹਰਜੋਤ :– ਕੀ ਕਰਾਂ ਮਤਲਵ ਆਪਣੇ ਆਪ ਨਾਲ ਰਹਿੰਦਾ ਹੀ ਨਹੀਂ, ਤੇਰੇ ਨਾਲ ਜਾ ਜੁੜਦਾ,ਮੇਰਾ ਖਿਆਲ ਵੀ,ਮੇਰਾ ਮਤਲਬ, ਜਜ਼ਬਾਤ ਵੀ।

ਜੱਸੀ :– ਬਸ ਕਰੋ ਆਪਣੀ ਬਕਵਾਸ।

ਹਰਜੋਤ :– ਹੁਣ ਤੂੰ ਫਿਰ ਜਾਣਬੁੱਝ ਕੇ ਗੁੱਸਾ ਦਵਾ ਰਹੀ ਆ,ਕਿ ਫਿਰ ਗੁੱਸੇ ਵਿਚ ਆ ਕੇ ਕੁਝ ਇਦਾਂ ਦਾ ਬੋਲ ਕੇ ਬਲੌਂਕ ਕਰ ਦਵਾਂ।

ਜੱਸੀ :– ਕਰਦੋ ਮੈਨੂੰ ਕੀ ਫਰਕ ਪੈਣਾ ਤੁਹਾਡੇ ਬਲੌਂਕ ਕਰਨ ਨਾਲ। ਨਾ ਪਹਿਲਾਂ ਫਰਕ ਪਿਆ ਨਾ ਹੁਣ ਪਵੇਗਾ ਕੋਈ ਫਰਕ।

ਹਰਜੋਤ :–ਪਰ ਮੈਨੂੰ ਫਰਕ ਪੈਂਦਾ । ਤਾਹੀਂ ਤਾਂ ਅਨਬਲੌਂਕ ਕਰ ਦਿੱਤੀ।

ਜੱਸੀ :– ਅੱਛਾ ਜੀ। ਫਿਰ ਪਈ ਜਾਵੇ ਮੈਂ  ਕੀ ਕਰ ਸਕਦੀ ਆ।

ਹਰਜੋਤ :– ਇੰਨੀ ਜ਼ਿਆਦਾ ਆਕੜ ਚੰਗੀ ਨਹੀਂ ਹੁੰਦੀ। ਤੇਰੇ ਨਾਲੋ ਤਾਂ ਚੰਗੀ ਤੇਰੀ ਸਹੇਲੀ ਆ ਬਾਣੀ। ਆਕੜਾਂ ਤਾਂ ਨੀ ਕਰਦੀ।

ਜੱਸੀ :– ਅੱਛਾ । ਫਿਰ ਉਹਦੇ ਨਾਲ ਹੀ ਕਰਲੋ ਗੱਲਾਂ ਇੱਧਰ ਕਿਉਂ ਆਕੜ ਭਰੇ ਲੋਕਾਂ ਨਾਲ ਟਾਇਮ ਖਰਾਬ ਕਰਨ ਲੱਗੇ ਹੋ।

ਹਰਜੋਤ :– ਆਹੋ ਕਰ ਲਵਾਂਗਾ ਤੈਨੂੰ ਦੱਸਣ ਦੀ ਲੋੜ ਨਹੀਂ।

ਜੱਸੀ :– ਹਮਮ ਕਰੋ ਕੋਈ ਰੋਕਦਾ । ਬਾਏ

ਬਾਏ ਬੋਲ ਕੇ ਜੱਸੀ ਔਫਲਾਈਨ ਹੋ ਗਈ। ਤੇ ਹਰਜੋਤ ਨੂੰ ਫਿਰ ਜੱਸੀ ਤੇ ਗੁੱਸਾ ਆਉਣ਼ ਲੱਗਾ ਤੇ ਗੁੱਸੇ ਵਿਚ ਬਾਣੀ ਨੂੰ ਮੈਸੇਜ ਕਰਨ ਲੱਗ ਪਿਆ।

ਹਰਜੋਤ :– ਹੈਲੋ ਮੋਟੋ ! ਤੇਰੀ ਸਹੇਲੀ ਵਿਚ ਬਹੁਤ ਆਕੜ ਆ, ਉਹਨੂੰ ਸਮਝ ਹੀ ਨੀ ਆਉਂਦੀ ਪਿਆਰ ਦੀ ਭਾਸ਼ਾ ।

ਬਾਣੀ :– ਹਾਹਾਹਾਹਾ .... ਇਦਾਂ ਦੀ ਹੀ ਆ ਉਹ, ਕੀ ਬੋਲੀ ਹੁਣ...?

ਹਰਜੋਤ :– ਸਵਾਹ ਬੋਲਣਾ ਸੀ ਉਹਨੇ, ਕਹਿੰਦੀ ਮੈਨੂੰ ਫਰਕ ਨਹੀਂ ਪੈਂਦਾ ਬਲੌਕ ਕਰੋ ਜਾਂ ਨਾ, ਪਹਿਲਾਂ ਵੀ ਫਰਕ ਨਹੀਂ ਪਿਆ ਹੁਣ ਵੀ ਨੀ ਪਵੇਗਾ।

ਬਾਣੀ :– ਤੇ ਫਿਰ ਤੁਸੀਂ ਕੀ ਲੈਣਾ ਉਸ ਕੋਲੋਂ,ਕਰਦੋ ਬਲੌਕ।

ਹਰਜੋਤ :– ਨਹੀਂ ਕਰਨੀ ਬਲੌਕ ,ਮਿਸ ਯੂ,ਮਿਸ ਯੂ ਕਰਨ ਨਾ ਲਾ ਦਿੱਤੀ ਮੈਂ ਵੀ ਜੱਟ ਦਾ ਪੁੱਤ ਨੀ। ਇਹਦੀ ਆਕੜ ਹੁਣ ਮੈਂ ਹੀ ਭੰਨੂ।

ਬਾਣੀ :– ਹਾਹਾਹਾਹਾ ...ਕਿਉਂ ਟਾਇਮ ਖਰਾਬ ਕਰਨਾ ,ਹੋਰ ਕੁੜੀਆਂ ਮੁੱਕ ਗਈਆਂ ਦੁਨੀਆਂ ਤੇ..?

ਹਰਜੋਤ :– ਨਹੀਂ ਕੁੜੀਆਂ ਤਾਂ ਬਹੁਤ ਨੇ,ਪਰ ਮੈਨੂੰ ਹੁਣ ਇਹੀ ਚਾਹੀਦੀ ਆ ਗੱਲ ਖਤਮ।

ਬਾਣੀ :– ਅੱਛਾ ਜੀ । ਗਰਾਰੀ ਅੜ ਗਈ ਇੱਥੇ।

ਹਰਜੋਤ :– ਹਾਂ ! ਹੁਣ ਗਰਾਰੀ ਅੜੀ ਐ ਬਸ,ਜਿੱਦ ਆ ਹੁਣ ਬਸ ਇਹਦੇ ਵਰਗੀ ਵੀ ਨਹੀਂ ਚਾਹੀਦੀ ਨਾ ਕੋਈ ਹੋਰ,ਬਸ ਇਹੀ ਆਉ ਜ਼ਿੰਦਗੀ ਵਿਚ।

ਬਾਣੀ :– ਅੱਛਾ ਜੀ ! ਹੁਣ ਐਲਾਨ ਕਰ ਦਿੱਤਾ ।

ਹਰਜੋਤ :– ਹੁਣ ਤੂੰ ਹੀ ਫੋਨ ਨੰਬਰ ਲੈ ਕੇ ਦੇ ਉਹਦਾ। ਤੈਨੂੰ ਹੀ ਵਿਚੋਲਣ ਰੱਖਣਾ ਮੋਟੀਏ।

ਬਾਣੀ :– ਮੈਂ ਨਹੀਂ ਬਣਦੀ ਵਿਚੋਲਣ,ਨੰਬਰ ਦੇ ਕੇ ਮੈਂ ਆਪਣੀ ਦੋਸਤੀ ਤੋੜਨੀ ਭਲਾ,

ਤੁਹਾਡੇ ਚੱਕਰ ਵਿਚ ਮੈਂ ਆਪਣੀ ਦੋਸਤ ਨਹੀਂ ਖੋਹਣੀ। ਮਸਾਂ ਤਾਂ ਮਿਲੀ ਕੋਈ ਵਧੀਆ ਸਹੇਲੀ, ਆਪਣੇ ਸਿਰ ਖੁਦ ਕਰੋ ਜੋ ਕਰਨਾ। ਮੈਨੂੰ ਨਾ ਵਿਚ ਲੈ ਕੇ ਆਓ।

ਹਰਜੋਤ :– ਅੱਛਾ ਜੀ, ਤੈਨੂੰ ਕਿਉਂ ਨਾ ਲੈ ਕੇ ਆਵਾਂ ਵਿੱਚ, ਤੂੰ ਨਹੀਂ ਚਾਹੁੰਦੀ ਕਿ ਤੇਰੀ ਸਹੇਲੀ ਨੂੰ ਵਧੀਆ ਮੁੰਡਾ ਮਿਲੇ। ਨਸ਼ੇ ਪੱਤੇ ਤੋਂ ਰਹਿਤ।

ਬਾਣੀ :– ਨਾ ਮੈਂ ਨਹੀਂ ਚਾਹੁੰਦੀ, ਸਾਨੂੰ ਕੀ ਪਤਾ ਚੰਗੇ ਹੈ ਵੀ ਕਿ ਨਹੀਂ, ਨਸ਼ੇ ਪੱਤੇ ਤੋਂ ਰਹਿਤ ਵੀ ਹੋ ਕੇ ਨਹੀ, ਬਾਅਦ ਵਿੱਚ ਪਤਾ ਲੱਗੇ ਨਸ਼ੇੜੀਆਂ ਦਾ ਠੇਕੇਦਾਰ ਹੋਵੇ।

ਹਰਜੋਤ :– ਬੱਲੇ ਤੇਰੇ ਮੋਟੀਏ,ਹੁਣ ਤੂੰ ਵੀ ਆਪਣੀ ਸਹੇਲੀ ਵਾਂਗਰ ਆਪਣਾ ਬਣਦਾ ਮਾਣ ਤਾਣ ਕਰਵਾਏਗੀ ਮੇਰੇ ਕੋਲੋਂ।

ਬਾਣੀ :– ਹਾਹਾਹਾਹਾ ,ਨਹੀਂ ਮੈਂ ਬਦਲੇ ਵਿੱਚ ਬਣਦਾ ਸਰਦਾ ਮਾਣ ਤਾਣ ਕਰ ਵੀ ਦਿੰਦੀ ਹੁੰਦੀ ਆ, ਮੈਂ ਕੋਈ ਭੋਲੀ ਜਿਹੀ ਨੀ,ਕਿ ਕੋਈ ਸੁਣਾ ਗਿਆ ਤਾਂ ਚੁੱਪ ਰਹਿਣਾ।

ਹਰਜੋਤ :– ਠੀਕ ਆ,ਪਤਾ ਆ ਮੈਨੂੰ ਕਿ ਤੂੰ ਬਾਹਲ਼ੀ ਤੇਜ ਆ, ਚੱਲ ਫੋਨ ਨੰਬਰ ਤਾਂ ਦੇਂਦੇ ਹੁਣ ਉਹਦਾ , ਮੈਸੇਜ ਤੇ ਗੱਲ ਸਮਝ ਨਹੀਂ ਆਉਂਦੀ ਉਹਨੂੰ,ਕਾਲ ਕਰਦਾ ਫਿਰ ਦੱਸਦਾਂ ਸਾਰੀ ਗੱਲ।

ਬਾਣੀ :– ਮੈਂ ਨਹੀਂ ਦਿੰਦੀ ਫੋਨ ਨੰਬਰ।

ਹਰਜੋਤ :– ਜਿੰਨੀ ਤੂੰ ਕਿਊਟ ਜਿਹੀ ਲਗਦੀ ਆ ਉਨੀ ਸਮਝਦਾਰ ਹੈ ਨਹੀਂ, ਬਸ ਸੋਹਣੀ ਏ,ਅਕਲ ਹੈ ਨਹੀਂ ।

ਬਾਣੀ :– ਹੁਣ ਇਹ ਗੱਲ ਕਿਧਰੋਂ ਆ ਗਈ ਵਿੱਚ, ਮੇਰੇ ਸੋਹਣੀ ਹੋਣ ਨਾਲ ਇਸ ਗੱਲ ਨਾਲ ਕੀ ਲੈਣਾ ਦੇਣਾ...?

ਹਰਜੋਤ :– ਹੋਰ ਕੀ,ਜੇ ਅਕਲ ਤੇ ਸੋਹਣਾ ਪਨ ਇਕੱਠੇ ਹੋਣ ਤਾਂ ਕੀ ਕਹਿਣੇ,ਚਾਰ ਚੰਨ ਲੱਗ ਜਾਣੇ ਸੀ ਬਾਣੀ ਨੂੰ।

ਬਾਣੀ :– ਪੰਪ ਨਾ ਦਵੋ, ਮੈਂ ਸਭ ਜਾਣਦੀ  ਆ ਮਸਕਾ ਮਾਰ ਰਹੇ ਹੋ।

ਹਰਜੋਤ :– ਚੱਲ ਦੇ ਫੋਨ ਨੰਬਰ ਬਾਣੀ, ਮੈਂ ਜ਼ਰੂਰੀ ਗੱਲ ਪੁੱਛਣੀ ਉਹਦੇ ਨਾਲ। ਪਲੀਜ਼ ਨੰਬਰ ਦੇਂਦੇ ,ਵਾਦਾ ਆ ਮੁੜਕੇ ਕਦੇ ਫੋਨ ਨਹੀਂ ਕਰਾਂਗਾ ਉਹਨੂੰ,ਨਾ ਤੈਨੂੰ ਮੈਸੇਜ ਕਰਾਂਗਾ ਕਦੇ ਫਿਰ।

ਬਾਣੀ :– ਕਰਨੀ ਉਹਨੇ ਨਾ ਹੀ ਆ,ਫਿਰ ਵੀ ਆਪਣੀ ਤਸੱਲੀ ਕਰ ਲਵੋ। ਆਹ ਲਵੋ ਫੋਨ ਨੰਬਰ। ਹੁਣ ਮੇਰਾ ਨਾਮ ਨਾ ਲਿਓ ਪਲੀਜ਼।

ਬਾਣੀ ਨੇ ਜੱਸੀ ਦਾ ਫੋਨ ਨੰਬਰ ਹਰਜੋਤ ਨੂੰ ਦੇ ਦਿੱਤਾ,

ਹਰਜੋਤ :– ਧੰਨਵਾਦ ਮੋਟੋ,ਨਹੀਂ ਲੈਂਦਾ ਤੇਰਾ ਨਾਮ। ਚੱਲ ਮੈਂ ਕਰਕੇ ਦੇਖਦਾ ਹਾਂ ਕਾਲ । ਫੋਨ ਉਹਦੇ ਕੋਲ ਹੀ ਹੁੰਦਾ ਕਿ ਘਰ ਦਿਆਂ ਦੇ ਕੋਲ...?

ਬਾਣੀ :– ਹੁੰਦਾਂ ਤਾਂ ਉਹਦੇ ਕੋਲ ਹੀ ਆ। ਬਾਕੀ ਪਤਾ ਨਹੀਂ । ਚਲੋਂ ਠੀਕ ਆ ਬਾਏ, ਮੈਂ ਕੰਮ ਕਰਨਾ।

ਹਰਜੋਤ :– ਚੱਲ ਠੀਕ ਆ ਬਾਏ।

ਹਰਜੋਤ ਜੱਸੀ ਨੂੰ ਕਾਲ ਕਰਦਾ,ਇਕ ਦੋ ਵਾਰ ਕਾਲ ਕਰਦਾ ਪਰ ਕੋਈ ਫ਼ੋਨ ਨਹੀਂ ਚੁੱਕਦਾ। ਥੋੜੀ ਦੇਰ ਬਾਅਦ ਜੱਸੀ ਵਾਪਿਸ ਕਾਲ ਕਰਦੀ, ਹਰਜੋਤ ਫੋਨ ਰਸੀਵ ਕਰਦਾਂ.....

ਹਰਜੋਤ :– ਹੈਲੋ ...

ਜੱਸੀ :– ਹਾਂਜੀ ਤੁਹਾਡੀ ਮਿਸ ਕਾਲ ਆਈ ਸੀ।

ਹਰਜੋਤ :– ਹਾਂਜੀ ਮੈਂ ਫੋਨ ਕੀਤਾ ਸੀ । ਤੁਸੀਂ ਜੱਸੀ ਬੋਲਦੇ...?

ਜੱਸੀ :– ਹਾਂਜੀ ਮੈਂ ਜੱਸੀ ਹੀ ਆ ,ਪਰ ਤੁਸੀਂ ਕੋਣ...?

ਹਰਜੋਤ :– ਜੱਸੀ ਮੈਂ ਹਰਜੋਤ ਬਰਾੜ ਆ।

ਜੱਸੀ :– ( ਗੁੱਸੇ ਵਿਚ ਲਾਲ ਪੀਲੀ ਹੁੰਦੀ ਹੋਈ) ਬਾਣੀ ਨੇ ਫੋਨ ਨੰਬਰ ਦਿੱਤਾ ਮੇਰਾ.. ? ਤੁਸੀਂ ਹੱਦ ਹੀ ਕਰ ਦਿੱਤੀ,ਜੇ ਮੈਂ ਮੈਸੇਜ ਤੇ ਗੱਲ ਨਹੀਂ ਕਰਦੀ ਤਾਂ ਤੁਸੀਂ ਕਾਲ ਤੇ ਆ ਗਏ।

ਹਰਜੋਤ :– ਸੌਰੀ ਜੱਸੀ। ਪਰ ਤੂੰ ਗੱਲ ਸੁਣਨ ਨੂੰ ਤਿਆਰ ਨਹੀਂ ਸੀ, ਤੇ ਮੇਰੇ ਕੋਲ ਹੋਰ ਕੋਈ ਰਾਸਤਾ ਨਹੀਂ ਸੀ। ਮੈਂ ਤੈਨੂੰ ਪਸੰਦ ਕਰਦਾ ਹਾਂ ਇਹ ਨਹੀਂ ਸਮਝ ਰਹੀ।

✪✪✪✪✪✪✪

# ਭਾਗ –6

ਜੱਸੀ :– ਬਸ ਕਰੋ ਪਲੀਜ਼ ! ਬਿਨਾਂ ਜਾਣੇ ਪਹਿਚਾਣੇ ਤੁਸੀਂ ਪਸੰਦ ਕਰਨ ਲੱਗ ਗਏ। ਕਮਾਲ ਨਹੀਂ ਹੋ ਗਿਆ, ਤੇ ਨਾਲੇ ਕੁਝ ਜ਼ਿਆਦਾ ਨਹੀਂ ਹੋ ਗਿਆ...?

ਹਰਜੋਤ :– (ਮੁਸਕਰਾਉਂਦੇ ਹੋਏ ) ਹਮਮ ਮੈਨੂੰ ਵੀ ਲਗਦਾ ਜ਼ਿਆਦਾ ਹੀ ਹੋ ਗਿਆ, ਨਾਲੇ ਬਿਨਾਂ ਜਾਣੇ ਸੱਚੀ ਕਮਾਲ ਹੀ ਹੋ ਗਿਆ । ਕਿ ਤੂੰ ਚੰਗੀ ਲੱਗਣ ਲੱਗ ਗਈ।

ਜੱਸੀ :– ਬਸ ਕਰੋ ਆਪਣੀ ਬਕਵਾਸ। ਮੁੜਕੇ ਮੈਨੂੰ ਕਾਲ ਨਾ ਕਰਿਓ, ਲੱਗੀ ਸਮਝ ।

ਹਰਜੋਤ :– ਹੈਲੋ ਫੋਨ ਨਾ ਕੱਟੀ , ਮੈਨੂੰ ਲਗਦਾ ਤੂੰ ਵੀ ਮੈਨੂੰ ਪਸੰਦ ਕਰਦੀ ਆ,ਬਸ ਆਹ ਸਭ ਤਾਂ ਦਿਖਾਵਾ ਕਰ ਰਹੀ ਹੈ ਤੂੰ , ਜਿਵੇਂ ਕੁੜੀਆਂ ਆਪ ਨਹੀਂ ਬੋਲਦੀਆਂ ਬਸ ਚਾਹੁੰਦੀਆਂ ਹੁੰਦੀਆਂ ਕਿ ਮੁੰਡੇ ਬੋਲਣ ਪਹਿਲਾਂ।

ਜੱਸੀ :– ਹਾਏ ਬਸ ਕਰੋ ਆਪ ਦਾ ਦਿਮਾਗ ਦੜਾਉਣਾ,ਤੁਸੀਂ ਥੱਕਦੇ ਨਹੀਂ ਆਹ ਖਾਲੀ ਪੁਲਾਓ ਜਿਹੇ ਬਣਾ ਕੇ। ਮੈਂ ਕਿਸੇ ਨੂੰ ਪਸੰਦ ਪਸੁੰਦ ਨਹੀਂ ਕਰਦੀ। ਹੁਣ ਨਾ ਕਰਿਓ ਕਾਲ ਮੈਂ ਨੰਬਰ ਬਲੌਕ ਕਰਨ ਲੱਗੀ।

ਹਰਜੋਤ :– ਅੱਛਾ  ਜੇ ਨਹੀਂ ਕਰਦੀ ਪਸੰਦ ਤਾਂ ਫਿਰ ਮੈਂ ਜਦੋਂ ਤੈਨੂੰ ਬਲੌਕ ਕਰ ਦਿੱਤਾ ਸੀ ਫਿਰ ਤੂੰ ਕਿਉਂ ਨਹੀਂ ਮੈਨੂੰ ਬਲੌਕ ਕੀਤਾ। ਮੈਂ ਦਫ਼ਾ ਹੋ ਜਾ ਕਿਹਾ, ਤੂੰ ਗੁੱਸੇ ਵਿੱਚ ਆ ਕੇ ਮੈਨੂੰ ਕਿਉਂ ਨਹੀਂ ਬਲੌਕ ਕੀਤਾ। ਦੱਸ...?

ਜੱਸੀ :– ਹੁਣ ਕਰ ਦਿੰਦੀ ਬਲੌਕ । ਇਹ ਕਿੱਡੀ ਕਿ ਵੱਡੀ ਗੱਲ ਆ।

ਹਰਜੋਤ :– ਕਰਦੇ, ਮੈਂ ਹੋਰ ਆਈਡੀ ਬਣਾ ਕੇ ਆ ਜਾਵਾਂਗਾ।

ਜੱਸੀ :– ਕੋਈ ਨਾ ਆਈ ਜਾਇਓ ...ਬਾਏ।

ਬਾਏ ਬੋਲ ਕੇ ਜੱਸੀ ਫੋਨ ਕੱਟ ਦਿੰਦੀ ਹੈ, ਆਪਣਾ ਸਾਰਾ ਗੁੱਸਾ ਜੋ ਬਾਣੀ ਕਰਕੇ ਆਇਆ ਹੁੰਦਾ,ਗੁੱਸਾ ਕੱਢਣ ਲਈ ਬਾਣੀ ਨੂੰ ਕਾਲ ਲਗਾਉਂਦੀ।

ਪਰ ਬਾਣੀ ਨੂੰ ਆਪਣੀ ਗਲਤੀ ਦਾ ਪਤਾ ਸੀ ,ਇਸ ਲਈ ਉਹ ਡਰਦੀ ਕਾਲ ਨਹੀਂ ਚੁੱਕ ਰਹੀ ਸੀ।

ਜੱਸੀ ਦਾ ਗੁੱਸਾ ਜੋ ਬਾਣੀ ਕਰਕੇ ਆਇਆ ਸੀ ਜੱਸੀ ਦਾ ਦਿਮਾਗ ਖਰਾਬ ਕਰ ਰਿਹਾ ਸੀ,ਤੇ ਗੁੱਸੇ ਨਾਲ ਭਰੀ ਹੋਈ ਜੱਸੀ ਵਾਰ ਵਾਰ ਬਾਣੀ ਨੂੰ ਫੋਨ ਲਗਾ ਰਹੀ ਸੀ,ਪਰ ਬਾਣੀ ਡਰਦੀ ਫੋਨ ਨਾ ਚੁੱਕ ਕੇ ਖੁਦ ਨੂੰ ਬਚਾਅ ਰਹੀ ਸੀ। ਫਿਰ ਬਾਣੀ ਹਰਜੋਤ ਨੂੰ ਮੈਸੇਜ ਕਰਦੀ।

ਬਾਣੀ :– ਤੁਸੀਂ ਮੇਰਾ ਨਾਮ ਲੈ ਦਿੱਤਾ ਹਨਾ ਜੱਸੀ ਅੱਗੇ ਕਿ ਮੈਂ ਹੀ ਫੋਨ ਨੰਬਰ ਦਿੱਤਾ ਤੁਹਾਨੂੰ ਉਹਦਾ। ਚੰਗਾ ਨਹੀਂ ਕੀਤਾ ਤੁਸੀ।

ਹਰਜੋਤ :– ਕਮਲੀ ਐ ਤੂੰ ..? ਜਦੋਂ ਮੈਂ ਕਿਹਾ ਕਿ ਨਹੀਂ ਲੈਂਦਾ ਤੇਰਾ ਨਾਮ,ਫਿਰ ਕਿਉਂ ਡਰਦੀ ਆ ।

ਬਾਣੀ :– ਜੱਸੀ ਮੈਨੂੰ ਵਾਰ ਵਾਰ ਕਾਲ ਕਿਉਂ ਕਰ ਰਹੀ ਆ ਫਿਰ , ਉਹਨੂੰ ਪਤਾ ਲੱਗ ਗਿਆ ਹੋਣਾਂ ,ਕਿ ਮੈਂ ਹੀ ਉਹਦਾ ਫੋਨ ਨੰਬਰ ਦਿੱਤਾ।

ਹਰਜੋਤ :– ਤੂੰ ਕਾਲ ਚੁੱਕ ਉਹਦੀ, ਜੇ ਪੁੱਛੇਗੀ ਤੂੰ ਨੰਬਰ ਦਿੱਤਾ ਮੇਰਾ ਤੂੰ ਕਹਿ ਦਵੀ ਮੈਂ ਨਹੀਂ ਦਿੱਤਾ। ਜੇ ਫਿਰ ਵੀ ਲੜਦੀ ਰਹੀ  ਤਾਂ ਚੈਟ ਗਰੁੱਪ ਬਣਾ ਲਵੀਂ, ਮੈਂ ਆਪੇ ਸੰਭਾਲ ਲਵਾਂਗਾ ਸਾਰੀ ਗੱਲ।

ਬਾਣੀ :– ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਦੋਸਤ ਤੁਹਾਡੀ ਆ ਕਿ ਜੱਸੀ ਦੀ। ਐਵੇਂ ਮੈਸੇਜ ਕੀਤਾ ਮੈਂ ਤਾਂ ਤੁਹਾਨੂੰ।

ਹਰਜੋਤ :– ਹਾਹਾਹਾਹਾ ਵਿੱਚੋਲੇ ਆਪ ਚੱਲ ਕੇ ਆਉਂਦੇ ਹੁੰਦੇ ਆ ।

ਬਾਣੀ :–  ਅੱਛਾ ਜੀ,ਹੋਰ ਕੁਝ ! ਫਿਰ ਫੋਨ ਕਰ ਰਹੀ ਆ ਜੱਸੀ । ਬਾਏ ਮੈਂ ਉਹਦੇ ਨਾਲ ਗੱਲ ਕਰ ਲਵਾਂ।

ਹਰਜੋਤ :– ਹਮਮ ਕਰ ਲੈ,ਸੁਣ ਲੈ ਰੰਗ ਬਰੰਗੀਆਂ ਗਾਲਾਂ ਹਾਹਾਹਾ।

ਬਾਣੀ :– ਗੁੱਸਾ ਆ ਰਿਹਾ ਮੈਨੂੰ ਤੁਹਾਡੇ ਤੇ ਦੰਦ ਕੱਢੇ ਆ।

ਹਰਜੋਤ ਦੀ ਸਕੀਮ ਸੁਣ ਕੇ ਬਾਣੀ ਵਿੱਚ ਮਸਾਂ  ਹਿੰਮਤ ਜਿਹੀ ਆਈ ਜੱਸੀ ਨਾਲ ਗੱਲ ਕਰਨ ਦੀ। ਬਾਣੀ ਫੋਨ ਚੁੱਕਦੇ ਹੀ ਬੋਲਦੀ।

ਬਾਣੀ :– ਸੌਰੀ ਜੱਸੀ ਮੈਂ ਤੇ ਮੰਮੀ ਬਜ਼ਾਰ ਗਏ ਸੀ ਇਸ ਲਈ ਤੇਰਾ ਫੋਨ ਨਹੀਂ ਚੁੱਕ ਰਹੀ ਸੀ। ਹੁਣੇ ਘਰ ਆਈ ਸੀ।

ਜੱਸੀ :– ਬਸ ਕਰ , ਆਪਣੇ ਬਹਾਨੇ ਬੰਦ ਕਰ। ਸਿੱਧਾ ਕਹਿ ਡਰਦੀ ਕਾਲ ਨਹੀਂ ਚੁੱਕ ਰਹੀ ਸੀ, ਕਿਉਂ ਦਿੱਤਾ ਤੂੰ ਮੇਰਾ ਨੰਬਰ ਉਸ ਕਮੀਨੇ ਇਨਸਾਨ ਨੂੰ ।

ਬਾਣੀ :– ਕਿਸ ਕਮੀਨੇ ਨੂੰ ਦਿੱਤਾ ਮੈਂ ਤੇਰਾ ਨੰਬਰ ...?

ਜੱਸੀ :– ਹਾਏ ਤੈਨੂੰ ਤਾਂ ਪਤਾ ਹੀ ਨਹੀਂ ਹਨਾ, ਬਸ ਕਰ ਪਲੀਜ਼ ਬਾਣੀ  ਡਰਾਮੇ ਬੰਦ ਕਰ ਯਾਰ। ਤੂੰ ਜਾਣਦੀ ਸੀ ਨਹੀਂ ਕਮੀਨੇ ਹਰਜੋਤ ਨੂੰ ਤਾਂ ਜਿਵੇਂ।

ਬਾਣੀ :– ਮੈਂ ਕਿਸੇ ਨੂੰ ਵੀ ਨਹੀਂ ਦਿੱਤਾ ਤੇਰਾ ਨੰਬਰ ਸੌਂਹ ਲੱਗੇ ਮੈਨੂੰ।

ਜੱਸੀ :– ਤੂੰ ਨਾ ਆਪਣੇ ਡਰਾਮੇ ਬੰਦ ਕਰ , ਮੈਂ ਮੂੰਹ ਤੋੜ ਦੇਣਾ ਤੇਰਾ, ਮੈਂ ਤੇਰੇ ਤੇ ਯਕੀਨ ਕਰਕੇ ਤੈਨੂੰ ਆਪਣਾ ਨੰਬਰ ਦਿੱਤਾ ਸੀ, ਤੇ ਤੂੰ ਅੱਗੇ ਤੋਰ ਦਿੱਤਾ,ਦੋਸਤ ਹੋਣ ਤਾਂ ਤੇਰੇ ਵਰਗੇ।

ਬਾਣੀ :– ਤੈਨੂੰ ਮੇਰੇ ਤੇ ਯਕੀਨ ਨਹੀਂ ਤੂੰ ਫੇਸਬੁੱਕ ਤੇ ਆ ਜਲਦੀ, ਤੇਰੇ ਸਾਹਮਣੇ ਸਭ ਸਾਫ ਹੋ ਜਾਵੇਗਾ ਕਿ ਮੈਂ ਨਹੀਂ ਨੰਬਰ ਦਿੱਤਾ। ਚੱਲ ਆਜਾ।

ਜੱਸੀ :– ਚੱਲ ਦਿਖਾ ਉੱਥੇ ਕੀ ਆ ।

ਬਾਣੀ ਫੋਨ ਕੱਟ ਕੇ ਫਟਾਫਟ ਫੇਸਬੁੱਕ ਤੇ ਚੈਟ ਗਰੁੱਪ ਬਣਾ ਦਿੰਦੀ ਆ, ਫਟਾਫਟ ਹਰਜੋਤ ਜੱਸੀ ਨੂੰ ਐਡ ਕਰਕੇ  ਮੈਸੇਜ ਕਰਦੀ ....

ਬਾਣੀ :– ਹੈਲੋ ਹਰਜੋਤ ਮੈਂ ਤੁਹਾਨੂੰ ਫੋਨ ਨੰਬਰ ਦਿੱਤਾ ਜੱਸੀ ਦਾ, ਦੱਸਿਓ ਜ਼ਰਾ...?

ਹਰਜੋਤ :– ਨਹੀਂ ! ਤੂੰ ਤਾਂ ਮੁੱਕਰ  ਗਈ ਸੀ  ਕਿ ਹੈਨੀ ਤੇਰੇ ਕੋਲ ਜੱਸੀ ਦਾ ਫੋਨ ਨੰਬਰ।

ਜੱਸੀ :– ਫਿਰ ਕਿੱਥੋਂ ਲਿਆ ਨੰਬਰ ,ਜੇ ਬਾਣੀ ਨੇ ਨਹੀਂ ਦਿੱਤਾ ।

ਹਰਜੋਤ :– ਮੈਡਮ ਤੁਹਾਡੀ ਪ੍ਰੋਫਾਈਲ ਤੇ ਸ਼ੋਅ ਹੋ ਰਿਹਾ ਸੀ ਨੰਬਰ ਸ਼ਾਇਦ ਤੁਸੀਂ ਪ੍ਰਾਈਵੇਸੀ ਲਗਾਉਣਾ ਭੁੱਲ ਗਏ ਹੋਣੇ।

ਜੱਸੀ :– ਝੂਠ ਬੋਲ ਰਹੇ ਆ ਤੁਸੀਂ ਦੋਨੋਂ।

ਬਾਣੀ :– ਅਸੀਂ ਨਹੀਂ ਝੂਠ ਬੋਲ ਰਹੇ,ਤੂੰ ਨਹੀਂ ਯਕੀਨ ਕਰਨਾ ਤਾਂ ਮੈਨੂੰ ਬਲੌਕ ਕਰਦੇ ਫਿਰ।

ਹਰਜੋਤ :– ਬਾਣੀ ਦੀ ਕੋਈ ਗਲਤੀ ਨਹੀਂ ਆ, ਦੇਖ ਤੈਨੂੰ ਸਾਰੀ ਗੱਲ ਦੱਸੀ ਆ, ਤੂੰ ਹੀ ਨਹੀਂ ਆਕੜ ਛੱਡ ਰਹੀ। ਮੈਂ ਪਿਆਰ ਕਰਦਾ ਤੈਨੂੰ, ਤੂੰ ਕਿਉਂ ਨਹੀਂ ਸਮਝਦੀ।

ਜੱਸੀ :– ਮਜ਼ਾਕ ਆ ਪਿਆਰ ਕੋਈ,ਜਿਹੜਾ ਮੈਂ ਗੱਲਾਂ ਵਿਚ ਆ ਜਾਵਾਂ।

ਹਰਜੋਤ :– ਗੱਲਾਂ ਵਿਚ ਆਉਣ ਨੂੰ ਮੈਂ ਕਿਹੜਾ ਤੇਰੇ ਨਾਲ ਮਿੱਠੀਆਂ ਗੱਲਾਂ ਮਾਰੀਆਂ, ਮੈਂ ਤਾਂ ਸਿੱਧਾ ਪੁੱਛ ਲਿਆ ਜੋ ਮੇਰੇ ਦਿਲ ਵਿਚ ਸੀ। ਮੈਂਨੂੰ ਪਸੰਦ ਆ ਤੂੰ ਬਸ। ਤੈਨੂੰ ਆ ਕੇ ਦੱਸ ਦਿੱਤਾ।

ਜੱਸੀ :– ਮੈਂ ਨਹੀਂ ਕਰਦੀ ਪਿਆਰ ਵਿਆਰ, ਮੈਂ ਪਿਆਰ ਵੀ ਉੱਥੇ ਕਰਾਂਗੀ ਜਿੱਥੇ ਮੇਰਾ ਵਿਆਹ ਵੀ ਹੋ ਸਕੇ,ਪਿਆਰ ਵੀ ਉਹਨੂੰ ਹੀ ਕਰਨਾ ਜਿਸ ਨਾਲ ਵਿਆਹ ਕਰਵਾਉਂਗੀ,ਆਹ ਕੰਮ ਮੈਂ  ਨਹੀਂ ਕਰਦੀ ਪਿਆਰ ਕਿਸੇ ਨਾਲ ,ਵਿਆਹ ਕਿਸੇ ਨਾਲ, ਪਿਆਰ ਵਾਲਾ ਟਾਇਮ ਪਾਸ ਮੈਂ ਨਹੀਂ ਕਰਦੀ।

ਹਰਜੋਤ :– ਟਾਇਮ ਪਾਸ ਕਰਨ ਨੂੰ ਕਹਿੰਦਾ ਵੀ ਕੋਣ ਆ, ਵਿਆਹ ਵੀ ਕਰਵਾਉਣਾ ਹੀ ਆ, ਮੈਂ ਕਿਹੜਾ ਮੁੱਕਰਨ ਲੱਗਾ। ਮੈਂ ਝੂਠ ਨਹੀਂ ਬੋਲਦਾ, ਤੂੰ ਟਾਇਮ ਲੈ ਲਾ,ਜਾਣ ਪਹਿਚਾਣ ਲੈ ਚੰਗੀ ਤਰਾਂ, ਤੂੰ ਜਦ ਕਹੇਗੀ ਵਿਆਹ ਕਰਵਾ ਲਵਾਂਗੇ।

ਬਾਣੀ :– ਦੇਖ ਲੈ ਜੱਸੀ ,ਮੁੰਡਾ ਐਨਾ ਵੀ ਮਾੜਾ ਨਹੀਂ ਲੱਗ ਰਿਹਾ,ਘਰ ਦਿਆਂ ਨੇ ਵੀ ਲੱਭਣਾ ਹੀ ਆ,ਜੇ ਤੂੰ ਪਹਿਲਾਂ ਤੋਂ ਜਾਣਦੇ ਵਾਲੇ ਨਾਲ ਵਿਆਹ ਦੀ ਗੱਲ ਘਰ ਕਰੇਗੀ ਤਾਂ ਮੰਨ ਜਾਣਾ ਘਰ ਦਿਆਂ ਨੇ। ਸੋਚ ਲੈ ਇਕ ਵਾਰ।

ਹਰਜੋਤ :– ਇਹ ਕੁੜੀ ਮੈਨੂੰ ਸਿਆਣੀ ਲਗਦੀ ਆ ਵੈਸੇ।

ਜੱਸੀ :– ਅੱਛਾ ਫਿਰ ਇਹਦੇ ਅੱਗੇ ਹੀ ਕਰ ਦੇਣਾ ਸੀ ਪਿਆਰ ਦਾ ਇਜ਼ਹਾਰ।

ਹਰਜੋਤ :– ਕਰ ਤਾਂ ਸਕਦਾ ਸੀ,ਪਰ ਆਪਣੀ ਵੀ ਕੋਈ ਪਸੰਦ ਹੁੰਦੀ ਆ।

✪✪✪✪✪✪✪

# ਭਾਗ –7

ਬਾਣੀ :– ਅੱਛਾ ਜੀ ! ਮੈਂ  ਵੈਸੇ ਵੀ ਘਾਹ ਨਾ ਪਾਵਾਂ ਤੁਹਾਡੇ ਵਰਗੇ ਨੂੰ।

ਹਰਜੋਤ :– ਕੱਲ ਤਾਂ ਮਰੀ ਜਾਂਦੀ ਸੀ ਜਦੋਂ ਜੱਸੀ ਦਾ ਫੋਨ ਨੰਬਰ ਮੰਗਿਆ ਸੀ,ਕਿ ਤੂੰ ਮੇਰਾ ਫੋਨ ਨੰਬਰ ਲੈ ਲਾ,ਜੱਸੀ ਨੂੰ ਮਾਰ ਗੋਲੀ।

ਜੱਸੀ :– ਸੱਚੀ ਬਾਣੀ ...?

ਬਾਣੀ :– ਹੱਦ ਨੀ ਹੋ ਗਈ ਵੈਸੇ , ਝੂਠ ਵਾਲੀ ,ਜੱਸੀ ਇਹ ਬੰਦਾ ਯਕੀਨ ਲਾਇਕ ਨਹੀਂ, ਰਹਿਣ ਦੇ ਤੂੰ ਹੋਰ ਮੁੰਡੇ ਬੜੇ ਦੁਨੀਆਂ ਤੇ।

ਹਰਜੋਤ :– ਹਾਹਾਹਾਹਾਹਾਹਾਹਾਹਾ... ਥਾਲੀ ਦਾ ਬੈਂਗਣ, ਕਦੀ ਇੱਧਰ ਕਦੀ ਉਧਰ ਘੁੰਮੀ ਜਾਂਦਾ।

ਬਾਣੀ :– ਚਲਦੀ ਆ ਮੈਂ ,ਤੁਸੀ ਕਰੋ ਗੱਲਾਂ,ਮੈਂ ਹੋਰ ਗਰੁੱਪ ਵਿਚ ਚੱਲੀ ਆ,ਜਿੱਥੇ ਮੇਰੀ ਕੋਈ ਕਦਰ ਹੋਵੇਗੀ। ਇਥੇ ਤਾਂ ਮੈਂ ਦੇਖਲੀ ਵੀ ਕੋਈ ਕਦਰ ਨਈ ਹੋਣੀ।

ਜੱਸੀ :– ਚੱਲ ਮੈਂ ਵੀ ਚੱਲੀ ਸੀ।

ਹਰਜੋਤ :– ਓਹੋ ਬਸ ਕਰੋ ਯਾਰ ! ਮੈਂ ਮਜ਼ਾਕ ਕਰਦਾ ਸੀ,ਤੁਸੀ ਸੱਚੀ ਚੱਲੀਆਂ।

ਜੱਸੀ :– ਮੈਂ ਤਾਂ ਉਦਾਂ ਵੀ ਚੱਲੀ ਹੀ ਸੀ।

ਹਰਜੋਤ :– ਚੱਲ ਜਾਣ ਤੋਂ ਪਹਿਲਾਂ ਦੱਸ ਕੇ ਜਾਂ ਆਪਣਾ ਫੈਸਲਾ..?

ਜੱਸੀ :– ਕਿਹੜਾ ਫੈਸਲਾ ..?

ਹਰਜੋਤ :– ਪਸੰਦ ਵਾਲੀ ਗੱਲ ਦਾ।

ਜੱਸੀ :– ਉਹਦਾ ਕੀ ਫੈਸਲਾ ਦੱਸਣਾ ...?

ਬਾਣੀ :– ਪਾਗਲੇ ਹਾਂ ਕਿ ਨਾਂਹ।

ਜੱਸੀ :– ਕਿਹੜੀ ਹਾਂ ਕਿ ਨਾਂਹ...? ਤੈਨੂੰ ਬੜਾ ਪਤਾ ।

ਬਾਣੀ :– ਹਾਹਾਹਾਹਾ ,ਆਹੋ ਪਤਾ ਆ ।

ਹਰਜੋਤ :– ਉਹਦੇ ਤਾਂ ਮੈਂ ਕੰਨ ਖਾ ਲਏ , ਉਹਨੂੰ ਕਿਵੇਂ ਨਾ ਪਤਾ ਹਊ ।

ਜੱਸੀ :– ਖਾਈ ਜਾਵੋ ਫਿਰ ਉਹਦੇ ਕੰਨ,ਉਹ ਵੀ ਵਿਹਲੀ ਤੇ ਤੁਸੀਂ ਵੀ।

ਬਾਣੀ :– ਆਹੋ ਤੂੰ ਹੀ ਆ ਕੰਮਕਾਰ ਕਰਨ ਵਾਲੀ ਅਸੀਂ ਤਾਂ ਵਿਹਲੇ ਆ।

ਹਰਜੋਤ :– ਨਾ ਹੁਣ ਤੇਰੇ ਕੰਨ ਖਾਣੇ ਮੈਂ ਤਾਂ ਸਾਰੀ ਉਮਰ ।

ਜੱਸੀ :– ਨੀਂਦ ਚੋਂ ਜਾਗ ਜਾਓ ,ਵਧੀਆ ਰਹੋਗੇ ।ਕੀ ਫਾਇਦਾ ਸੁਪਨੇ ਦੇਖਣੇ ਦਾ,ਜੋ ਪੂਰੇ ਹੀ ਨਹੀਂ ਹੋਣੇ।

ਹਰਜੋਤ :– ਯਾਰ ਇਹ ਕੀ ਗੱਲ ਹੋਈ, ਤੈਨੂੰ ਕੀ ਲਗਦਾ ਮੈਂ ਟਾਇਮ ਪਾਸ ਕਰਨਾ ..? ਚੱਲ ਮੈਂ ਆਪਣਾ ਭਰਾ ਐਡ ਕਰਦਾ ਗਰੁੱਪ ਵਿੱਚ ਤੈਨੂੰ ਫਿਰ ਯਕੀਨ ਹੋ ਜਾਵੇਗਾ ਮੈਂ ਝੂਠ ਨਹੀਂ ਬੋਲਦਾ।

ਬਾਣੀ :– ਕਰੋ ਕਰੋ ਐਡ , ਮੈਂ ਵੀ ਦੇਖਾਂ ਭਰਾ ਤੁਹਾਡਾ, ਨਾਲੇ ਜੱਸੀ ਨੂੰ ਵੀ ਯਕੀਨ ਹੋ ਜਾਵੇਗਾ।

ਜੱਸੀ :– ਬਸ ਕਰ ਬਾਣੀ । ਤੈਨੂੰ ਜ਼ਿਆਦਾ ਹੀ ਜਲਦੀ ਆ ਕੁਝ ਜਾਨਣੇ ਦੀ ਇਹਨਾਂ ਨੂੰ।

ਹਰਜੋਤ :– ਮੈਂ ਤਾਂ ਪਹਿਲਾਂ ਕਿਹਾ ਵੀ ਕੁੜੀ ਸਿਆਣੀ ਆ ਇਹ।

ਬਾਣੀ :– ਹਾਹਾਹਾਹਾ... ਹਾਂਜੀ ਕੋਈ ਸ਼ੱਕ...? ਕਰੋ ਐਡ ਆਪਣੇ ਭਰਾ ਨੂੰ ਤੁਸੀ।

ਹਰਜੋਤ :– ਚੱਲ ਕਰਦਾ ਰੁਕ ।

ਹਰਜੋਤ ਇਕ ਸ਼ਿੰਦਾ ਬਰਾੜ ਨਾਮ ਦੀ ਆਈਡੀ ਚੈਟ ਗਰੁੱਪ ਵਿਚ ਐਡ ਕਰਦਾ।

ਹਰਜੋਤ :– ਹੈਲੋ ਸ਼ਿੰਦੇ ! ਇਹ ਸਾਡਾ ਗਰੁੱਪ ਆ ਇਹ ਮੇਰੀ ਦੋਸਤ ਬਾਣੀ ਆ ਤੇ ਆ ਜੱਸੀ ਤੈਨੂੰ ਜਿਸ ਬਾਰੇ ਪਰਸੋਂ ਰਾਤ ਦੱਸਿਆ ਸੀ ਉਹ ਕੁੜੀ ਆ।

ਸ਼ਿੰਦਾ :– ਓਕੇ ਵੀਰ। ਸਤਿ ਸ੍ਰੀ ਆਕਾਲ ਜੀ ਦੋਵਾਂ ਨੂੰ ।

ਬਾਣੀ :– ਸਤਿ ਸ੍ਰੀ ਆਕਾਲ ਜੀ ।

ਸ਼ਿੰਦਾ :– ਆਹ ਜੱਸੀ ਜੀ ਤੁਸੀਂ ਨਹੀਂ ਬੋਲੇ ,ਲਗਦਾ ਮੇਰਾ ਆਉਣਾ ਪਸੰਦ ਨਹੀਂ ਆਇਆ ਤੁਹਾਨੂੰ।

ਜੱਸੀ :– ਨਹੀਂ ਜੀ ਇਹੋ ਜਿਹਾ ਕੁਝ ਨਹੀਂ ਆ। ਸਤਿ ਸ੍ਰੀ ਆਕਾਲ ਜੀ।

ਸ਼ਿੰਦਾ :– ਮੇਰੇ ਵੀਰ ਨੇ ਦੱਸਿਆ ਤੁਸੀਂ ਉਹਦੀ ਅਰਜ਼ੀ ਨਹੀਂ ਕਬੂਲ ਕਰ ਰਹੇ,ਕੀ ਹੋਇਆ,ਐਨਾ ਚੰਗਾ ਤਾਂ ਮੇਰਾ ਭਰਾ ਆ।

ਜੱਸੀ :– ਮੈਂ ਮਾੜਾ ਵੀ ਕਦੋਂ ਕਿਹਾ ਤੁਹਾਡੇ ਵੀਰ ਨੂੰ ।

ਸ਼ਿੰਦਾ :– ਫਿਰ ਐਨਾ ਟਾਇਮ ਕਿਉਂ ਲਗਾ ਰਹੇ ਹੋ,ਐਨੇ ਤਰਲੇ ਪਾ ਰਿਹਾ ਉਹ ਕਿੰਨੇ ਦਿਨਾਂ ਤੋਂ।

ਬਾਣੀ :– ਤੁਸੀਂ ਆ ਕਿ ਗਰੰਟੀ ਚੁੱਕੋ ਮੁੰਡੇ ਦੀ ਬਸ। ਫਿਰ ਹਾਂ ਹੀ ਆ।

ਸ਼ਿੰਦਾ :– ਗਰੰਟੀ ਹੀ ਆ ਜੀ।

ਹਰਜੋਤ :– ਹਾਏ ਮੇਰੇ ਤੇ ਤਾ ਯਕੀਨ ਹੀ ਨਹੀਂ ਸੀ,ਤਾਹੀਂ ਸ਼ਿੰਦੇ ਤੈਨੂੰ ਬੁਲਾ ਕੇ ਲੈ ਕੇ ਆਇਆ। ਤੂਹੀ ਸਮਝਾ।

ਜੱਸੀ :– ਅੱਗੇ ਦਾ ਵੀ ਸੋਚਣੇ ਪੈਂਦਾ,ਚਾਰ ਦਿਨ ਹੱਸਣ ਖੇਡਣ ਨਾਲ ਕੁਝ ਨਹੀਂ ਹੁੰਦਾਂ।

ਸ਼ਿੰਦਾ :– ਅੱਗੇ ਦਾ ਕੀ ਸੋਚਣਾ ...? ਵਿਆਹ ਕਰਾਉਣ ਲਈ ਹੀ ਤਾਂ ਸੋਚਣਾ, ਹਰਜੋਤ ਨੇ ਕਰਾਂ ਹੀ ਲੈਣਾ।

ਜੱਸੀ :– ਮੇਰੇ ਘਰ ਦੇ ਨਹੀਂ ਮੰਨਣਗੇ।ਫਿਰ ਕਿਉਂ ਲਾਰੇ ਲਾਉਂਣੇ।

ਹਰਜੋਤ :– ਕੋਈ ਨਾ ਉਹ ਤਾਂ ਮੈਂ ਆਪੇ ਮਨਾਂ ਲੈਣੇ ਯਾਰ। ਤੂੰ ਫ਼ਿਕਰ ਨਾ ਕਰ।

ਬਾਣੀ :– ਪੱਕਾ ਮਨਾਂ ਲਵੋਗੇ...?

ਸ਼ਿੰਦਾ :– ਆਹੋ ਅਸੀਂ ਮਨਾਂ ਲਵਾਂਗੇ,ਜੱਸੀ ਹਾਂ ਕਰਦੇ।

ਬਾਣੀ :– ਜੱਸੀ ਹਾਂ ਕਰਦੇ ।

ਜੱਸੀ :– ਫਿਰ ਦੱਸਾਂਗੀ,ਹੁਣ ਮੈਂ ਕੰਮ ਕਰਦੀ ਆ। ਬਾਏ।

ਹਰਜੋਤ :– ਚੱਲ ਜਲਦੀ ਆਈ। ਮੈਨੂੰ ਉਡੀਕ ਆ ਤੇਰੀ ।

ਬਾਣੀ :– ਓਏ ਹੋਏ।

ਸ਼ਿੰਦਾ :– ਹਾਹਾਹਾਹਾਹਾ । ਇਹਨੂੰ ਪਿਆਰ ਕਹਿੰਦੇ ਆ।

ਜੱਸੀ :– ਚੱਲੋ ਠੀਕ ਆ ਹਰਜੋਤ ਜੀ ਮੈਂ ਫਿਰ ਆਉਂਗੀ।

ਬਾਣੀ :– ਹਰਜੋਤ ਜੀ ਉਹ ਹੋ।

ਸ਼ਿੰਦਾ :– ਹਾਹਾਹਾਹਾ, ਪਾਰਟੀ ਹੋ ਗਈ ਵੀਰੇ।

ਹਰਜੋਤ :– ਜੱਸੀ ,ਕੀ ਸਮਝਾਂ ਮੈਂ ਇਹਦਾ ਮਤਲਵ..?

ਜੱਸੀ :– ਉਹੀ ਮਤਲਵ ਜੋ ਤੁਸੀਂ ਰੋਜ਼ ਸੁਣਨਾ ਚਾਹੁੰਦੇ ਸੀ।

ਹਰਜੋਤ :– ਸੱਚੀ।

ਜੱਸੀ :– ਹਾਂਜੀ ।

ਬਾਣੀ :– ਆਏ ਹਾਏ ,ਹਰਜੋਤ ਗੱਲ ਬਣ ਗਈ। ਜੇ ਕੁੜੀ ਨਾਲ ਟਾਇਮ ਪਾਸ ਕੀਤਾ ਫਿਰ ਮੇਰੇ ਤੋਂ ਬੁਰਾ ਕੋਈ ਨਹੀਂ ,ਸਮਝ ਗਏ ਦੋਨੋਂ ਭਰਾ।

ਸ਼ਿੰਦਾ :– ਫ਼ਿਕਰ ਨਾ ਕਰੋ ਬਾਣੀ ਜੀ, ਹੁਣ ਤਾਂ ਆਪਾਂ ਰਿਸ਼ਤੇਦਾਰ ਬਣ ਜਾਣਾ ਜਲਦੀ ਹੀ।

ਨਵੇਂ ਰਿਸ਼ਤਿਆਂ ਦੀ ਸ਼ੁਰੂਆਤ, ਮਨੋਂ ਮਨੀ ਜੱਸੀ ਬਹੁਤ ਖੁਸ਼ ਸੀ ਸ਼ਾਇਦ ਉਹਨੂੰ ਵਧੀਆ ਮੁੰਡਾ ਮਿਲ ਗਿਆ ਸੀ,ਜਿਸ ਨਾਲ ਵਿਆਹ ਲਈ ਘਰ ਦਿਆਂ ਨੇ ਵੀ ਮੰਨ ਹੀ ਜਾਣਾ ਸੀ, ਨਸ਼ੇ ਪੱਤੇ ਤੋਂ ਰਹਿਤ,ਪੜ੍ਹਿਆ ਲਿਖਿਆ, ਕੰਮਕਾਜ ਵੀ ਕਰਦਾ ਸੀ,ਥੋੜੀ ਬਹੁਤੀ ਪੈਲੀ ਵੀ ਹਿਸੇ ਆਉਂਦੀ ਸੀ,ਤੇ ਭੈਣ ਵੀ ਕੇਨੈਡਾ ਪੱਕੀ ਸੀ,ਸਾਰੇ ਪਰਿਵਾਰ ਨੇ ਵੀ ਕੇਨੈਡਾ ਹੀ ਜਾਣਾ ਸੀ। ਜੱਸੀ ਨੂੰ ਆਪਣਾ ਭਵਿੱਖ ਸੁਨਹਿਰਾ ਨਜ਼ਰ ਆਉਣ ਲੱਗਾ ਸੀ।ਬਸ ਜੱਸੀ ਨੂੰ ਡਰ ਸੀ ਕਿ ਹਰਜੋਤ ਦੇ ਘਰ ਦੇ ਉਹਨੂੰ ਅਪਨਾ ਲੈਣਗੇ ਕਿ ਨਹੀਂ , ਕਿਉਂ ਕਿ ਜੱਸੀ ਰੰਗ ਦੀ ਸਾਂਵਲੀ ਜਿਹੀ ਸੀ ਤੇ ਹਰਜੋਤ ਗੋਰਾ ਚਿੱਟਾ।

✪✪✪✪✪✪✪

# ਭਾਗ –8

ਜੱਸੀ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸਦੀਆ ਫਿਕਰਾਂ ਖਤਮ ਹੋਈਆਂ ਕਿ ਸ਼ੁਰੂ। ਦਿਲ ਦਿਮਾਗ ਵਿੱਚ ਹਜ਼ਾਰਾਂ ਹੀ ਸਵਾਲ ਗੇੜੀਆਂ ਲਾਉਣ ਲੱਗੇ।

ਹੁਣ ਤਾਂ ਚੈਟ ਗਰੁੱਪ ਵੀ ਬਣ ਗਿਆ ,ਤੇ ਜਿਸ ਵਿਚ ,ਹਰਜੋਤ ਦਾ ਭਰਾ,ਹਰਜੋਤ ਦੇ ਨਾਲ ਕੰਮ ਕਰਨ ਵਾਲਾ ਉਸਦਾ ਦੋਸਤ ਦੀਪ  ਵੀ ਐਡ ਸੀ,ਸਭ ਬੈਸਟ ਫਰੈਂਡ ਬਣ ਚੁੱਕੇ ਸੀ। ਹਰ ਰੋਜ਼ ਗੱਪਾਂ ਦਾ ਸਿਲਸਿਲਾ ਚੱਲਣ ਲੱਗਾ, ਕਦੇ ਕਦੇ ਐਵੇਂ ਗੱਲਾਂ ਹੋਣੀਆਂ ਜਿਵੇਂ ਦੋ ਪਰਿਵਾਰਾਂ ਵਿੱਚ ਕਿਸੇ ਵਿਆਹ ਨੂੰ ਲੈ ਕੇ ਤਿਆਰੀਆਂ ਚੱਲ ਰਹੀਆਂ ਹੋਣ।

ਬਾਣੀ :– ਭਾਈ ਅਸੀਂ ਮਿਲਣੀਆਂ ਹਿਸਾਬ ਦੀਆਂ ਹੀ ਕਰਨੀਆਂ , ਐਵੇਂ ਨਾ ਬਾਅਦ ਵਿੱਚ  ਕਿਹੋ ਦੀਪ ਦੀ ਮਿਲਣੀ ਕਰਾਉਣੀਂ ਆ।

ਸ਼ਿੰਦਾ :– ਅਸੀਂ ਤਾਂ ਕਰਾਉਣੀਂ ਆ ਸਭ ਦੀ ਮਿਲਣੀ,ਦੀਪ ਦੇ ਹਿੱਸੇ ਦਾ ਵੀ ਕੰਬਲ਼ ਲੈਣਾ ਅਸੀਂ।

ਦੀਪ :– ਆਹੋ ਸਭ ਨੂੰ ਕੰਬਲ ਮਿਲਣੇ, ਮੈਨੂੰ ਵੀ ਚਾਹੀਦਾ ਆ,ਐਨੀ ਠੰਡ ਆ ਮੈਂ ਕੀ ਕਰਾਂਗਾ ਐਨੀ ਠੰਡ ਵਿੱਚ ਮੈਨੂੰ ਵੀ ਲੁਕਣ ਵਾਸਤੇ ਕੰਬਲ ਦਿਓ।

ਬਾਣੀ :–  ਐਨੀ ਚੰਗੀ ਕੁੜੀ ਤੁਹਾਨੂੰ ਦੇਣੀ ,ਫਿਰ ਵੀ ਕੰਬਲਾਂ ਦੀ ਭੁੱਖ ਆ।

ਸ਼ਿੰਦਾ :– ਓਏ ! ਕੰਬਲਾਂ ਦੀ ਭੁੱਖ ਨਹੀਂ ਸਾਨੂੰ ,ਬਸ ਸਾਡਾ ਬਣਦਾ ਮਾਣ ਤਾਣ ਤਾਂ ਚਾਹੀਦਾ ਈ ਆ।

ਜੱਸੀ :– ਸਾਰਾ ਵਿਆਹ ਕਰਾਂਗੇ ਜੀ ਵਧੀਆ ,ਫ਼ਿਕਰ ਨਾ ਕਰੋ ।

ਹਰਜੋਤ :– ਨਾ ਸਾਨੂੰ ਨੀ ਖਰਚੇ ਵਾਲਾ ਵਿਆਹ ਚਾਹੀਦਾ ,ਬਸ ਚੁੰਨੀ ਚੜਾਵੇ ਵਾਲਾ

ਹੀ ਵਿਆਹ ਕਰਨਾ,ਤੁਹਾਡਾ ਖਰਚਾ ਨੀ ਹੋਣ ਦੇਣਾ।

ਬਾਣੀ :– ਵਾਹ ਕਿੰਨਾ ਪਿਆਰ ਆ ਜੀਜੇ,ਕਿੰਨੀ ਫ਼ਿਕਰ ਆ ਸਹੁਰਿਆਂ ਦੀ।

ਹਰਜੋਤ :– ਆਹੋ ਮੋਟੋ। ਜੱਸੀ ਕਿਹੜਾ ਅਲੱਗ ਆ ਮੇਰੇ ਤੋਂ, ਇਸ ਲਈ ਉਹਦੀ ਤੇ ਉਹਦੇ ਪਰਿਵਾਰ ਦੀ ਫ਼ਿਕਰ ਕਰਨੀ ਲਾਜ਼ਮੀ ਆ। ਸਾਡੇ ਪਰਿਵਾਰ ਵੀ ਇਕ ਹੀ ਆ।

ਸ਼ਿੰਦਾ :– ਇੰਨੀ ਚੰਗੀ ਕੁੜੀ ਮਿਲੀ ਸਾਨੂੰ ,ਫ਼ਿਕਰ ਕਰਨੀ ਤਾਂ ਬਣਦੀ ਆ,ਕੱਲ ਨੂੰ ਵੀ ਤਾਂ ਵਿਆਹ ਤੋਂ ਬਾਅਦ ਇਕ ਦੂਜੇ ਦੇ ਪਰਿਵਾਰਾਂ ਦਾ ਫ਼ਿਕਰ ਦੇਖਣਾ ਹੀ ਆ,ਫਿਰ ਹੁਣ ਹੀ ਕਿਉਂ ਨੀ।

ਬਾਣੀ :– ਹਮਮਮਮਮ , ਕਿੰਨੀ ਸਮਝਦਾਰ ਆ ਜੱਸੀ ਤੇਰੀ ਸਹੁਰਿਆਂ ਦੀ ਫੈਮਿਲੀ।

ਜੱਸੀ :– ਹਾਂਜੀ ।

ਦੀਪ :– ਕਾਸ਼ ਤੂੰ ਵੀ ਸਮਝਦਾਰ ਹੁੰਦੀ ਬਾਣੀ , ਤੈਨੂੰ ਵੀ ਜੱਸੀ ਦੇ ਨਾਲ ਹੀ ਲੈ ਆਉਂਦੇ।

ਸ਼ਿੰਦਾ :– ਹਾਹਾਹਾਹਾਹਾਹਾ ਆਹੋ ਸਹੀ ਕਿਹਾ ਦੀਪ।

ਹਰਜੋਤ :– ਓਏ ਬਸ ਕਰੋ ਤੁਸੀ,ਮੇਰੀ ਪਿਆਰੀ ਜਿਹੀ ਸਾਲੀ ਸਾਹਿਬਾਂ ਛੇੜਦੇ ਆ।

ਬਾਣੀ :– ਛੇੜ ਲੈਣ ਦਵੋ ਜੀਜੇ, ਜਦੋਂ ਇੱਥੇ ਆਏ ਅਸੀਂ ਵੀ ਛੇੜਾਗੇ ਫਿਰ।

ਸ਼ਿੰਦਾ :– ਕੋਈ ਨਾ ਅਸੀਂ ਵੀ ਪੂਰੀ ਤਿਆਰੀ ਨਾਲ ਆਵਾਂਗੇ,ਅਸੀਂ ਕੋਈ ਡਰਦੇ ਆ ਤੇਰੇ ਕੋਲੋਂ।

ਹਾਸੇ ਮਜ਼ਾਕ ਕਰਦਿਆਂ ਕਾਫੀ ਮਹੀਨੇ ਨਿਕਲ ਗਏ। ਸਭ ਦਾ ਪਿਆਰ ਮਜ਼ਾਕ ਹੋਰ ਵੀ ਵੱਧਦਾ ਗਿਆ। ਬਾਣੀ ਤੇ ਜੱਸੀ ਇਕੋ ਸ਼ਹਿਰ ਦੀਆਂ ਸੀ ,ਪਰ ਮਿਲੀਆ ਫੇਸਬੁੱਕ ਤੇ ਹੀ ਸੀ ਦੋਨੋਂ ਇਕੱਠੀਆਂ ਨੇ ਇਕੋ ਹੀ ਹਸਪਤਾਲ ਵਿਚ ਜੌਬ ਕਰਨੀ ਸ਼ੁਰੂ ਕਰ ਦਿੱਤੀ । ਹੁਣ ਜ਼ਿਆਦਾ ਤਰ ਇਕੱਠੀਆਂ ਹੀ ਸਮਾਂ ਬਿਤਾਉਣ ਲੱਗੀਆਂ,ਤੇ ਹਰ ਵੇਲੇ ਗੱਲਾਂ ਵਿੱਚ ਹਰਜੋਤ,ਸ਼ਿੰਦਾ ,ਤੇ ਦੀਪ ਦਾ ਹੀ ਜ਼ਿਕਰ ਹੁੰਦਾ ਰਹਿੰਦਾ।

ਜੱਸੀ ਨੂੰ ਬਹੁਤ ਰਿਸ਼ਤੇ ਆਉਂਦੇ ਸੀ ਵਿਆਹ ਲਈ,ਪਰ ਉਹ ਹਰ ਵਾਰ ਨਾਂ ਕਰ ਦਿੰਦੀ। ਤੇ ਹਰ ਵਾਰ ਉਹ ਹਰਜੋਤ ਨੂੰ ਦੱਸਦੀ ।

ਜੱਸੀ :– ਆਪਾ ਵਿਆਹ ਕਦੋਂ ਕਰਾਉਣਾ ...?

ਹਰਜੋਤ :– ਜਲਦੀ ਹੀ ...ਪਰ ਕੀ ਹੋਇਆ ਤੂੰ ਇਕਦਮ ਹੀ ਕਿਉਂ ਪੁੱਛਿਆ..?

ਜੱਸੀ :– ਵੈਸੇ ਹੀ ਰਿਸ਼ਤੇ ਆਉਂਦੇ ਆ ਬਹੁਤ ਇਸ ਲਈ ਪੁੱਛਿਆ।

ਹਰਜੋਤ :– ਹੁਣ ਵੀ ਆਇਆ ਕੋਈ ਰਿਸ਼ਤਾ...?

ਜੱਸੀ :– ਹਾਂਜੀ,ਅੱਜ ਆਇਆ ਸੀ ਕੋਈ ਘਰੇ , ਮੁੰਡੇ ਦੀ ਦੱਸ ਪਾ ਰਿਹਾ ਸੀ ਮੰਮੀ ਹੋਣਾ ਕੋਲ ।

ਹਰਜੋਤ :– ਅੱਛਾ ਫਿਰ ਕੀ ਕਿਹਾ ਡੈਡੀ ਤੇ ਮੰਮੀ ਹੋਰਾਂ ਨੇ...?

ਜੱਸੀ :– ਅਜੇ ਕੁਝ ਨਹੀਂ ਕਿਹਾ। ਪਰ ਇਹ ਵੀ ਤਾਂ ਪਤਾ  ਨਹੀਂ ਕਿ ਉਹਨਾਂ ਨੇ ਕੀ ਕਹਿ ਦੇਣਾ।

ਹਰਜੋਤ :– ਅੱਛਾ ਮੁੰਡਾ ਕੀ ਕਰਦਾ ਆ, ਫੋਟੋ ਦੇਖੀ ਤੂੰ ਕਿੱਦਾਂ ਦਾ ਆ..?

ਜੱਸੀ :– ਬਾਹਰ ਗਿਆ ਆ, ਇਟਲੀ ।

ਹਰਜੋਤ :– ਪੈਲੀ ਵੀ ਹਿਸੇ ਆਉਂਦੀ ਹੋਣੀ,ਬਾਹਰ ਗਿਆ ਤਾਂ ਅਮੀਰ ਹੋਣੇ।

ਜੱਸੀ :– ਇਹ ਸਭ ਤੁਸੀਂ ਕਿਉਂ ਪੁੱਛ ਰਹੇ ਹੋ,ਇਰਾਦਾ ਕੀ ਆ ਤੁਹਾਡਾ ਕਿ ਮੈਂ ਉਹਦੇ ਨਾਲ ਵਿਆਹ ਕਰਾ ਲਵਾਂ ਜੇ ਅਮੀਰ ਆ ਤਾਂ ।

ਹਰਜੋਤ :– ਨਹੀਂ ਕਮਲੀਏ ਇਹ ਗੱਲ ਨਹੀਂ ਆ, ਮੈਂ ਤਾਂ ਵੈਸੇ ਹੀ ਪੁੱਛਦਾ ਸੀ।

ਜੱਸੀ :– ਮੈਨੂੰ ਨਹੀਂ ਲਗਦਾ ਕਿ ਤੁਸੀਂ ਵੈਸੇ ਹੀ ਪੁੱਛਿਆ ਸੀ,ਦਿਲ ਵਿੱਚ ਕੀ ਚੱਲਦਾ ਦੱਸੋ...?

ਹਰਜੋਤ :– ਕੁਝ ਨਹੀਂ ਚੱਲਦਾ ਮੇਰੇ ਦਿਲ ਵਿਚ, ਤੂੰ ਬਸ ਗੱਲ ਨਾ ਵਧਾ।

ਜੱਸੀ :– ਠੀਕ ਆ ਫਿਰ ਆਪਣੇ ਘਰੇ ਗੱਲ ਕਰ ਲਵੋ ਪਲੀਜ਼। ਮੈਂ ਹੋਰ ਕਿੰਨੇ ਕਿ ਰਿਸ਼ਤੇ ਮੋੜਾ। ਮੇਰੇ ਘਰ ਦੇ ਵੀ ਮਨਾਉਂਣੇ ਆ ਤੁਸੀਂ।

ਹਰਜੋਤ :– ਕੋਈ ਨਾ ਮਨਾਂ ਲਵਾਂਗਾ ਤੇਰੇ ਘਰਦੇ ਵੀ, ਨਾ ਮੰਨੇ ਤਾਂ ਉਹਨਾਂ ਦੇ ਪੈਰ ਫੜ ਕੇ ਉਹਨਾਂ ਕੋਲੋਂ ਮੰਗ ਲਵਾਂਗਾ ਤੈਨੂੰ।

ਜੱਸੀ :– ਤੇ ਆਪਣੇ ਘਰ ਦੇ ਕਿਵੇਂ ਮਨਾਓਗੇ..?

ਹਰਜੋਤ :– ਮੇਰੇ ਘਰ ਦੇ ਬਹੁਤ ਔਖੇ ਮੰਨਣਗੇ। ਕੋਸ਼ਿਸ਼ ਕਰਾਂਗਾ ਜਲਦੀ ਮੰਨ ਜਾਣ।

ਜੱਸੀ :– ਦੇਖਿਓ ਤੁਹਾਡਾ ਜਵਾਬ ਪਤਾ ਕੀ ਹੋਣਾ ਸੌਰੀ ਜੱਸੀ ਮੇਰੇ ਘਰ ਦੇ ਨੀ ਮੰਨੇ ਮੈਂ ਤੇਰੇ ਨਾਲ ਵਿਆਹ ਨਹੀਂ ਕਰਾ ਸਕਦਾ,ਹੋ ਸਕਿਆ ਤਾਂ ਮੈਨੂੰ ਮਾਫ ਕਰੀਂ। ਜਿੱਥੇ ਘਰ ਦੇ ਕਹਿਣਗੇ, ਉੱਥੇ ਕਰਾਉਣਾ ਮੈਂ ਵਿਆਹ, ਪਰਿਵਾਰ ਜ਼ਰੂਰੀ ਆ ਪਿਆਰ ਨਾਲੋਂ ਵੀ

ਹਰਜੋਤ :– ਥੱਪੜ ਨਾ ਖ਼ਾਲੀ ,ਬਕਵਾਸ ਕਰਦੀ ਆ, ਤੇਰੇ ਬਿਨਾਂ ਜ਼ਿੰਦਗੀ ਬਾਰੇ ਸੋਚਦਾ ਵੀ ਨਹੀਂ ਮੈਂ,ਆਪੇ ਹੀ ਦਿਮਾਗ ਚਲਾਉਂਦੀ ਰਹਿੰਦੀ ਆ। ਅੱਗੇ ਮਰੀਓ ਜਿਹੀ ਆ। ਐਵੇਂ ਸੁਕ ਜਾਣਾ ਤੂੰ ਫਿਕਰਾਂ ਨਾਲ। ਮੈਂ ਫਿਰ ਵਿਆਹ ਵੀ ਨਹੀਂ ਕਰਾਉਣਾ ਤੀਲੇ ਵਰਗੀ ਨਾਲ।

ਜੱਸੀ :– ਤੁਹਾਨੂੰ ਸਮਝ ਨਹੀਂ ਆਉਣੇ ਮੇਰੇ ਫ਼ਿਕਰ ,ਇਹੀ ਫਿਕਰਾਂ ਕਰਕੇ ਮੈਂ ਪਿਆਰ ਤੋਂ ਦੂਰ ਰਹਿੰਦੀ ਸੀ,ਤੁਸੀਂ ਕਿਉਂ ਆਏ ਮੇਰੀ ਜ਼ਿੰਦਗੀ ਵਿੱਚ।

ਹਰਜੋਤ :– ਸਭ ਸਮਝਦਾ ਆ ਫਿਕਰਾਂ , ਮੈਨੂੰ ਵੀ ਆ ,ਪਰ ਤੂੰ ਨਾ ਮੇਰੇ ਹੁੰਦਿਆਂ ਫ਼ਿਕਰ ਕਰਿਆ ਕਰ,ਮੈਂ ਹੈਗਾ ਤੇਰੇ ਲਈ ਵੀ ਫ਼ਿਕਰ ਕਰਨ ਲਈ।

✪✪✪✪✪✪✪

# ਭਾਗ – 9

ਹਰਜੋਤ :– ਆਪਣਾ ਖਿਆਲ ਰੱਖਿਆ ਕਰ, ਫ਼ਿਕਰ ਨਾ ਕਰ।

ਜੱਸੀ :– ਨਹੀਂ ਕਰਦੀ ਫ਼ਿਕਰ , ਤੁਸੀਂ ਨਾ ਬਦਲਿਓ ਕਦੇ ਵੀ।

ਹਰਜੋਤ :– ਨਹੀਂ ਬਦਲਦਾ ਸੋਹਣੀਏਂ । ਜੇ ਤੂੰ ਬਦਲ ਗਈ,ਫਿਰ ਮੈਂ ਕੀ ਕਰਾਂਗਾ।

ਜੱਸੀ :– ਹਾਂਜੀ ਮੇਰਾ ਕੋਈ ਭਰੋਸਾ ਨਹੀਂ, ਮੈਂ ਕਦੇ ਵੀ ਬਦਲ ਸਕਦੀ ਆ, ਤੁਸੀਂ ਹੁਣ ਤੋਂ ਹੀ ਹੋਰ ਕੁੜੀ ਲੱਭ ਰੱਖੋ, ਮੈਂ ਤਾਂ ਕਦੇ ਵੀ ਛੱਡ ਸਕਦੀ ਆ।

ਹਰਜੋਤ :– ਦੇਖਲਾ , ਹਜੇ ਮੈਨੂੰ ਕਹਿੰਦੀ ਆ,ਤੁਸੀਂ ਨਾ ਬਦਲਿਓ ਬਸ।

ਜੱਸੀ :– ਮੁੰਡੇ ਹੀ ਬਦਲਦੇ ਹੁੰਦੇ ਆ,ਤਾਂ ਕਿਹਾ।

ਹਰਜੋਤ :– ਠੀਕ ਆ, ਗੱਲ ਸੁਣ ਮੇਰੀ ਤੂੰ ਹਰਦੀਪ ਬਰਾੜ ਦੀ ਪੋਸਟ ਤੇ ਕੁਮੈਂਟ ਕਿਉਂ ਕੀਤਾ,ਡਿਲੀਟ ਕਰ ਕੇ ਆ,ਉਹ ਮੇਰੇ ਪਿੰਡ ਦਾ ਆ ਮੁੰਡਾ ਉਹਨੂੰ ਬਲੌਕ ਵੀ ਕਰ , ਚੰਗਾ ਨਹੀਂ ਆ, ਐਵੇਂ ਪੰਗਾ ਪਾ ਦਵੇਗਾ ਕੋਈ ਜੇ ਉਹਨੂੰ ਪਤਾ ਲੱਗ ਗਿਆ।

ਜੱਸੀ :– ਠੀਕ ਆ ਕਰ ਦਿੰਦੀ ਆ।

ਹਰਜੋਤ :– ਮੇਰੇ ਪਿੰਡ ਦੇ ਬਲੋਕ ਕਰੀ ਜਾਇਆ ਕਰ, ਐਵੇਂ ਸਾਲ਼ੇ ਪੰਗੇ ਖੜੇ ਕਰ ਦੇਣਗੇ,ਵਿਆਹ ਤੋਂ ਪਹਿਲਾਂ ਹੀ।

ਜੱਸੀ :–ਕੀ ਪੰਗਾ ਪਾ ਦੇਣਗੇ, ਤੁਹਾਡੇ ਕਿੰਨੇ ਕਿ ਚੱਕਰ ਰਹੇ ਆਹੀ ਡਰ ਆ ਤੁਹਾਡਾ।

ਹਰਜੋਤ :– ਯਾਰ ਚੱਕਰ ਇਕੋ ਸੀ ਪ੍ਰੀਤ ਨਾਮ ਦੀ ਕੁੜੀ ਨਾਲ ਉਹ ਤੈਨੂੰ ਮੈਂ ਪਹਿਲਾਂ ਹੀ ਦੱਸ ਦਿੱਤਾ ਸੀ, ਤੂੰ ਭੁੱਲ ਗਈ ਮੈਂ ਕੀ ਕਰਾਂ।

ਜੱਸੀ :– ਹਮਮਮ ਜੀ ਯਾਦ ਆ, ਸ਼ਿੰਦਾ ਬਿਮਾਰ ਹੋ ਗਿਆ ਸੀ,ਤੁਸੀਂ ਹਸਪਤਾਲ ਲੈ ਕੇ ਗਏ ਸੀ ਤੇ ਉਹ ਉਥੇ  ਨਰਸ ਲੱਗੀ ਹੋਈ ਸੀ। ਉਹਨੇ ਸ਼ਿੰਦੇ ਨੂੰ ਕਿਹਾ ਸੀ ਤੇਰਾ ਵੀਰਾਂ

ਪਸੰਦ ਆ ਗਿਆ ਮੈਨੂੰ,ਪਲੀਜ਼ ਮੈਨੂੰ ਉਹਨਾਂ ਦਾ ਨੰਬਰ ਦੇ ਦਿਓ। ਉਹਨੇ ਖੁਦ ਪ੍ਰੋਪੋਜ਼ ਕੀਤਾ ਸੀ। ਦੇਖਲੋ ਸਭ ਯਾਦ ਆ।

ਹਰਜੋਤ :– ਹਮਮਮ, ਮੈਂ ਨੀ ਯਾਦ ਰਹਿੰਦਾ ਤੈਨੂੰ, ਉਹਦੀ ਗੱਲ ਯਾਦ ਸੀ।

ਜੱਸੀ :– ਤੁਸੀਂ ਯਾਦ ਰਹਿੰਦੇ ਹੋ ਤਾਂਹੀ ਗੱਲ ਯਾਦ ਸੀ,ਫਿਰ ਵਿਆਹ ਕਿਉਂ ਨਹੀਂ ਕਰਾਇਆ ਤੁਸੀਂ...?

ਹਰਜੋਤ :– ਉਹਦੀ ਤੇ ਮੇਰੀ ਕਾਸਟ ਨਹੀ ਮਿਲਦੀ ਸੀ। ਉਹਦੀ ਫੈਮਿਲੀ ਮੰਨੀ ਹੀ ਨਹੀਂ।

ਜੱਸੀ :– ਉਹ ਤਾਂ ਆਪਣੀ ਵੀ ਨਹੀਂ ਮਿਲਦੀ , ਫਿਰ ਆਪਣਾ ਵੀ ਵਿਆਹ ਨਹੀਂ ਹੋਵੇਗਾ...?

ਹਰਜੋਤ :– ਪਾਗ਼ਲ ਉਹਦੀ ਫੈਮਿਲੀ ਨਹੀਂ ਮੰਨੀ,ਸਾਡੀ ਫੈਮਿਲੀ ਨਹੀਂ ਯਕੀਨ ਰੱਖਦੀ ਜਾਤਾਂ ਪਾਤਾਂ ਵਿੱਚ। ਤੂੰ ਹੁਣੇ ਦੱਸ ਦੇ ਮੈਨੂੰ, ਤੂੰ ਵੀ ਨਾ ਨਰਸ ਵਾਂਗੂੰ ਮੇਰੇ ਪੱਲੇ ਰੋਣਾ ਪਾ ਜਾਈ।

ਜੱਸੀ :– ਹਾਹਾਹਾ...ਨਹੀਂ ਸਾਡੇ ਵੀ ਨਹੀਂ ਜਾਤ ਪਾਤ ਨੂੰ ਪਹਿਲ ਦਿੰਦੇ, ਇਨਸਾਨ ਦੇਖਦੇ,ਜੋ ਕੁੜੀ ਦੀ ਇਜ਼ਤ ਕਰਦਾ ਹੋਵੇ।

ਹਰਜੋਤ :– ਬਸ ਫਿਰ ਫ਼ਿਕਰ ਨਾ ਕਰ... ਚੜਦੇ ਸਿਆਲ ਤੈਨੂੰ ਮਿੱਠੀਏ ਮਿੱਤਰਾਂ ਵਿਆਹ ਕੇ ਲੈ ਜਾਣਾ ਨਹੀਂ।

ਜੱਸੀ :– ਠੀਕ ਆ ਬਰਾੜ ਸਾਬ ਜੀ ! ਮੈਂ ਸ਼ਾਮ ਨੂੰ ਫੋਨ ਕਰਦੀ ਆ,ਹੁਣ ਜੌਬ ਤੇ ਸੀ ਮੈਂ।

ਹਰਜੋਤ :– ਕਿੰਨੇ ਕੁ ਵਜੇ ...?

ਜੱਸੀ :– ਸ਼ਾਮ ਨੂੰ 6 ਕੁ ਵਜੇ ।

ਹਰਜੋਤ : – ਆਹੋ ਯਾਰ 8 ਵਜੇ ਤੱਕ ਕਰ ਲਿਆ ਕਰ ਫੋਨ ਇਸ ਤੋਂ ਬਾਅਦ ਨੀ,ਤੈਨੂੰ ਪਤਾ ਹੀ ਆ ਡੈਡੀ ਹੁੰਦੇ ਆ ਘਰ,ਫਿਰ ਉਹ ਬੋਲਦੇ ਆ ਕਿ ਫੋਨ ਤੇ ਲੱਗੇ ਰਹਿੰਦੇ ਆ।

ਜੱਸੀ :– ਠੀਕ ਆ,ਨਹੀਂ ਕਰਦੀ।

ਹਰਜੋਤ :– ਚੱਲ ਸ਼ਾਮ ਨੂੰ ਫੋਨ ਕਰ ਲਵੀਂ ਚੇਤੇ ਨਾਲ।

ਬਾਣੀ ਤੇ ਜੱਸੀ ਦੋਨੋਂ ਜੌਬ ਤੋਂ ਛੁੱਟੀ ਕਰਕੇ ਘਰ ਜਾਣ ਲਈ ਬੱਸ ਸਟੈਂਡ ਤੇ ਖੜੀਆਂ ਸੀ, ਜੱਸੀ ਨੂੰ ਯਾਦ ਆਉਂਦਾ ਵੀ ਹਰਜੋਤ ਨੂੰ ਫੋਨ ਕਰਨਾ ਸੀ।

ਜੱਸੀ :– ਬਾਣੀ ਮੈਂ ਹਰਜੋਤ ਨੂੰ ਫੋਨ ਕਰ ਲਵਾਂ ਜਿਨਾਂ ਟਾਇਮ ਬੱਸ ਨਹੀਂ ਆ ਜਾਂਦੀ ਮੇਰੀ, ਨਾਲੇ ਤੇਰਾ ਵੀਰ ਆ ਜਾਵੇਗਾ ਉਦੋਂ ਤੱਕ।

ਬਾਣੀ :– ਹਮਮਮ ਕਰ ਲੈ,ਮੇਰੀ ਵੀ ਗੱਲ ਕਰਵਾਈ ਅੱਜ।

ਜੱਸੀ :– ਹਾਂ ਠੀਕ ਆ,ਘਰ ਜਾ ਕੇ ਮੇਰਾ ਵੀ ਟਾਇਮ ਨਹੀ  ਲੱਗਦਾ। ਚੱਲ ਮੈਂ ਲਗਾਉਂਦੀ ਆ ਫੋਨ...। ਰਿੰਗ ਜਾ ਰਹੀ ਸੀ ਜੱਸੀ ਫੋਨ ਕੱਟ ਕਰਨ ਹੀ ਲਗਦੀ। ਕੇ ਅਗਿਓਂ ਹੈਲੋ ਦੀ ਅਵਾਜ਼ ਆਈ। ਜੱਸੀ ਵੀ ਹੈਲੋ ਕਹਿ ਦਿੰਦੀ ਮਲਮੀ ਜਿਹੀ ਅਵਾਜ਼ ਵਿਚ। ਹਰਜੋਤ ਦਾ ਫੋਨ ਕਿਸੇ ਕੁੜੀ ਨੇ ਚੁੱਕਿਆ ਸੀ । ਤਾਂ ਜੱਸੀ ਨੇ ਫਟਾਫਟ ਫੋਨ ਕੱਟ ਦਿੱਤਾ।

ਬਾਣੀ :– ਆਹ ਕੀ ਹੋਇਆ ਤੂੰ ਫੋਨ ਕੱਟ ਵੀ ਦਿੱਤਾ।

ਜੱਸੀ :– ਬਾਣੀ ਫੋਨ ਕਿਸੇ ਕੁੜੀ ਨੇ ਚੁੱਕਿਆ ਸੀ।

ਬਾਣੀ :– ਅੱਛਾ ! ਹਰਜੋਤ ਦੀ ਭੈਣ ਹੋਣੀ।

ਜੱਸੀ :– ਪਰ ਹਰਜੋਤ ਨੇ ਤਾ ਕਿਹਾ ਸੀ ਉਹਨਾਂ ਦੀ ਇਕੋ ਭੈਣ ਹੈ ਮਨੀ ਤੇ ਉਹ ਕੇਨੈਡਾ ਵਿੱਚ ਆ।

ਬਾਣੀ :– ਫਿਰ ਤੂੰ ਪੁੱਛਣਾ ਸੀ ਵੀ ਤੁਸੀਂ ਕੋਣ ਹੋ..।

ਜੱਸੀ :– ਨਹੀਂ ਯਾਰ ਐਵੇਂ ਉਹਦੀ ਮੰਮੀ ਹੁੰਦੀ ਤਾਂ ਮੈਨੂੰ ਗਾਲਾਂ ਕੱਢਣ ਲੱਗ ਜਾਂਦੀ ਫਿਰ।

ਐਨੇ ਨੂੰ ਹਰਜੋਤ ਦੀ ਬੈਕ ਕਾਲ ਆ ਜਾਂਦੀ।

ਜੱਸੀ :– ਹਾਂਜੀ ।

ਹਰਜੋਤ :– ਹਾਂ ਕਿਵੇਂ ਆ ਜੱਸੀ ?

ਜੱਸੀ :– ਹਾਂਜੀ ਠੀਕ ਆ  ਤੁਸੀਂ ਇਹ ਦੱਸੋ ਫੋਨ ਕਿਸੇ ਨੇ ਚੁੱਕਿਆ ਸੀ ਜਦੋਂ ਮੈਂ ਕੀਤਾ ਸੀ ਪਹਿਲਾਂ...?

ਹਰਜੋਤ :– ਉਹ ਤੈਨੂੰ ਦੱਸਣਾ ਭੁੱਲ ਗਿਆ ਕੱਲ ਦੀ ਤਾਏ ਦੀ ਵੱਡੀ ਕੁੜੀ ਦੀ ਕੁੜੀ ਆਈ ਆ ਰਹਿਣ ਛੁੱਟੀਆਂ ਕਰਕੇ। ਉਹਨੇ ਚੱਕੀ ਸੀ ਕਾਲ। ਕਹਿੰਦੀ ਮਾਮਾ ਜੀ ਹੈਲੋ ਕਹਿਣ ਤੋਂ ਬਾਅਦ ਅੱਗਿਓਂ ਮੁੜਕੇ ਕੋਈ ਬੋਲਿਆ ਹੀ ਨਹੀਂ।

ਜੱਸੀ :– ਓਕੇ। ਮੈਂ ਡਰ ਹੀ ਗਈ ਸੀ,ਪਤਾ ਨਹੀਂ ਤੁਹਾਡੇ ਮੰਮੀ ਜੀ ਤਾਂ ਨਹੀਂ ਸੀ ਕਿਤੇ।

ਹਰਜੋਤ :– ਓਏ ਨਹੀਂ ਓਏ । ਡਰਨਾ ਕਿਉ ਵਿਆਹ ਤੋਂ ਬਾਅਦ ਇੱਥੇ ਹੀ ਆਉਣਾ ਤੂੰ ,ਇਹਨਾਂ ਸਭ ਵਿਚ ਹੀ ਰਹਿਣਾ ਆ। ਚੰਗੇ ਆ ਸਭ ਇੱਥੇ ,ਐਨੀ ਨਾ ਫ਼ਿਕਰ ਕਰਿਆ ਕਰ।

ਜੱਸੀ :– ਅੱਛਾ ਜੀ  । ਪਤਾ ਨਹੀਂ ਕਦੋਂ ਆਉਣਾ ਉਹ ਵੇਲਾ।

ਹਰਜੋਤ :– ਜਲਦੀ ਹੀ ਆਵੇਂਗਾ। ਮਨੀ ਨੇ ਸਭ ਕਾਗਜ਼ ਪੱਤਰ ਕਰਲੇ ਸੈੱਟ। ਜਲਦੀ ਹੀ ਤਿਆਰੀ ਆ ਆਪਣੀ ਦੋਵਾਂ ਦੀ।

ਜੱਸੀ :– ਗੱਲ ਸੁਣੋ ਆਪਾਂ ਇੱਧਰ ਹੀ ਰਹਿ ਲਵਾਂਗੇ ਖੇਤੀ ਕਰਕੇ,ਬਾਹਰ ਸਾਰੀ ਫੈਮਲੀ ਦਾ ਜਾਣਾ ਜ਼ਰੂਰੀ ਥੋੜੀ ਹੁੰਦਾਂ। ਬਸ ਵਿਆਹ ਤੋਂ ਬਾਅਦ ਆਪਾਂ ਇਕੱਠੇ ਰਵਾਂਗੇ ਇੱਧਰ ।

ਹਰਜੋਤ :– ਮਨੀ ਇਕੱਲੀ ਆ ਉਧਰ। ਬਾਕੀ ਦੇਖਦੇ ਆ ਅਜੇ ਕਿਹੜਾ ਤੁਰੇ ਜਾਂਦੇ ਆ। ਤੂੰ ਡਰਿਆ ਨਾ ਕਰ ਮੇਰਾ ਕੋਈ ਵੀ ਚੁੱਕ ਲੈਂਦਾ ਆ ਘਰ ਵਿੱਚੋ। ਸਾਰੀ ਫੈਮਲੀ ਇਕੱਠੀ ਹੀ ਰਹਿੰਦੀ ਕਰਕੇ। ਭਾਬੀਆਂ, ਭੈਣਾਂ ਭਰਾ ਸਭ ਇਕੋ ਜਗ੍ਹਾ ਆ ਅਸੀ। ਇਨਾਂ ਵੱਡਾ ਆ ਤੇਰਾ ਸਹੁਰਿਆਂ ਦਾ ਪਰਿਵਾਰ।

ਜੱਸੀ :– ਠੀਕ ਆ ਬਰਾੜ ਸਾਬ ਜੀ। ਮੈਨੂੰ ਉਡੀਕ ਆ ਕਦੋਂ ਮੈਂ ਤੁਹਾਡੀ ਫੈਮਿਲੀ ਦਾ

ਹਿੱਸਾ ਬਣਾਂਗੀ। ਪਤਾ ਨਹੀਂ ਕਦੋਂ ਆਉਣਾ ਉਹ ਦਿਨ।

ਹਰਜੋਤ :– ਬਹੁਤ ਜਲਦ।

ਜੱਸੀ :– ਠੀਕ ਆ ਜੀ, ਚੈਟ ਕਰਦੇ ਆ ਘਰ ਜਾ ਕੇ,ਮੇਰੀ ਬੱਸ ਆ ਗਈ ਹੁਣ।

ਹਰਜੋਤ :– ਓਕੇ ਲਵ ਯੂ ਬੁੱਗੀ,ਬਾਏ।

ਜੱਸੀ :– ਲਵ ਯੂ ਟੂ ਬਰਾੜ ਸਾਬ। ਬਾਏ

✪✪✪✪✪✪✪

# ਭਾਗ –10

ਹੱਸਦੇ ਹੱਸੌਂਦੇ ਸਾਲ ਬੀਤ ਗਿਆ,ਰਿਸ਼ਤੇ ਆਉਂਦੇ ਰਹੇ,ਜੱਸੀ ਨਾ ਕਰਦੀ ਰਹੀ,ਮਸਤ ਰਹਿੰਦੀ ਉਹ ਆਪਣੇ ਦੋਸਤਾ ਦੇ ਨਾਲ। ਨਾਲ ਨਾਲ ਜੌਬ ਵੀ ਚੱਲਦੀ ਰਹੀ। ਜ਼ਿੰਦਗੀ ਸੋਹਣੀ ਚੱਲ ਰਹੀ ਸੀ। ਐਨੇ ਵਧੀਆ ਦੋਸਤ ਜੋਂ ਨਾਲ ਸੀ,ਬਾਣੀ ਭੈਣਾਂ ਵਰਗਾ ਸਾਥ ਦਿੰਦੀ ਤੇ ਖਿਆਲ ਰੱਖਦੀ ਜੱਸੀ ਦਾ। ਜਦੋਂ ਕਦੇ ਹਰਜੋਤ ਲੜ ਪੈਂਦਾ ਜੱਸੀ ਨਾਲ ਤਾਂ ਹਰਜੋਤ ਦੀ ਕਲਾਸ ਰੱਜ ਕੇ ਲਗਾਉਂਦੀ। ਹਰਜੋਤ ਨੂੰ ਤਾਂ ਸਿੱਧਾ ਕਰ ਰੱਖਿਆ ਸੀ ਬਾਣੀ ਨੇ,ਤੇਜ਼ ਤਰਾਰ ਸੀ ਤਾਂ ਸਭ ਡਰਦੇ ਸੀ ਉਸ ਕੋਲੋ।

ਜੱਸੀ :– ਮੈਂ ਸੋਚਦੀ ਆ ਜੌਬ ਛੱਡ ਦਵਾ ।

ਹਰਜੋਤ :– ਕਿਉਂ ..?ਘਰ ਤੂੰ ਕੀ ਕਰਨਾ , ਵੇਹਲੀ ਬੈਠ ਮੋਟੀ ਹੋਣਾ,ਜੌਬ ਤੇ ਜਾਂਦੀ ਏ ਤਾਂ ਚਾਰ ਪੈਸੇ ਕਮਾਉਂਦੀ ਆ,ਘਰ ਦਿਆ ਤੋਂ ਨਹੀਂ ਮੰਗਣੇ ਪੈਂਦੇ ਲੋੜ ਪਈ ਤੇ।

ਜੱਸੀ :– ਨਹੀਂ ਹੋਇਆ ਤਾਂ ਕੁਝ ਵੀ ਨਹੀਂ,ਬਸ ਵੈਸੇ  ਹੀ ਥੱਕ ਗਈ ਮੈਂ ਜੌਬ ਕਰਕੇ।

ਹਰਜੋਤ :– ਤੇਰੇ ਕੋਲੋ ਉਥੇ ਬੋਰੀਆਂ ਚਲਾਉਂਦੇ ਆ,ਜਿਹੜਾ ਤੂੰ ਥੱਕ ਜਾਂਦੀ ਆ,ਕੱਲ ਨੂੰ ਮੇਰੇ ਨਾਲ ਬਾਹਰ ਜਾਵੇਗੀ,ਉਥੇ ਕਿਹੜਾ ਵੇਹਲੀ ਰਹੇਗੀ।

ਜੱਸੀ :– ਬਾਹਰ ਲੈ ਕੇ ਜਾਣਾ ਤੁਸੀਂ ਮੈਨੂੰ...?

ਹਰਜੋਤ :– ਨਾ ਤੈਨੂੰ ਕੀ ਕਰਨਾ ਲਿਜਾ ਕੇ, ਮੈਂ ਹੀ ਚਲਾ ਜਾਣਾ ਇਕੱਲੇ ਨੇ।

ਜੱਸੀ :– ਜਾਇਓ ਫਿਰ ।

ਹਰਜੋਤ :– ਐਦਾਂ ਕਿੱਦਾਂ ਜਾਇਓ। ਤੇਰੇ ਬਿਨਾਂ ਕਿਦਾਂ ਜਾਵਾਂਗਾ। ਸਾਰੀ ਗੱਲ ਘਰੇ ਕਰਕੇ ਫਿਰ ਜਾਵਾਂਗਾ, ਤੇਰੇ  ਕਾਗਜ਼ ਪੱਤਰ ਲੈ ਕੇ ਜਾਵਾਂਗਾ, ਤੇਰੀ ਫਾਇਲ ਨਾਲ ਹੀ ਲਗਾ ਦੇਣੀ।

ਜੱਸੀ :– ਆਪਾਂ ਇੱਧਰ ਨਹੀਂ ਰਹਿ ਸਕਦੇ...?

ਹਰਜੋਤ :– ਤੂੰ ਇੱਧਰ ਕੀ ਕਰਨਾ, ਜਦੋਂ ਸਾਰੀ ਫੈਮਲੀ ਬਾਹਰ ਹੋਣੀ ...?

ਜੱਸੀ :– ਮੈਂ ਇੱਧਰ ਹੀ ਮੰਮੀ ਹੋਣਾ ਨਾਲ ਰਹਿਣਾ ਚਾਹੁੰਦੀ ਆ। ਐਨੀ ਦੂਰ ਨਹੀਂ ਜਾਣੇ ਨੂੰ ਦਿਲ ਕਰਦਾ।

ਹਰਜੋਤ :– ਵਿਆਹ ਤੋਂ ਬਾਅਦ ਤਾਂ ਮੇਰੇ ਨਾਲ ਹੀ ਰਹੇਗੀ ਕਿ ਮੰਮੀ ਹੋਣਾ ਨਾਲ ਰਹਿਣਾ ..?

ਜੱਸੀ :– ਰਹਿਣਾ ਤਾਂ ਤੁਹਾਡੇ ਨਾਲ ਹੀ ਆ,ਪਰ ਇੰਡੀਆ ਵਿੱਚ ਹੀ , ਕੇਨੈਡਾ ਵਿਚ ਨਹੀਂ।

ਹਰਜੋਤ :– ਠੀਕ ਆ,ਹੁਣ ਤੂੰ ਮੰਮੀ ਹੋਣਾ ਕੋਲ ਹੀ ਰਹੀ, ਮੈਂ ਵੀ ਨਹੀਂ ਲੈ ਕੇ ਜਾਣੀ । ਫੋਨ ਨਾ ਕਰੀਂ ਮੈਨੂ ।

ਬਾਏ  ਬੋਲ ਕੇ ਹਰਜੋਤ ਫੋਨ ਕੱਟ ਦਿੰਦਾ। ਜੱਸੀ ਵਾਰ ਵਾਰ ਫੋਨ ਲਗਾਉਂਦੀ ਪਰ ਹਰਜੋਤ ਫੋਨ ਚੁੱਕਦਾ ਹੀ ਨਾ। ਜੱਸੀ ਦੀਪ ਨੂੰ ਫੋਨ ਕਰਦੀ ।

ਦੀਪ :– ਹਾਂਜੀ ਭਾਬੋ ਕਿਵੇਂ ਯਾਦ ਆ ਗਈ ਅੱਜ ਗਰੀਬ ਦੀ।

ਜੱਸੀ :– ਕੁੱਟ ਨਾ ਖਾ ਲਵੀਂ,ਕਿਹੜਾ ਪਹਿਲੀ ਵਾਰ ਫੋਨ ਕੀਤਾ। ਅੱਗੇ ਵੀ ਕਰਦੀ ਆ।

ਦੀਪ :– ਹਾਂਜੀ ਕਰਦੇ ਆ ਜੀ ਮੈਂ ਤਾਂ ਮਜ਼ਾਕ ਕਰਦਾ ਸੀ,ਜੱਸੀ ਹੋਰ ਸੁਣਾ।

ਜੱਸੀ :– ਹਰਜੋਤ ਨਾਲ ਗੱਲ ਕਰਵਾਈ ।

ਦੀਪ :– ਉਹ ਤਾਂ ਚਲਾ ਗਿਆ ਘਰ ਨੂੰ , ਮੈਂ ਵੀ ਚੱਲਾ ਹੀ ਸੀ ਬਸ।

ਜੱਸੀ :– ਮੇਰੇ ਨਾਲ ਗੁੱਸੇ ਹੋ ਕੇ ਫੋਨ ਕੱਟ ਦਿੱਤਾ ਸੀ ਹਰਜੋਤ ਨੇ ਇਸ ਲਈ ਫ਼ਿਕਰ ਜਿਹੀ ਹੋਈ ਸੀ, ਮੈਂ ਸੋਚਿਆ ਤੇਰੇ ਕੋਲ ਹੀ ਹੋਣੇ।

ਦੀਪ :– ਨਹੀਂ ਮੇਰੇ ਕੋਲ ਤਾਂ ਹੈ ਨਹੀਂ ਤੁਸੀਂ ਸ਼ਿੰਦੇ ਨੂੰ ਫੋਨ ਕਰਲੋ ਉਹ ਘਰ ਹੀ ਹੋਣਾ, ਨਾਇਟ ਡਿਊਟੀ ਹੁੰਦੀ ਉਹਦੀ। ਇਸ ਵੇਲੇ ਘਰ ਹੀ ਹੁੰਦਾ।

ਜੱਸੀ :– ਠੀਕ ਆ ਮੈਂ ਕਰਕੇ ਦੇਖਦੀ ਆ ਸ਼ਿੰਦੇ ਨੂੰ ਫੋਨ। ਬਾਏ।

ਜੱਸੀ ਫ਼ਿਕਰ ਦੀ ਮਾਰੀ ਹੋਈ ਹਰਜੋਤ ਨਾਲ ਗੱਲ ਕਰਨ ਲਈ ਸ਼ਿੰਦੇ ਨੂੰ ਫੋਨ ਕਰਦੀ।

ਸ਼ਿੰਦਾ :– ਹੈਲੋ! ਭਾਬੀ ਜੀ ਪੈਰੀਂ ਪੈਦਾ।

ਜੱਸੀ :– ਕਿੰਨੀ ਵਾਰ ਕਿਹਾ ਭਾਬੀ ਨਾ ਕਿਹਾ ਕਰੋ ਤੂੰ ਤੇ ਦੀਪ।

ਸ਼ਿੰਦਾ :– ਭਾਬੀ ਹੀ ਹੋ ਤੁਸੀ ਸਾਡੇ।

ਜੱਸੀ :– ਬਣੀ ਨਹੀਂ ਅਜੇ ।

ਸ਼ਿੰਦਾ :– ਕੋਈ ਨਾ , ਅੱਜ ਨਹੀਂ ਤਾਂ ਕੱਲ ਬਣ ਹੀ ਜਾਣਾ ਭਾਬੀ ਵੀ।

ਜੱਸੀ :– ਬਣੀ ਤੇ ਕਹਿ ਲਿਆ ਕਰਿਓ। ਹੁਣ  ਮੇਰੀ ਗੱਲ ਕਰਾਂ ਦਿਓ ਹਰਜੋਤ ਨਾਲ।

ਸ਼ਿੰਦਾ :– ਆਇਆ ਨਹੀਂ ਅਜੇ ਘਰ , ਜਦੋਂ ਆਇਆ ਮੈਂ ਗੱਲ ਕਰਵਾ ਦਵਾਂਗਾ।

ਜੱਸੀ :– ਠੀਕ ਆ । ਹੋਰ ਘਰ ਕਿਵੇਂ ਆ ਸਭ।

ਸ਼ਿੰਦਾ :– ਸਭ ਠੀਕ ਨੇ,ਬਸ ਤੁਹਾਡੀ ਕਮੀ ਆ।

ਜੱਸੀ :– ਅੱਛਾ । ਆਈ ਤੇ ਭਾਵੇਂ ਰੋਜ਼ ਲੜਾਈ ਕਰੇ ਮੇਰੇ ਨਾਲ।

ਸ਼ਿੰਦਾ :– ਨਹੀਂ ਮੈਂ ਨਹੀਂ ਲੜਦਾ । ਮੈਂ ਪਿਆਰ, ਨਾਲ ਰਿਹਾ ਕਰਨਾ,ਭਾਬੀ ਮਾਂ ਵਰਗੀ ਹੁੰਦੀ ਆ। ਆਪਣਾ ਤਾਂ ਉਦਾਂ ਵੀ ਹੁਣੇ ਕਿੰਨਾਂ ਪਿਆਰ ਆ।

ਜੱਸੀ :– ਹਾਂਜੀ ਸਹੀ ਕਿਹਾ। ਜਦੋ ਹਰਜੋਤ ਘਰ ਆਉਣਗੇ ਉਹਨਾਂ ਨੂੰ ਕਿਹੋ ਫੋਨ ਕਰਨ।

ਸ਼ਿੰਦਾ :– ਠੀਕ ਆ ਜੱਸੀ,ਕਹਿ ਦਵਾਂਗਾ। ਬਾਏ।

ਸਾਰਾ ਦਿਨ ਬੀਤ ਗਿਆ,ਪਰ ਹਰਜੋਤ ਦਾ ਫੋਨ ਹੀ ਨਾ ਆਇਆ,ਨਾ ਜੱਸੀ ਦੇ ਐਨੀ ਵਾਰ ਫੋਨ ਕਰਨ ਤੇ ਹਰਜੋਤ ਫੋਨ ਚੁੱਕ ਰਹਿ ਸੀ। ਜੱਸੀ ਨੂੰ ਖੁਦ ਤੇ ਗੁੱਸਾ ਆ ਰਿਹਾ

ਸੀ ਵੀ ਕਿਉ ਮੈਂ ਬਾਹਰ ਨਾ ਜਾਣ ਵਾਲੀ ਗੱਲ ਕਰਦੀ ਰਹਿੰਦੀ ਆ। ਸਾਰਾ ਦਿਨ ਬੀਤ ਗਿਆ ਰਾਤ ਦੇ ਨੌ ਵਜੇ ਹਰਜੋਤ ਦਾ ਮੈਸੇਜ ਆਉਂਦਾ ।

ਹਰਜੋਤ :– ਹੈਲੋ ਜੱਸੀ ,ਕਿਵੇਂ ਆ ਮੇਰੀ ਖੰਡ।

ਜੱਸੀ :– ਕਿੱਥੇ ਸੀ ਤੁਸੀ, ਏਦਾ ਕਰਦੇ ਹੁੰਦੇ ਆ ,ਸਾਰਾ ਦਿਨ ਗਾਇਬ ਰਹੋ,ਨਾ ਫੋਨ ਚੁੱਕੋ ਨਾ ਫੋਨ ਕਰੋ,ਕੋਈ ਫਰਕ ਹੀ ਨਈ ਪੈਂਦਾ ਹਨਾਂ ਕੇ ਕੋਈ ਪਰੇਸ਼ਾਨ ਹੁੰਦਾ ਆ ਮਗਰੋਂ।

ਹਰਜੋਤ :– ਕੀ ਹੋਇਆ...? ਤੈਨੂੰ ਕਿਉਂ ਫ਼ਿਕਰ ਪੈ ਗਈ ,ਅਜੇ ਤਾਂ ਮੈਂ ਇੰਡੀਆ ਵਿੱਚ ਹੀ ਆ,ਸੋਚ ਮੈਂ ਬਾਹਰ ਚਲ ਗਿਆ ,ਫਿਰ ਕਿੱਦਾ ਰਹੇਗੀ ਇਧਰ ਇਕੱਲੀ,ਮੇਰੇ ਨਾਲ ਤਾਂ ਤੂੰ ਜਾਣਾ ਨਹੀਂ। ਮੈਂ ਤਾਂ ਤੈਨੂੰ ਦਸਿਆ ਆ ਕੇ ਤੂੰ ਏਦਾ ਲਭਦੀ ਰਹੇਗੀ।

ਜੱਸੀ :– ਮੈਂ ਨਾਲ ਹੀ ਰਹਿਣਾ ਤੁਹਾਡੇ । ਮੈਨੂੰ ਲਗ ਗਿਆ ਆ ਪਤਾ।

ਹਰਜੋਤ :– ਲਵ ਯੂ। ਮੈਂ ਆ ਰਿਹਾ ਆ ਤੈਨੂੰ ਮਿਲਣ ਇਸ ਹਫਤੇ।

ਜੱਸੀ :– ਸੱਚੀ ! ਸੋਹ ਖਾਓ ਕੇ ਤੁਸੀ ਸੱਚੀ ਆ ਰਹੇ ਹੋ...? ਦੇਖਲੋ ਆਪਾ ਇਕ ਸਾਲ ਹੋ ਗਿਆ ਮਿਲੇ ਵੀ ਨਹੀਂ।

ਹਰਜੋਤ :– ਹਮਮ... ਬੁੱਧਵਾਰ ਆ ਰਿਹਾ ਆ ਠੀਕ ਆ। ਗਲ ਸੁਣ ਨਾਲੇ ਜਿਦਾ ਦੀ ਵੀ ਆ ਓਦਾ ਦੀ ਹੀ ਬਣਕੇ ਆਈ, μακευπ ਕਰਕੇ ਨਾ ਆਵੀ,ਮੈਨੂੰ ਏਦਾ ਹੀ ਸੋਹਣੀ ਲਗਦੀ ਆ ਤੂੰ।

ਜੱਸੀ :– ਠੀਕ ਆ ਜੀ। ਮੈਂ ਓਦਾ ਵੀ ਏਦਾ ਦੀ ਹੀ ਰਹਿੰਦੀ ਆ। ਟਾਈਮ ਨਾਲ ਆ ਜਾਇਓ ।

ਬੁੱਧਵਾਰ ਆ ਗਿਆ ਤੇ ਹਰਜੋਤ ਵੀ ਜੱਸੀ ਦੇ ਸ਼ਹਿਰ ਪਹੁੰਚ ਗਿਆ। ਬੱਸ ਅੱਡੇ ਤੇ ਆ ਕੇ ਜੱਸੀ ਨੂੰ ਫੋਨ ਕਰਦਾ ।

ਹਰਜੋਤ :– ਕਿੱਥੇ ਆ ਮੈਡਮ ਤੁਸੀ,ਮੈਂ ਬੱਸ ਅੱਡੇ ਤੇ ਹਾਂ।

ਜੱਸੀ :– ਮੈਂ ਵੀ ਬੱਸ ਅੱਡੇ ਤੇ ਹੀ ਆ,ਸ਼ੰਕਰ ਚਾਹ ਵਾਲੇ ਦੇ ਸਾਹਮਣੇ ਖੜੀ ਆ ਬੱਸ ਅੱਡੇ ਦੇ ਪਿੱਛੇ ਨੂੰ ਆ ਦੁਕਾਨ।

ਹਰਜੋਤ :– ਓਥੇ ਹੀ ਰੁੱਕ ਮੈਂ ਆਇਆ।ਫੋਨ ਨਾ ਕੱਟੀ।

ਜੱਸੀ :– ਠੀਕ ਆ ਜੀ।

ਥੋੜਾ ਘਬਰਾਈ ਜਹੀ ਹੋਈ ਜੱਸੀ ਬੱਸ ਅੱਡੇ ਵੱਲ ਦੇਖਣ ਲੱਗੀ,ਹਰਜੋਤ ਸਾਹਮਣੇ ਆਉਂਦਾ ਦੇਖ ਜੱਸੀ ਦੇ ਦਿਲ ਦੀ ਧੜਕਣ ਤੇਜ਼ ਹੋਣ ਲੱਗੀ। ਪਹਿਲੀ ਵਾਰ ਹੋ ਮਿਲਣਾ ਸੀ,ਜੱਸੀ ਦੂਰੋ ਹੀ ਚੁੰਨੀ ਨਾਲ ਮੂੰਹ ਨੂੰ ਢੱਕੀ ਹੋਈ ਹਰਜੋਤ ਨੂੰ ਦੇਖ ਰਹੀ ਸੀ,ਤੇ ਖੁਦ ਵਾਰੇ ਸੋਚਣ ਲੱਗੀ। ਕਿੱਥੇ ਹਰਜੋਤ ਆ ਦੂਰੋ ਹੀ ਗੋਰਾ ਚਿੱਟਾ ਚਮਕ ਰਿਹਾ ਏ,ਇਕ ਮੈਂ ਸਾਂਵਲੀ ਜਿਹੀ। ਜਿਵੇਂ ਜਿਵੇਂ ਹਰਜੋਤ ਕੋਲ ਆਉਂਦਾ ਗਿਆ ਜੱਸੀ ਮੂੰਹ ਘੁਮਾ ਕੇ ਖੜ ਗਈ। ਹਰਜੋਤ ਕੋਲੋ ਦੀ ਲੰਘ ਗਿਆ।

ਹਰਜੋਤ :– ਹੈਲੋ ,ਜੱਸੀ ਕਿੱਥੇ ਆ ਤੂੰ।

ਜੱਸੀ :– ਮੈਂ ਤਾਂ ਓਥੇ ਹੀ ਆ ਜਿੱਥੇ ਰੁਕਣੇ ਨੂੰ ਕਿਹਾ ਸੀ ਤੁਸੀ। ਪਰ ਤੁਸੀ ਹੀ ਮੇਰੇ ਕੋਲ ਦੀ ਲੰਘ ਗਏ ਬਿਨਾ ਪਹਿਚਾਣੇ।

ਹਰਜੋਤ :– ਅੱਛਾ ।

ਹਰਜੋਤ ਫਟਾਫਟ ਪਿੱਛੇ ਮੁੜਕੇ ਦੇਖਦਾ ਜੱਸੀ ਚਾਲੀ ਪੰਜਾਹ ਕਦਮ ਪਿੱਛੇ ਖੜੀ ਸੀ । ਹਰਜੋਤ ਫਟਾਫਟ ਜਾਂਦਾ ਤੇ ਜਾ ਕੇ ਜੱਸੀ ਨੂੰ ਗੱਲ ਨਾਲ ਲਗਾ ਲੈਂਦਾ। ਜੱਸੀ ਭਰੀਆਂ ਅੱਖਾਂ ਨਾਲ ਹਰਜੋਤ ਨੂੰ ਕਹਿੰਦੀ....।

ਜੱਸੀ :– ਇਕ ਵਾਰ ਮੂੰਹ ਤਾਂ ਦੇਖਲੋ, ਸ਼ਾਇਦ ਮੈਂ ਪਸੰਦ ਵੀ ਨਾ ਆਵਾ,ਐਵੇਂ ਗੱਲ ਨਾਲ ਲਗਾਈ ਜਾਂਦੇ ਹੋ।

ਹਰਜੋਤ :– ਚੁੱਪ ਕਰ ਜਾ,ਹੁਣ ਫ਼ੋਨ ਤੇ ਨਹੀਂ ਤੂੰ ਜੋਂ ਮਰਜੀ ਬੋਲ ਕੇ ਬਚ ਜਾਂਦੀ ਆ, ਸੱਚੀ ਵਿਚ ਕੋਲ ਆ, ਕੁੱਟ ਖਾ ਲਵੇਗੀ।

✪✪✪✪✪✪✪

# ਭਾਗ – 11

ਜਿਹੜਾ ਵਹਿਮ ਜੱਸੀ ਨੂੰ ਖਾਈ ਜਾਂਦਾ ਸੀ,ਉਹ ਗੱਲ ਹਰਜੋਤ ਦੇ ਚਿੱਤ ਵਿੱਚ ਵੀ ਨਹੀਂ ਸੀ, ਉਹ ਜੱਸੀ ਨੂੰ ਮਿਲ ਕੇ ਬਹੁਤ ਖੁਸ਼ ਸੀ

ਜੱਸੀ :– ਜਨਾਬ ਆਪਾ ਨੂੰ ਸਾਰੇ ਦੇਖ ਰਹੇ ਨੇ, ਗਲਵੱਕੜੀ ਵਿੱਚੋ ਬਾਹਰ ਆਓ।

ਹਰਜੋਤ :– ਯਾਰ ਏਨੇ ਟਾਈਮ ਮੈਸੇਜ ਤੇ, ਕਾਲ ਤੇ ਗੱਲ ਕਰਦੇ ਸੀ,ਇਕ ਸਾਲ ਬਿਨਾ ਮਿਲੇ ਗੱਲ ਕਰਦੇ ਰਹੇ , ਮਸਾ ਅੱਜ ਕਿਤੇ ਰੱਬ ਨੇ ਮਿਲਣ ਦਾ ਮੌਕਾ ਦਿੱਤਾ,ਇਸ ਖੁਸ਼ੀ ਵਿੱਚ ਮੈਂ ਭੁੱਲ ਹੀ ਗਿਆ ਕੇ ਆਪਾ ਐਨੀ ਦੁਨੀਆ ਦੇ ਵਿਚ ਖੜੇ ਆ।

ਜੱਸੀ :– ਹਾਂਜੀ ! ਸਹੀ ਕਿਹਾ ਤੁਸੀ,ਮੈਨੂੰ ਲਗਦਾ ਸੀ ਸ਼ਾਇਦ ਆਪਾ ਕਦੇ ਮਿਲਣਾ ਹੀ ਨਹੀਂ,ਬਸ ਮੈਸੇਜ ਤੇ ਗੱਲਾਂ ਕਰਕੇ,ਏਦਾ ਹੀ ਲੜ੍ਹ ਕੇ ਬਲੋਕ ਕਰਕੇ ਸਭ ਖਤਮ ਹੋ ਜਾਣਾ।

ਹਰਜੋਤ :– ਆਹ ਗੱਲ ਤਾਂ ਤੂੰ ਭੁੱਲਜਾ ਕੇ ਮੈਂ ਖਤਮ ਕਰ ਦਵੇਗਾ,ਮੈਂ ਘਰ ਗੱਲ ਕਰਨ ਲਈ ਮੌਕਾ ਦੇਖ ਰਿਹਾ ਹਾਂ ਬਸ।

ਜੱਸੀ :– ਅੱਛਾ ਜੀ ।

ਹਰਜੋਤ :– ਆਹੋ ! ਯਾਰ ਮੈਂ ਥੱਕ ਗਿਆ ਏਨਾ ਸਫ਼ਰ ਕਰਕੇ , ਆਪਾ ਚਾਹ ਪੀਂਦੇ ਆ ਕੀਤੇ ਬੈਠ ਕੇ। ਨਾਲੇ ਕੁਝ ਖਾ ਪੀ ਲੈਂਦੇ ਹਾਂ।

ਜੱਸੀ :– ਏਥੇ ਕਿਤੇ ਵਾਂਸ਼ਰੂਮ ਨਹੀਂ ਦਿੱਖ ਰਿਹਾ।

ਹਰਜੋਤ :– ਚੱਲ ਆਜਾ ਯਾਰ ਇੱਥੇ ਕਿਤੇ ਮੌਲ ਦੇਖਦੇ ਹਾਂ,ਨਾਲੇ ਕੋਫ਼ੀ ਪੀ ਲਵਾਗੇ, ਨਾਲੇ ਉੱਥੇ ਵਾਸ਼ਰੂਮ ਵੀ ਮਿਲ ਜਾਏਗਾ।

ਜੱਸੀ :– ਹਾਂਜੀ ਠੀਕ ਹੈ।

ਸ਼ਹਿਰ ਦੇ ਵਿਚ ਬਹੁਤ ਟਰੈਫ਼ਿਕ ਸੀ ਤੇ ਸ਼ੌਪਿੰਗ ਮੌਲ ਰੋਡ ਦੇ ਉਸ ਪਾਰ ਸੀ,ਜਿਸ ਵਿਚ ਸਿਨੇਮਾਂ ਵੀ ਸੀ,ਤੇ ਕੈਫੇ ਵੀ ਸੀ, ਹਰਜੋਤ  ਸੜਕ ਨੂੰ ਪਾਰ ਕਰਕੇ ਦੂਜੀ ਸਾਈਡ ਚਲਾ ਗਿਆ,ਤੇ ਜੱਸੀ ਉੱਥੇ ਦੀ ਉੱਥੇ ਹੀ ਖੜੀ ਰਹਿ ਗਈ। ਹਰਜੋਤ ਫਿਰ ਸੜਕ ਦੀ ਇਸ ਪਾਰ ਆਇਆ ਜੱਸੀ ਨੂੰ ਲੈਣ ਲਈ,ਤੇ ਆਣ ਕੇ ਜੱਸੀ ਦਾ ਹੱਥ ਫੜ ਲਿਆ ਤੇ ਜੱਸੀ ਨੂੰ ਉਸ ਪਾਰ ਲਿਜਾਣ ਲੱਗਾ,ਜੱਸੀ ਹੱਥ ਫੜ ਕੇ ਨਾਲ ਨਾਲ ਤੁਰਦੀ ਹੋਈ ਬਸ ਹਰਜੋਤ ਵੱਲ ਦੇਖ ਰਹੀ ,ਮਾੜੀ ਮਾੜੀ  ਜੱਸੀ ਦੇ ਮੁਸਕਾਨ ਬੁੱਲਾ ਤੇ ਸ਼ਾਇਦ ਉਹ ਮਹਿਸੂਸ ਕਰ ਰਹੀ ਸੀ ਕਿ ਪਿਆਰ ਇਹਨੂੰ ਹੀ ਕਹਿੰਦੇ ਨੇ,ਏਨੀ ਫ਼ਿਕਰ ਕੌਣ ਕਰਦਾ ਕਿਸੇ ਦੀ।

ਜੱਸੀ ਬਹੁਤ ਹੀ ਸਿੰਪਲ ਜਹੀ,ਸਾਦਗੀ ਜਹੀ ਵਿਚ ਸੀ, ਗੁੱਤ ਕੀਤੀ ਹੋਈ,ਨਾ ਕੋਈ ਮੇਕਅੱਪ ,ਨਾ ਕੋਈ ਸ਼ਿੰਗਾਰ,ਬਸ ਪਰਸ ਪਾਇਆ ਹੋਇਆ ਸੀ,ਇਕ ਹੱਥ ਘੜੀ ,ਇਕ ਹੱਥ ਕੜਾ। ਪਰ ਹਰਜੋਤ ਗੋਰਾ ਚਿੱਟਾ ਦੂਰੋ ਹੀ ਚਮਕਾ ਮਾਰਦਾ ਸੀ, ਮੌਲ ਵਿਚ ਦੋ ਕੁੜੀਆਂ ਜੱਸੀ ਤੇ ਹਰਜੋਤ ਵੱਲ ਦੇਖ ਰਹੀਆਂ ਸੀ। ਜਦੋਂ ਜੱਸੀ ਵਾਂਸ਼ਰੂਮ ਵਿਚ ਗਈ ਤਾਂ ਉਹ ਕੁੜੀਆ ਵੀ ਨਾਲ ਹੀ ਗਈਆਂ ਸੀ।  ਉਹਨਾਂ ਦੋਵਾਂ ਨੇ ਜੱਸੀ ਨੂੰ ਪੁੱਛਿਆ ਤੁਸੀਂ ਕਪਲ ਹੋ ਦੋਨੋ। ਜੱਸੀ ਨੇ ਕਿਹਾ ਹਾਂਜੀ। ਤਾਂ ਕੁੜੀਆ ਨੇ ਥੋੜਾ ਹੱਸ ਜਹੀ ਕੇ ਕਿਹਾ ਅੱਛਾ ਜੀ। ਓਦਾ ਮੁੰਡਾ ਜ਼ਿਆਦਾ ਸੋਹਣਾ ਹੈ,ਤੁਸੀ ਥੋੜੇ ਜਹੇ ਸਾਂਵਲੇ ਹੋ,ਗੁੱਸਾ ਨਾ ਕਰਿਓ। ਕੁੜੀਆਂ ਦੀ ਗੱਲ ਸੁਣ ਜੱਸੀ ਦੀਆ ਅੱਖਾਂ ਭਰ ਆਈਆਂ। ਤੇ ਜੱਸੀ ਵਾਂਸ਼ਰੂਮ ਵਿੱਚੋ ਬਾਹਰ ਆ ਕੇ ਹਰਜੋਤ ਨੂੰ ਘਰ ਜਾਣ ਲਈ ਕਹਿੰਦੀ।

ਹਰਜੋਤ :– ਕੀ ਹੋਇਆ ਤੈਨੂੰ ,ਅਜੇ ਤਾਂ ਹੁਣੇ ਆਏ ਆ,ਤੂੰ ਜਾਣ ਦੀ ਗੱਲ ਵੀ ਕਰਨ ਲੱਗ ਗਈ। ਪਤਾ ਵੀ ਹੈ ਕਿੰਨੀ ਦੂਰੋਂ ਆਇਆ ਮੈਂ ਇਹ ਵੀ ਸਿਰਫ ਤੈਨੂੰ ਮਿਲਣ।

ਜੱਸੀ :– ( ਨੀਵੀਂ ਜਿਹੀ ਪਾਂ ਕੇ ਬੋਲਦੀ) ਹਾਂਜੀ ਪਤਾ ਆ  ਮੈਨੂੰ

ਹਰਜੋਤ :– ਇੱਧਰ ਦੇਖ ਮੇਰੇ ਵੱਲ,ਨੀਚੇ ਕੀ ਆ,ਮੇਰੇ ਮੂੰਹ ਵੱਲ ਦੇਖ ਕੇ ਗੱਲ ਕਰ।

ਹਰਜੋਤ ਵੱਲ ਦੇਖਦਿਆਂ ਹੀ ਜੱਸੀ ਦੇ ਹੰਝੂ ਵਹਿ ਤੁਰੇ।ਹਰਜੋਤ ਫਟਾਫਟ ਜੱਸੀ ਦੇ ਹੰਝੂ ਪੂੰਝਦਾ ਹੋਇਆ ...।

ਹਰਜੋਤ :– ਓਏ ਤੈਨੂੰ ਕੀ ਹੋਇਆ, ਤੂੰ ਤਾਂ ਚੰਗੀ ਭਲੀ ਐਨੀ ਖੁਸ਼ ਸੀ। ਕੇ ਹੁਣ ਤੈਨੂੰ ਕੋਈ ਖੁਸ਼ੀ ਨੀ ਰਹੀ ਮੇਰੇ ਮਿਲਣ ਦੀ।

ਜੱਸੀ :– ਨਹੀਂ ਏਦਾ ਦੀ ਕੋਈ ਗੱਲ ਨਹੀਂ ਆ।

ਹਰਜੋਤ :– ਚੱਲ ਦੱਸ ਫਿਰ ਗੱਲ ਕੀ ਹੋਈ।

ਜੱਸੀ :– ਤੁਸੀ ਜ਼ਿਆਦਾ ਸੋਹਣੇ ਹੋ,ਮੈਂ ਨਹੀਂ ਆ ਐਨੀ ਸੋਹਣੀ,ਮੈਂ ਗੋਰੀ ਨਹੀਂ ਆ। ਕਿੰਨੀ ਸਿੰਪਲ ਜਿਹੀ ਆ,ਆਮ ਜਿਹੀ ਕੁੜੀ।

ਹਰਜੋਤ :– ਇਹ ਸਭ ਤੈਨੂੰ ਕਿਸ ਨੇ ਕਿਹਾ...? ਮੈਨੂੰ ਸੋਹਣੀ ਲਗਦੀ ਏ ਤੂੰ, ਕੌਣ ਕਹਿੰਦਾ ਮੈਂ ਸੋਹਣਾ ਆ ਤੇ ਤੂੰ ਨਹੀਂ ਸੋਹਣੀ ।

ਜੱਸੀ :– ਅੱਜ ਲੋਕ ਕਹਿੰਦੇ ਆ, ਕੱਲ ਨੂੰ ਤੁਹਾਡਾ ਪਰਿਵਾਰ ਵੀ ਕਹੇਗਾ। ਆਪਾ ਸੋਹਣੇ ਨਹੀਂ ਲਗਦੇ ਇੱਕ ਦੂੱਜੇ ਨਾਲ।

ਹਰਜੋਤ :– ਕਿਹੜੇ ਲੋਕ ਕਹਿੰਦੇ ਆ ਕੇ ਤੂੰ ਸੋਹਣੀ ਨਹੀਂ...? ਛੇਤੀ ਦੱਸ।

ਜੱਸੀ :– ਸਭ ਦੇਖ ਰਹੇ ਨੇ ਅਜੀਬ ਜਿਹਾ,ਇਹੀ ਨੋਟਿਸ ਕਰਦੇ ਹੋਣ ਆ ਬਸ।

ਹਰਜੋਤ :– ਜੱਸੀ ਕਿਹਾ ਕਿਸੇ ਨੇ ਇਹ ਦੱਸ।

ਜੱਸੀ :– ਕਿਸੇ ਨੇ ਨਹੀਂ ਕਿਹਾ।ਬਸ ਮੈਨੂੰ ਲੱਗਾ ਕਿ ਲੋਕ ਆਹੀ ਸੋਚਦੇ ਹੋਣੇ।

ਹਰਜੋਤ :– ਰੋਈ ਕਿਉ ਫਿਰ ਇਹ ਦੱਸ...? ਚੱਲ ਮੇਰੇ ਸਿਰ ਤੇ ਹੱਥ ਰੱਖ ਕੇ ਸੋਹ ਖਾ ਕੇ ਕਿਸੇ ਨੇ ਕੁਝ ਨਹੀਂ ਕਿਹਾ।

ਜੱਸੀ :– ਨਹੀਂ ਕਿਸੇ ਨੇ ਕੁਝ ਨਹੀਂ ਕਿਹਾ ।

ਹਰਜੋਤ :– ਸਿਰ ਤੇ ਹੱਥ ਰੱਖ ਕੇ ਕਹਿ ਇਹ ਗੱਲ ਕੇ ਕਿਸੇ ਨੇ ਕੁਝ ਨਹੀਂ ਕਿਹਾ।

ਜੱਸੀ :– ( ਰੋਂਦੀ ਹੋਈ) ਜੋਂ ਮੇਰੇ ਨਾਲ ਦੋ ਕੁੜੀਆ ਵਾਸ਼ਰੂਮ ਗਈਆਂ ਸੀ ਹਨਾਂ,ਇਹ ਪੁੱਛਦੀਆਂ ਸੀ ਕੇ ਉਹ ਮੁੰਡਾ ਤੇ ਤੂੰ ਕਪਲ ਹੋ,ਮੈਂ ਕਿਹਾ ਹਾਂਜੀ। ਤਾਂ ਉਹ ਕਹਿ ਰਹੀਆਂ

ਸੀ ਗੁੱਸਾ ਨਾ ਕਰਿਓ ਮੁੰਡਾ ਜ਼ਿਆਦਾ ਸੋਹਣਾ ਹੈ ਤੁਸੀ ਸਾਂਵਲੇ ਰੰਗ ਦੇ ਹੋ। ਫਿਰ ਅੱਜ ਇਹਨਾਂ ਨੇ ਕਿਹਾ ਕਲ ਨੂੰ ਸਭ ਕਹਿਣਗੇ।

ਹਰਜੋਤ :– ਖੜਜਾ ! ਮੈਂ ਪੁੱਛ ਕੇ ਆਉਂਦਾ ਇਹਨਾਂ ਨੂੰ,ਇਹ ਜਿਆਦਾ ਸੋਹਣੀਆ ਆ ਮੱਝ ਜਿਹੀਆਂ। ਜੀਨ ਪਾਂ ਕੇ ਤੁਰਿਆ ਤਕ ਨਹੀਂ ਜਾਂਦਾ ਇਹਨਾਂ ਕਿਲੋ। ਤੂੰ ਰੁੱਕ ਇਥੇ, ਮੈਂ ਆਇਆ।

ਜੱਸੀ :– ਨਹੀਂ ਰਹਿਣ ਦਿਉ। ਨਹੀਂ ਪੁੱਛਣਾ। ਸੱਚ ਹੀ ਤਾਂ ਕਿਹਾ ਉਹਨਾਂ ਨੇ, ਆਪਾ ਨੂੰ ਬੁਰਾ ਨਹੀਂ ਲੱਗਣੇ ਚਾਹੀਦਾ ਸੀ।

ਹਰਜੋਤ :– ਥੱਪੜ ਨਾ ਖ਼ਾਲੀ ਤੂੰ ਮੇਰੇ ਕੋਲੋ , ਲੋਕਾਂ ਦੀਆ ਗੱਲਾਂ ਵਿਚ ਆ ਜਾਂਦੀ ਆ।

ਜੱਸੀ :– ਨਹੀਂ ਆਉਂਦੀ ਕਿਸੇ ਦੀਆ ਗੱਲਾਂ ਵਿਚ,ਪਰ ਤੁਸੀ ਜਾਇਓ ਨਾ ਹੁਣ ਪੁੱਛਣ. .. ਪਲੀਜ਼ ।

✪✪✪✪✪✪✪

# ਭਾਗ – 12

ਹਰਜੋਤ :– ਐਦਾ ਕਿੱਦਾ ਨਾ ਪੁੱਛਾਂ।ਉਹ ਕੋਣ ਹੁੰਦੀਆਂ ਇਹ ਸਭ ਕਹਿਣ ਵਾਲੀਆਂ। ਆਪਣੇ ਵੱਲ ਤਾਂ ਧਿਆਨ ਦਿੰਦੀਆਂ ਪਹਿਲਾਂ, ਮੱਝਾਂ ਵਰਗੀਆਂ,ਜੀਨਾ ਪਾ ਕੇ ਸਮਝਦੀਆਂ ਸਾਡੇ ਨਾਲੋਂ ਸੋਹਣਾ ਕੋਈ ਹੈ ਹੀ ਨਹੀਂ।

ਜੱਸੀ :– ਚਲੋ ਛੱਡੋ ਗੱਲ ਨੂੰ।

ਹਰਜੋਤ :– ਨਹੀਂ ਤੂੰ ਬੈਠ ਮੈਂ ਆਇਆ।

ਜੱਸੀ :– ਨਹੀਂ ਜਾਣਾ ਪਲੀਜ਼ ! ਲੜਾਈ ਹੋਜੂ।

ਹਰਜੋਤ :– ਤੂੰ ਬੈਠ ਬਸ ਕਿਹਾ ਨਾ ਤੈਨੂੰ।

ਹਰਜੋਤ ਪੂਰੇ ਗੁੱਸੇ ਵਿੱਚ ਆਇਆ ਉਹਨਾਂ ਕੁੜੀਆਂ ਕੋਲ ਜਾਣ ਖਲੋਇਆ । ਜੱਸੀ ਕੁਰਸੀ ਤੇ ਬੈਠੀ ਦੇਖਦੀ ਰਹੀ,ਤੇ ਡਰਦੀ ਰਹੀ,ਅੱਜ ਪਤਾ ਨਹੀਂ ਕੀ ਹੋ ਜਾਣਾ ਏਥੇ, ਹਰਜੋਤ ਦੇ ਗੁੱਸੇ ਵਾਲੇ ਸੁਭਾਅ ਤੋਂ ਵੀ ਅਨਜਾਣ। ਹਰਜੋਤ ਨੂੰ ਕੁੜੀਆ ਕੋਲ ਖੜਾ ਦੇਖ ਜੱਸੀ ਦੀ ਜਾਨ ਤੇ ਬਣੀ ਹੋਈ ਸੀ।

ਹਰਜੋਤ :– ਹੈਲੋ ਮੈਡਮ ! ਤੁਸੀ ਕੋਣ ਹੁੰਦੇ ਹੋ ਇਹ ਸਭ ਬੋਲਣ ਵਾਲੇ ਕਿਸੇ ਨੂੰ ਕੁਝ ਕਹਿਣ ਵਾਲੇ,ਬਿਨਾ ਜਾਣੇ। ਸ਼ਕਲਾ ਦੇਖਦੇ ਹੋ,ਪਹਿਰਾਵਾ ਦੇਖਦੇ ਹੋ,ਰੰਗ ਦੇਖਦੇ ਹੋ, ਤੁਸੀ ਖੁਦ ਵੱਲ਼ ਦੇਖ ਲੈਂਦੇ ਇਕ ਵਾਰ, ਐਨੇ ਮੋਟੇ ਹੋ,ਪੈਂਟ ਤਕ ਪਾਈ ਨਹੀਂ ਜੱਚ ਰਹੀ, ਦੂਜਿਆਂ ਦੇ ਰੰਗ ਰੂਪ ਦੇਖ ਰਹੇ ਹੋ ਸੋਹਣਾ ਲਗਦਾ ਕਿ ਨਹੀਂ ਅਗਲਾ। ਦਿਲ ਸੋਹਣਾ ਆ ਉਹਦਾ,ਜੋਂ ਤੁਸੀ ਨਹੀਂ ਦੇਖ ਸਕਦੇ ਇਕ ਦੋ ਮਿੰਟ ਵਿਚ। ਗੁੱਸਾ ਬਹੁਤ ਸੀ ਤੁਹਾਡੇ ਤੇ ਪਰ ਕੁੜੀਆ ਕਰਕੇ ਚੁੱਪ ਆ,ਹੁੰਦਾ ਕੋਈ ਮੁੰਡਾ ਤਾਂ ਮੂੰਹ ਤੋੜ ਦਿੰਦਾ।

ਹਰਜੋਤ ਦੀਆ ਗੱਲਾਂ ਨੇ ਕੁੜੀਆ ਨੂੰ ਸ਼ਰਮਿੰਦਾ ਕਰ ਛੱਡਿਆ। ਅੱਗਿਓ ਸੌਰੀ ਵੀਰੇ ਕਹਿ ਕੇ ਬਚਦੀਆ ਗਈਆਂ। ਹਰਜੋਤ ਵਾਪਿਸ ਜੱਸੀ ਕੋਲ ਆਣ ਬੈਠ ਗਿਆ।

ਹਰਜੋਤ :– ਹਿੰਮਤੀ ਬਣ,ਐਦਾ ਨਹੀਂ ਚਲਦੀ ਜ਼ਿੰਦਗੀ,ਲੋਕਾ ਦੀਆ ਸੁਣ ਸੁਣ ਕੇ । ਸੁਣਾਉਣੀਆਂ ਵੀ ਸਿੱਖ।

ਜੱਸੀ :– ਤੁਸੀ ਹੈਗੇ ਤਾਂ ਹੋ ਹਿਮਤੀ ,ਇਕ ਜਾਣਾ ਨਾ ਵੀ ਹੋਇਆ ਤਾਂ ਚੱਲ ਜਾਂਦਾ।

ਹਰਜੋਤ :– ਅੱਛਾ ਜੀ! ਹੋਰ ਕੁਛ । ਚੱਲ ਆਜਾ ਕੋਫ਼ੀ ਪੀਂਦੇ ਆ।

ਮੌਲ ਵਿਚ Escalator ਤੇ ਜਾਣ ਲੱਗਿਆ ਜੱਸੀ ਡਰ ਗਈ,ਤੇ ਹਰਜੋਤ ਦੇ ਬਹੁਤ ਵਾਰ ਕਹਿਣ ਤੇ ਵੀ ਜੱਸੀ ਪੌੜੀ ਤੇ ਪੈਰ ਨਾ ਰੱਖੇ,ਹਰਜੋਤ ਸਿਖਾਉਂਦਾ ਵੀ ਰਿਹਾ ਪਹਿਲੀ ਪੌੜੀ ਤੇ ਪੈਰ ਰੱਖ ਬਸ ਉਹ ਆਪੇ ਚੱਲ ਪੈਣੀ,ਚੁੱਪ ਕਰਕੇ ਖੜੀ ਰਹੀ, ਪਰ ਜੱਸੀ ਡਰਦੀ ਪੈਰ ਪਿੱਛੇ ਨੂੰ ਕਰਦੀ ਰਹੀ। ਹਰਜੋਤ ਸਮਝਾਉਂਦਾ ਸੀ ਐਨੇ ਨੂੰ Escalator ਚਲ ਪਈ ਤੇ ਹਰਜੋਤ ਸੈਕੰਡ ਫ਼ਲੋਰ ਤੇ ਚਲਾ ਗਿਆ,ਜੱਸੀ ਉੱਥੇ ਹੀ ਖੜੀ ਰਹਿ ਗਈ। ਜਾਂਦੇ ਹੋਏ ਹਰਜੋਤ ਨੂੰ ਗੁੱਸੇ ਨਾਲ ਦੇਖਦੀ ਰਹੀ,ਤੇ ਹਰਜੋਤ ਜੱਸੀ ਵੱਲ਼ ਦੇਖ ਕੇ ਹੱਸਦਾ ਰਿਹਾ।

ਹਰਜੋਤ ਫਿਰ ਵਾਪਿਸ ਆ ਕੇ ਜੱਸੀ ਨੂੰ ਉਸਦਾ ਹੱਥ ਫੜ ਕੇ ਲੈਣ ਆਇਆ।

ਹਰਜੋਤ :– ਹੁਣ ਜਿੱਥੇ ਮੈਂ ਪੈਰ ਰੱਖਣਾ, ਉੱਥੇ ਹੀ ਤੂੰ ਪੈਰ ਰੱਖੀ ਓਕੇ,ਨਾਲੇ ਇਧਰ ਉਧਰ ਨਹੀਂ ਦੇਖਣਾ ਮੇਰੇ ਵੱਲ ਦੇਖੀ ਬਸ ਫਿਰ ਡਰ ਨਹੀਂ ਲੱਗਣਾ।

ਜੱਸੀ :– ਠੀਕ ਆ।

ਹਰਜੋਤ ਨੇ ਜੱਸੀ ਦਾ ਹੱਥ ਫੜਿਆ ਤਾਂ ਦੋਨਾਂ ਨੇ Escalator ਤੇ ਪੈਰ ਰੱਖ ਕੇ ਇਕ ਦੂਜੇ ਵੱਲ ਦੇਖਣ ਲੱਗੇ ਤਾਂ ਜੱਸੀ ਡਿੱਗਣ ਲੱਗੀ ਤਾਂ ਹਰਜੋਤ ਦਾ ਹਾਸਾ ਨਿਕਲ ਗਿਆ ।

ਹਰਜੋਤ :– ਤੂੰ ਸੌਹ ਹੀ ਖਾਈ ਲਗਦੀ ਆ ਅੱਜ ਮੇਰੀ ਬੇਜ਼ਤੀ ਕਰਾ ਕੇ ਹੀ ਜਾਣਾ।

ਜੱਸੀ :– ਮੈਂ ਵਾਪਿਸ ਜਾਣਾ ਆ,ਰੋਕੋ ਇਹਨੂੰ।

ਹਰਜੋਤ :– ਚੁੱਪ ਕਰ ਜਾ,ਮਜ਼ਾਕ ਕਰਦਾ ਸੀ।

ਕੌਫੀ ਪੀ ਕੇ ਬੈਠੇ ਕਦੋਂ ਸਮਾ ਖਤਮ ਹੋ ਗਿਆ ਦੋਵਾਂ ਨੂੰ ਗੱਲਾਂ ਬਾਤਾ ਵਿਚ ਪਤਾ ਹੀ ਨਾ ਲੱਗਾ। ਦੋਨੋ ਵਾਪਿਸ ਘਰ ਆਉਣ ਲਈ ਬੱਸ ਅੱਡੇ ਵੱਲ ਨੂੰ ਤੁਰ ਪਏ। ਹਰਜੋਤ ਨੇ ਜੱਸੀ ਨੂੰ ਜੱਸੀ ਦੇ ਸ਼ਹਿਰ ਨੂੰ ਜਾਣ ਵਾਲੀ ਬੱਸ ਵਿਚ ਬਿੱਠਾ ਦਿੱਤਾ, ਤੇ ਆਪ ਵੀ ਆਪਣੇ ਸ਼ਹਿਰ ਵਾਲੀ ਬੱਸ ਵੱਲ ਨੂੰ ਤੁਰ ਪਿਆ। ਜੱਸੀ ਫਟਾਫਟ ਬੱਸ ਚੋ ਉੱਤਰ ਕੇ ਆਈ ।

ਜੱਸੀ :– ਤੁਸੀ ਚੱਲ਼ੇ ਹੋ ...?

ਹਰਜੋਤ ਨੇ ਪਿੱਛੇ ਮੁੜਕੇ ਦੇਖਿਆ ।

ਹਰਜੋਤ :– ਜਾਣਾ ਹੀ ਪੈਣਾ,ਤੂੰ ਬੱਸ ਵਿਚੋ ਨੀਚੇ ਕਿਉਂ ਆ ਗਈ...?

ਜੱਸੀ :– ਉਹ  ਕੰਡਕਟਰ ਕਹਿੰਦਾ ਬੱਸ ਰੁੱਕ ਕੇ ਚੱਲੂ।  ਫਿਰ ਮੈਂ ਆ ਗਈ ਉੱਤਰ ਕੇ।

ਹਰਜੋਤ :– ਠੀਕ ਆ,ਤੇਰੀ ਸੀਟ ਤੇ ਕੋਈ ਹੋਰ ਬੈਠ ਜਾਣਾ ਆ,ਤੂੰ ਵਾਪਿਸ ਜਾ ਨਾਲੇ ਮੇਰੀ ਵੀ ਬੱਸ ਤਿਆਰ ਹੀ ਖੜੀ ਆ, ਚੱਲਣ ਵਾਲੀ ਆ।

ਜੱਸੀ :– ਤੁਸੀ ਸੱਚੀ ਚਲੇ ਹੋ, ਆਪਾ ਰੁੱਕ ਨਹੀਂ ਸਕਦੇ ਸੀ ਹੋਰ ਟਾਈਮ।

ਹਰਜੋਤ :– ਟਾਈਮ ਜਲਦੀ ਹੋ ਗਿਆ ਪਤਾ ਨਹੀਂ ਲੱਗਾ ਗੱਲਾਂ ਵਿਚ। ਨਾਲੇ ਟਾਈਮ ਜਿੰਨਾ ਮਰਜ਼ੀ ਹੁੰਦਾ ਆਪਾ ਨੂੰ ਥੋੜਾ ਹੀ ਲੱਗਣਾ ਸੀ।

ਜੱਸੀ :– ਹਮਮਮ ! ਸਹੀ ਕਿਹਾ ਤੁਸੀਂ। ਚੱਲੋ ਠੀਕ ਆ ਫਿਰ ਤੁਹਾਡੀ ਬੱਸ ਤੁਰਨ ਵਾਲੀ ਆ ਜਾਓ ਤੁਸੀ।

ਹਰਜੋਤ :– ਹਾਂ ਤੂੰ ਵੀ ਜਾ ਬੱਸ ਚ ਬੈਠ ਜਾ।

ਜੱਸੀ :– ਹਾਂਜੀ ਠੀਕ ਆ,ਬਾਏ ਫਿਰ।

ਹਰਜੋਤ :– ਗੱਲ ਸੁਣ ! ਇਕ ਜੱਫੀ ਤਾਂ ਬਣਦੀ ਆ।

ਜੱਸੀ :– ਹਾਹਾਹਾਹਾ । ਹਮਮਮ ਬਣਦੀ ਆ।

ਦੋਨਾਂ ਨੇ ਗਲੇ ਮਿਲਣ ਤੋਂ ਬਾਅਦ ਇਕ ਦੁੱਜੇ ਨੂੰ ਬਾਏ ਬੋਲ ਕੇ ਆਪਣੀ ਆਪਣੀ ਬੱਸ ਵੱਲ ਨੂੰ  ਕਦਮ ਤੌਰ ਲਏ। ਪਰ ਦਿਲ ਅਜੇ ਵੀ ਪਿੱਛੇ ਨੂੰ ਮੁੜ ਰਹੇ ਸੀ ਦੋਵਾਂ ਦੇ,ਤੇ ਨਜ਼ਰਾਂ ਵਾਰ ਵਾਰ ਪਿੱਛੇ ਨੂੰ ਮੁੜ ਰਹੀਆਂ ਸੀ,ਇਕ ਦੂਜੇ ਨੂੰ ਜਾਂਦਿਆਂ ਹੀ ਦੇਖ ਰਹੀਆਂ ਸੀ। ਦੋਵਾਂ ਦੀਆਂ ਬੱਸਾਂ ਇੱਕ ਦੂਜੇ ਨੂੰ ਕਰੋਸ ਕਰਕੇ ਤੁਰੇ ਪਾਈਆਂ,ਤੇ ਦਿੰਦੀ ਵਾਰੀ ਰਾਹੀਂ ਇਕ ਦੂਜੇ ਵੱਲ ਦੇਖ ਰਹੇ ਸੀ ਤੇ ਹੱਥ ਹਿਲਾ ਕੇ ਅਲਵਿਦਾ ਕਰ ਆਪਣੇ ਆਪਣੇ ਸ਼ਹਿਰ ਨੂੰ ਤੁਰ ਪਏ।

✪✪✪✪✪✪✪

# ਭਾਗ –13

ਬੱਸ ਵਿਚ ਬੈਠੀ ਜੱਸੀ ਨੂੰ ਹਰਜੋਤ ਦਾ ਫੋਨ ਆਇਆ।

ਹਰਜੋਤ :– ਜਦੋਂ ਘਰ ਪਹੁੰਚ ਗਈ ਤਾਂ ਮੈਨੂੰ ਫੋਨ ਕਰ ਦਵੀ,ਨਹੀਂ ਮੈਨੂੰ ਫ਼ਿਕਰ ਹੀ ਰਹਿਣਾ।

ਜੱਸੀ :– ਹਾਂਜੀ ਮੈਂ ਦੱਸ ਦਵਾਂਗੀ। ਤੁਸੀਂ ਫ਼ਿਕਰ ਨਾ ਕਰੋ।

ਹਰਜੋਤ :– ਠੀਕ ਆ ! ਯਾਰ ਪਤਾ ਹੀ ਨਹੀਂ ਲੱਗਾ ਕਦੋਂ ਟਾਇਮ ਬੀਤ ਗਿਆ। ਕਾਸ਼ ਸਮਾਂ ਉੱਥੇ ਹੀ ਠਹਿਰ ਜਾਂਦਾ ,ਇਕ ਦੋ ਦਿਨ ਬੀਤ ਜਾਂਦੇ ਇਕੋ ਦਿਨ ਵਿੱਚ ਇਹ ਦਿਨ ਐਨਾ ਲੰਬਾ ਹੋ ਜਾਂਦਾ।

ਜੱਸੀ :– ਮੈਂ ਵੀ ਇਹੀ ਸੋਚਦੀ ਸੀ, ਕਿ ਸਮਾਂ ਠਹਿਰ ਜਾਂਦਾ,ਕਿੰਨੀ ਜਲਦੀ ਬੀਤ ਗਿਆ। ਚਲੋਂ ਕੋਈ ਨਾ ਫਿਰ ਮਿਲਾਂਗੇ ਜਲਦੀ।

ਹਰਜੋਤ :– ਆਹ ਮਿਲਣ ਮਿਲਾਉਣ ਵਾਲਾ ਜੱਬ ਹੀ ਮੁਕਾ ਦੇਣਾ ਜੱਟ ਨੇ ਛੇਤੀ। ਵਿਆਹ ਕਰਵਾ ਲੈਣਾ ਜਲਦੀ।

ਜੱਸੀ :– ਸੱਚੀ ! ਬਾਬਾ ਜੀ ਜਲਦੀ ਲੈ ਕੇ ਆਉਣ ਇਹ ਦਿਨ।

ਹਰਜੋਤ :– ਕੋਈ ਨਾ ਜਲਦੀ ਹੀ ਆਵੇਂਗਾ ਇਹ ਦਿਨ ਵੀ,ਫਿਰ ਆਹ ਡਰ ਡਰ ਕੇ ਗੱਲ ਕਰਨ ਵਾਲਾ ,ਡਰ ਡਰ ਕੇ ਮਿਲਣ ਵਾਲਾ ਡਰ ਵੀ ਖਤਮ ਹੋ ਜਾਊ।

ਜੱਸੀ :– ਪਰ ਮੈਨੂੰ ਫ਼ਿਕਰ ਲੱਗੀ ਰਹਿੰਦੀ ਆ ਜੇ ਘਰ ਦੇ ਨਾ ਮੰਨੇ ਫਿਰ...?

ਹਰਜੋਤ :– ਮੈਂ ਕਿਹਾ ਤਾਂ ਹੈ ਮੈਂ ਮਨਾਂ ਲਵਾਂਗਾ ਤੇਰੇ ਘਰਦੇ ਵੀ,ਨਾ ਵੀ ਮੰਨਦੇ ਹੋਏ ਮੈਂ ਪੈਰ ਫੜ ਕੇ ਮੰਗ ਲਵਾਂਗਾ ਤੈਨੂੰ। ਮੈਨੂੰ ਯਕੀਨ ਆ ਕਿ ਮੰਨ ਜਾਣਗੇ। ਯਾਰ ਨਾਲੇ ਮੈਂ ਕਿਹੜਾ ਕੋਈ ਅਮਲੀ ਆ ਜਾ ਗੁੰਡਾਗਰਦੀ ਕਰਦਾ, ਚੰਗੇ ਪਰਿਵਾਰ ਵਿੱਚੋਂ ਆ, ਕਿਹੜਾ ਕੋਈ ਕਮੀ ਆ ਸਾਡੇ ਘਰ ਜਮੀਨਾ ਵਾਲੇ ਆ।

ਜੱਸੀ :– ਉਹ ਤਾਂ ਸਭ ਠੀਕ ਆ,ਪਰ ਕਾਸਟ ਨਹੀ ਮਿਲਦੀ ਪੰਗਾ ਨਾ ਪੈ ਜਾਵੇ ਕੋਈ ਇਸ ਗੱਲ ਦੀ।

ਹਰਜੋਤ :– ਗੱਲ ਸੁਣ ਲਾਡੋ ਉਹ ਸਮੇਂ ਬੀਤ ਗਏ, ਜਦੋਂ ਜਾਤਾਂ ਪਾਤਾਂ ਦੇਖਦੇ ਸੀ ਲੋਕ, ਹੁਣ ਦੇ ਪੜ੍ਹੀ ਲਿਖੀ ਪੀੜ੍ਹੀ ਇਹ ਸਭ ਨਹੀਂ ਦੇਖਦੀ ,ਹੁਣ ਸੋਚ ਬਦਲ ਗਈ ਆ ਸਭ ਦੀ ,ਕੋਈ ਜਾਤਾਂ ਪਾਤਾਂ ਨੂੰ ਨਹੀਂ ਮੰਨਦਾ। ਮੇਰੇ ਪਰਿਵਾਰ ਵਾਲੇ ਤਾਂ ਜਮਾਂ ਨੀ ਵਿਸ਼ਵਾਸ ਰੱਖਦੇ ਇਹਨਾਂ ਗੱਲਾਂ ਵਿੱਚ। ਸਾਡੇ ਘਰ ਦੇ ਪੁਰਾਣੀ ਸੋਚ ਦੇ ਨਹੀਂ ਆ।

ਜੇ ਦਿਲ ਅਮੀਰ ਮਿਲ ਜਾਵੇ

ਤਾਂ ਔਕਾਤਾਂ ਨਹੀਂ ਦੇਖੀ ਦੀਆਂ

ਜੇ ਇਨਸਾਨ ਚੰਗਾ ਮਿਲ ਜਾਵੇ

ਤਾਂ ਜਾਤਾਂ ਨਹੀਂ ਦੇਖੀ ਦੀਆਂ

ਜੱਸੀ :– ਚੱਲੋ ਵਧੀਆ ਗੱਲ ਆ,ਇੰਨੀ ਵਧੀਆ ਸੋਚ ਆ ਸਭ ਦੀ। ਹੋ ਸਕਦਾ ਮੇਰੀ ਫੈਮਿਲੀ ਵੀ ਖੁਸ਼ ਹੀ ਹੋਵੇ ਮੈਂ ਐਵੇਂ ਡਰੀ ਜਾਂਦੀ ਆ।

ਹਰਜੋਤ :– ਹਮਮਮਮਮ, ਤੂੰ ਆਪ ਵੀ ਡਰਦੀ ਆ,ਨਾਲ ਮੈਨੂੰ ਵੀ ਡਰਾਉਣ ਲੱਗ ਜਾਂਦੀ ਆ। ਕਮਲੀ ਆ ਤੂੰ ਵੀ।

ਜੱਸੀ :– ਹਾਹਾਹਾਹਾ ! ਨਹੀਂ ਡਰਾਉਂਦੀ ਹੁਣ।

ਹਰਜੋਤ :– ਚੱਲ ਠੀਕ ਆ । ਘਰ ਪਹੁੰਚ ਕੇ ਫੋਨ ਕਰ ਦਵੀ। ਮੈਂਨੂੰ ਸ਼ਿੰਦੇ ਦਾ ਫੋਨ ਆ ਰਿਹਾ ਆ। ਧਿਆਨ ਰੱਖੀਂ ਆਪਣਾ ਬਾਏ ।

ਜੱਸੀ :– ਹਾਂਜੀ ਠੀਕ ਆ ਜੀ ...ਬਾਏ।

ਬੱਸ ਵਿਚ ਬੈਠੀ ਜੱਸੀ ਬੋਰ ਹੋ ਰਹੀ ਸੀ,ਇਕ ਘਰ ਜਲਦੀ ਪਹੁੰਚਣ ਦਾ ਡਰ ਵੀ ਸੀ, ਕੀਤੇ ਲੇਟ ਨਾ ਹੋ ਜਾਵੇ। ਦਿਲ ਵਿਚ ਮਿਲਣ ਦੀ ਖੁਸ਼ੀ ਵੀ ਸੀ,ਪਰ ਘਰ ਦਾ ਡਰ ਵੀ ਸਤਾ ਰਿਹਾ ਸੀ। ਫਿਕਰਾ ਵਿਚ ਪਈ ਜੱਸੀ ਨੇ ਫੇਸਬੁੱਕ ਚਲਾਈ  ਤਾਂ ਚੈਟ ਗਰੁੱਪ ਵਿਚ ਸਭ ਔਨਲਾਈਨ ਬੈਠੇ ਸੀ,ਗੱਪਾ ਮਾਰਨ ਲੱਗੇ ਹੋਏ ਸੀ। ਜੱਸੀ ਨੇ ਵੀ ਇਕ ਮੈਸੇਜ ਕੀਤਾ।

ਜੱਸੀ :– ਹੈਲੋ ! ਕਿਵੇ ਹੋ ਸਾਰੇ ਜਾਣੇ।

ਬਾਣੀ :– ਆ ਗਈ ਤੂੰ ।

ਸ਼ਿੰਦਾ :– ਮੇਰਾ ਭਰਾ ਕਿੱਥੇ ਆ ਆਇਆ ਨਹੀਂ ਅਜੇ ਘਰ,ਕੀਤੇ ਨਾਲ ਹੀ ਤਾਂ ਨਹੀਂ ਲੈਂ ਗਏ ਤੁਸੀ ਉਹਨੂੰ...?

ਜੱਸੀ :– ਹਾਂ, ਬਾਣੀ ਮੈਂ ਬੱਸ ਵਿਚ ਹਾ,ਆ ਹੀ ਰਹੀ ਆ। ਨਹੀਂ  ਸ਼ਿੰਦੇ ਮੈਂ ਕਿਉਂ ਨਾਲ ਲੈਕੇ ਆਉਣਾ ਸੀ ਤੁਹਾਡੇ ਵੀਰੇ ਨੂੰ,ਉਹ ਵੀ ਚਲੇ ਗਏ ਸੀ ਘਰ ਨੂੰ।

ਬਾਣੀ :– ਦਿਮਾਗ ਮੋਟਾ ਹੀ ਆ ਸ਼ਿੰਦੇ ਦਾ ਵੀ, ਲੈਕੇ ਤੁਹਾਡਾ ਭਰਾ ਜਾਊਗਾ ਉਹਨੂੰ, ਉਹ ਥੋੜ੍ਹੀ ਲੈਕੇ ਜਾਊਗੀ ।

ਸ਼ਿੰਦਾ :– ਬੈਠ ਜਾ ਤੂੰ ਟਿਕ ਕੇ। ਕੀ ਪਤਾ ਜੱਸੀ ਨੂੰ ਜਿਆਦਾ ਪਸੰਦ ਆ ਗਿਆ ਹੋਵੇ ਮੇਰਾ ਵੀਰ ਨਾਲ ਹੀ ਨਾ ਲੈ ਗਈ ਹੋਵੇ ।

ਹਰਜੋਤ :– ਆ ਗਿਆ ਬਸ ਮੈਂ ਘਰ,ਪਹੁੰਚਣ ਵਾਲਾ ਹੀ ਆ।

ਬਾਣੀ :– ਆਹ ਲਓ ਜੀ ਆ ਗਏ ਤੁਹਾਡੇ ਵੀਰ ਜੀ ,ਐਵੇਂ ਸਾਡੀ ਕੁੜੀ ਨੂੰ ਦੱਬੀ ਜਾਣਾ ਸੀ ਜੇ ਕੀਤੇ ਭਰਾ ਲੇਟ ਹੋ ਜਾਂਦਾ ਤੇਰਾ।

ਸ਼ਿੰਦਾ :– ਤੁਹਾਡੀ ਕੁੜੀ ਨੂੰ ਹੀ ਮਿਲਣ ਗਿਆ ਸੀ,ਤੁਹਾਨੂੰ ਹੀ ਕਹਿਣਾ ਸੀ ਆਈ ਵੱਡੀ।

ਜੱਸੀ :– ਤੁਸੀ ਲੜਾਈ ਹੀ ਕਰਦੇ ਰਿਹਾ ਕਰੋ।

ਹਰਜੋਤ :– ਤੁਸੀ ਕਰੋ ਗੱਲਾ ।ਮੈਂ ਘਰ ਜਾ ਕੇ ਗਰੁੱਪ ਵਿਚ ਆਉਂਦਾ ਆ। ਹੁਣ ਬੱਸ ਰੁਕਣ ਵਾਲੀ ਆ,ਜੱਸੀ ਤੂੰ ਚੇਤੇ ਨਾਲ ਫੋਨ ਕਰ ਦਵੀ ਜਾ ਕੇ।

ਜੱਸੀ :– ਹਾਂਜੀ ਕਰ ਦੇਵਾਗੀ ਫੋਨ।

ਘਰ ਪਹੁੰਚ ਕੇ ਜੱਸੀ ਨੇ ਫੋਨ ਕਰਕੇ ਦੱਸ ਦਿੱਤਾ ਹਰਜੋਤ ਨੂੰ ਕੇ ਮੈਂ ਘਰ ਆ ਗਈ ਆ। ਐਦਾ ਹੀ ਹੱਸਦਿਆ ਹੱਸੋਂਦਿਆ ਕਦੋਂ 2 ਸਾਲ ਬੀਤ ਗਏ ਜੱਸੀ ਤੇ ਹਰਜੋਤ ਨੂੰ ਪਤਾ ਹੀ ਨਹੀਂ ਲੱਗਿਆ। ਹਰਜੋਤ ਨੂੰ ਨਵੀਂ ਜੌਬ ਮਿਲ ਗਈ ਸੀ, ਚੰਡੀਗੜ ਵਿੱਚ। ਹਰਜੋਤ ਹੁਣ ਆਪਣੇ ਦੋਸਤ ਦੀਪ ਨਾਲ ਕੰਮ ਨਹੀਂ ਕਰਦਾ ਸੀ। ਓਦਾਂ ਮਿਲ ਆਉਂਦਾ ਸੀ ਕਦੇ ਕਦੇ। ਹਰਜੋਤ ਰਹਿੰਦਾ ਵੀ ਚੰਡੀਗੜ ਵਿੱਚ ਹੀ ਸੀ ,ਮਹੀਨੇ ਪਿੱਛੋਂ ਪਿੰਡ ਗੇੜਾ ਲਾ ਆਉਂਦਾ ਸੀ। ਜਦੋਂ ਹਰਜੋਤ ਪਿੰਡ ਗਿਆ ਹੋਇਆ ਸੀ ਤਾਂ ਜੱਸੀ ਨੇ ਫੋਨ ਕੀਤਾ ਹਰਜੋਤ ਨੂੰ ਤਾਂ ਅੱਗੋ ਕਿਸੇ ਲੇਡੀ ਨੇ ਫੋਨ ਚੁੱਕਿਆ, ਸ਼ਾਇਦ ਹਰਜੋਤ ਦੀ ਮੰਮੀ ਹੀ ਸੀ। ਜੱਸੀ ਨੇ ਡਰਦੀ ਨੇ ਫੋਨ ਕੱਟ ਦਿੱਤਾ। ਥੋੜੇ ਟਾਈਮ ਤਕ ਹਰਜੋਤ ਦੀ ਬੈਕ ਕਾਲ ਆਉਂਦੀ।

ਹਰਜੋਤ :– ਹਾਂਜੀ ਮੈਡਮ ਜੀ , ਕਾਲ ਕੀਤੀ ਸੀ, ਸੌਰੀ ਮੈਂ ਬਹੁਤ ਬੀਜੀ ਸੀ।

ਜੱਸੀ :– ਹਾਂਜੀ । ਫੋਨ ਕਹਿਣੇ ਚੁੱਕਿਆ ਸੀ ..?

ਹਰਜੋਤ :– ਉਹ ਯਾਰ ਮੰਮੀ ਗਈ ਸੀ ਕਿਤੇ ਦੂਰ ਗੁਰੂਦਵਾਰੇ,ਤੇ ਭਾਬੀ ਆ ਤਾਏ ਦੀ ਨੂੰਹ ਆ ਬੇਬੀ ਆਉਣ ਵਾਲਾ ਆ ਉਹਦੇ,ਤਾਂ ਮੰਮੀ ਉਹਦੇ ਵਾਸਤੇ ਸਮਾਨ ਲੈਕੇ ਆਈ ਆ,ਨਿੱਕੇ ਜਿਹੇ ਬਰਤਨ,ਨਿੱਕਾ ਜਿਹਾ ਫੱਟਾ,ਖਿਡੌਣੇ ਵੀ,ਤੇ ਭਾਬੀ ਆਈ ਸੀ, ਉਹਨੇ ਹੀ ਚੁੱਕ ਲਿਆ ਫੋਨ ਚਾਰਜ ਤੇ ਲਗਾ ਸੀ ਨਾ ਫੋਨ ਮੇਰਾ ।

ਜੱਸੀ :– ਠੀਕ ਆ ਜੀ। ਤੁਸੀ ਕਿੰਨੇ ਦਿਨ ਰਹਿਣਾ ਹੁਣ ਘਰ ...?

ਹਰਜੋਤ :– 4,5 ਕੇ ਦਿਨ ਹੋਰ ਆ ਬਸ, ਚੱਲ ਜਾਣਾ ਫਿਰ।

ਜੱਸੀ :– ਅੱਛਾ ਜੀ,ਤੁਸੀ ਘਰੇ ਕਦੋਂ ਗੱਲ ਕਰਨੀ ਆਪਣੇ ਵਿਆਹ ਦੀ..?

ਹਰਜੋਤ :– ਕਰਾਂਗਾ ਜਲਦੀ ਹੀ,ਜਦੋਂ ਅਗਲੀ ਵਾਰ ਆਊਂਗਾ ਚੰਡੀਗੜ ਤੋਂ ਉਦੋ ਕਰਾਂਗਾ,ਇਸ ਵਾਰ ਥੋੜਾ ਔਖਾ ਜਿਹਾ ਆ,ਭੈਣ ਦੇ ਕਰਕੇ ਮੰਮੀ ਥੋੜੇ ਪ੍ਰੇਸ਼ਾਨ ਜਹੇ ਆ।

ਜੱਸੀ :– ਠੀਕ ਆ,ਅਗਲੀ ਵਾਰ ਕਰ ਲਿਓ।

ਹਰਜੋਤ :– ਹਾਂ ਅਗਲੀ ਵਾਰ ਪੱਕਾ ਕਰਾਂਗਾ। ਤੂੰ ਫ਼ਿਕਰ ਨਾ ਕਰ । ਚੱਲ ਬਾਏ ਹੁਣ ਮੈਂ ਰੋਟੀ ਖਾ ਲਵਾ ਫਿਰ ਕਰਦਾ ਗੱਲ।

ਜੱਸੀ :– ਹਾਜੀ ਖਾਲੋ। ਇਕ ਗੱਲ ਸੁਣੋ ਸੱਚ।

ਹਰਜੋਤ :– ਹਾਂ ਜਲਦੀ ਬੋਲੋ।

ਜੱਸੀ :– ਕੱਲ ਵੀਡਿਓ ਕਾਲ ਕਰੋਗੇ...?

ਹਰਜੋਤ :– ਹਾਂ ਕਰ ਲਵਾਂਗਾ,ਜਦੋਂ ਵਿਹਲਾ ਹੋਇਆ ਉਦੋ ।

ਜੱਸੀ :– ਠੀਕ ਆ ਹੁਣ ਖਾਓ ਰੋਟੀ,ਬਾਏ।

ਹਰਜੋਤ ਦਾ ਫੋਨ ਕੱਟਣ ਤੋਂ ਬਾਅਦ ਜੱਸੀ ਮੈਸੇਜ ਦੇਖਣ ਲੱਗੀ ਤਾਂ ਦੀਪ ਦੇ ਬਹੁਤ ਸਾਰੇ ਮੈਸੇਜ ਆਏ ਹੋਏ ਸੀ,

ਦੀਪ :– ਕਿਵੇਂ ਆ ਜੱਸੀ, ਕੀ ਕਰਦੇ ਸੀ।

ਜੱਸੀ :– ਹਾਂ  ਠੀਕ ਆ ਮੈਂ ਤਾਂ,ਤੂੰ ਕਿਵੇਂ ਆ ਦੀਪ,ਅੱਜ ਕਲ ਘੱਟ ਹੀ ਨਜ਼ਰ ਆਉਂਦਾ ਗਰੁੱਪ ਵਿਚ।

ਦੀਪ :– ਵੈਸੇ ਹੀ ਯਾਰ,ਮੈਂ ਸੋਚਿਆ ਤੁਹਾਡਾ ਫੈਮਲੀ ਗਰੁੱਪ ਆ,ਮੈਂ ਐਵੇਂ ਬਾਹਰਲਾ ਬੰਦਾ, ਕੀ ਕਰਨਾ ਹੁੰਦਾ ਤੁਹਾਡੇ ਸਾਰਿਆਂ ਵਿੱਚ।

ਜੱਸੀ :– ਕਿਉਂ ਕੀ ਗੱਲ ਹੋਈ, ਪਹਿਲਾਂ ਵੀ ਤਾਂ ਆਉਂਦਾ ਸੀ ਗਰੁੱਪ ਚ,ਹੁਣ ਕੀ ਹੋਇਆ..? ਲੜਾਈ ਹੋਈ ਆ ਕਿਸੇ ਨਾਲ...?

ਦੀਪ :– ਨਾ ਨਾ ਲੜਾਈ ਕਿਉਂ ਹੋਣੀ,ਤੂੰ ਕਿੰਨੀ ਚੰਗੀ ਆ ਜੱਸੀ ਤਾਹੀ ਤਾਂ ਮੈਂ ਤੇਰੇ

ਨਾਲੇ ਦੋਸਤੀ ਨਹੀਂ ਤੋੜਦਾ।

ਜੱਸੀ :– ਅੱਛਾ,ਤੂੰ ਵੀ ਤਾਂ ਚੰਗਾ ਆ।

ਦੀਪ :– ਨਾ ਯਾਰ ਮੈਂ ਕਿੱਥੇ ਚੰਗਾ ਆ, ਪਾਪੀ ਬੰਦਾ ਆ। ਪਤਾ ਨਹੀਂ ਕਿੰਨੇ ਕੇ ਗੁਨਾਹ ਕੀਤੇ ਹੋਣੇ ਆ।

ਜੱਸੀ :– ਮੈਨੂੰ ਐਦਾ ਲਗਦਾ ਤੂੰ ਕੁਝ ਛੁਪਾ ਰਿਹਾ ਆ ਮੇਰੇ ਤੋ।

ਦੀਪ :– ਓਏ ਕਮਲੀਏ ਤੇਰੇ ਕੋਲੋ ਕੀ ਲੁਕਾਉਣਾ ।

ਜੱਸੀ :– ਬਾਣੀ ਨੇ ਕੁਝ ਕਿਹਾ ਹੋਣਾ ਫਿਰ।

ਦੀਪ :– ਉਹਦੀਆ ਗੱਲਾਂ ਦਾ ਮੈਂ ਗੁੱਸਾ ਨਹੀਂ ਕਰਦਾ ਯਾਰ,ਉਹ ਵੀ ਤੇਰੇ ਵਾਂਗੂੰ ਵਧੀਆ ਦੋਸਤ ਆ ਮੇਰੀ।

ਜੱਸੀ :– ਜਦੋਂ ਸਭ ਠੀਕ ਆ ਫਿਰ ਆਇਆ ਕਰ ਗਰੁੱਪ ਵਿਚ,ਤੇਰੇ ਨਾਲ ਹੀ ਤਾਂ ਰੌਣਕ ਲਗਦੀ ਆ।

ਦੀਪ :– ਤੂੰ ਐਨੇ ਪਿਆਰ ਨਾਲ ਬੁਲਾਵੇ ਤਾਂ ਮੈਂ ਨਾ ਆਵਾ ਦੱਸ,ਆਊਗਾ ਅੱਜ ਰਾਤ ਨੂੰ। ਕਿਵੇ ਬਣੀ ਫਿਰ ਤੁਹਾਡੇ ਵਿਆਹ ਦੀ ਗੱਲ...?

ਜੱਸੀ :– ਪਤਾ ਨਹੀਂ ਅਜੇ,ਹਰਜੀਤ ਨੇ ਕਿਹਾ ਆ ਅਗਲੀ ਵਾਰ ਆਉਣਗੇ ਤਾਂ ਕਰਨਗੇ ਗੱਲ,ਇਸ ਵਾਰ ਨਹੀਂ ਕਰ ਸਕਦੇ,ਕੋਈ ਪ੍ਰੌਬਲਮ ਚੱਲ ਰਹੀ ਆ ਉਹਨਾਂ ਦੇ ਘਰ।

ਦੀਪ :– ਓਕੇ। ਕੋਈ ਨਾ ਕਰ ਲਵੇਗਾ ਜੇ ਕਿਹਾ ਆ ਤਾਂ,ਨਾਲੇ 2 ਸਾਲ ਤੋਂ ਉਪਰ ਹੋ ਗਿਆ ਹੁਣ ਗੱਲ ਕਰਦਿਆ ਨੂੰ,ਹੁਣ ਵਿਆਹ ਕਰਾ ਲੈਣੇ ਚਹੀਦਾ ਆ।

ਜੱਸੀ :– ਹਮਮਮ ! ਦੇਖੋ ਕਿੱਦਾ ਹੁੰਦੀ। ਚੱਲ ਦੀਪ ਕਰਦੇ ਆ ਗਲ ਰਾਤ ਨੂੰ। ਮੈਂ ਕੰਮ ਕਰ ਲਵੋ ਥੋੜਾ। ਬਾਏ।

ਦੀਪ :– ਠੀਕ ਆ ਬਾਏ।

✪✪✪✪✪✪✪

# ਭਾਗ – 14

ਜੱਸੀ ਜਿਵੇਂ ਦੀਪ ਦੀਆ ਗੱਲਾਂ ਤੋਂ ਪਰੇਸ਼ਾਨ ਜਹੀ ਹੋ ਗਈ, ਹਜ਼ਾਰਾਂ ਸਵਾਲ ਉਹਦੇ ਦਿਮਾਗ ਵਿਚ ਘੁੰਮਣ ਲੱਗੇ । ਜੱਸੀ ਹਰ ਗੱਲ ਬਾਣੀ ਨਾਲ ਸਾਂਝੀ ਕਰਦੀ ਸੀ। ਉਹਨੇ ਇਹ ਗੱਲ ਵੀ ਬਾਣੀ ਨਾਲ ਕੀਤੀ।

ਜੱਸੀ :– ਬਾਣੀ ਮੈਨੂੰ ਲਗਦਾ ਕੋਈ ਗੱਲ ਤਾਂ ਹੈ ਜੋ ਦੀਪ ਲੁਕਾ ਰਿਹਾ ਹੈ,ਅੱਜ ਕੱਲ ਉਹ ਗਰੁੱਪ ਵਿਚ ਵੀ ਨਹੀਂ ਆਉਂਦਾ।

ਬਾਣੀ :– ਕੋਈ ਨਾ ਤੂੰ ਫ਼ਿਕਰ ਨਾ ਕਰ ਮੈਂ ਕਰਦੀ ਆ ਗੱਲ ਦੀਪ ਨਾਲ। ਮੈਨੂੰ ਦੱਸ ਦੇਣੀ ਆ ਉਹਨੇ ਅਗਰ ਕੋਈ ਗੱਲ ਹੋਈ ਤਾਂ।

ਜੱਸੀ :– ਠੀਕ ਆ ਤੂੰ ਦੀਪ ਨੂੰ ਉਹਦੇ ਇਨਬਾਕਸ ਵਿਚ ਮੈਸੇਜ ਕਰੀ ਓਕੇ।

ਬਾਣੀ :– ਠੀਕ ਆ ਐਦਾ ਹੀ ਕਰਾਂਗੀ ।

ਬਾਣੀ ਦੇ ਪੁੱਛਣ ਤੇ ਦੀਪ ਨੇ ਕਿਹਾ ਬਸ ਮਾੜੀ ਮੋਟੀ ਜਿਹੀ ਲੜਾਈ ਹੋ ਗਈ ਸੀ ਹਰਜੋਤ ਨਾਲ ਇਸ ਲਈ ਮੈਂ ਹੁਣ ਗੱਲ ਨਹੀਂ ਕਰਦਾ ਕਿਸੇ ਨਾਲ ਵੀ,ਗੱਲ ਵੀ ਕੁਝ ਖਾਸ ਨਹੀ ਹੋਈ ਸੀ ਬਸ ਗੱਡੀ ਨੂੰ ਲੈਕੇ ਹੀ ਬਹਿਸ ਹੋ ਗਈ ਸੀ। ਫਿਰ ਮੈਂ ਗਰੁੱਪ ਵਿਚ ਇਸ ਕਰਕੇ ਹੀ ਨਹੀਂ ਆਉਂਦਾ ਐਵੇਂ ਉੱਥੇ ਹਰਜੋਤ ਹੋਣੀ ਸਭ ਹੁੰਦੇ ਆ,ਹਰਜੋਤ ਗੁੱਸਾ ਕਰੇਗਾ ਮੇਰੇ ਆਉਣ ਨਾਲ।

ਹਰਜੋਤ,ਸ਼ਿੰਦਾ,ਬਾਣੀ ਤੇ ਦੀਪ ਤੋਂ ਇਲਾਵਾ ਵੀ ਜੱਸੀ ਦਾ ਇਕ ਹੋਰ ਗੋਪੀ ਨਾਮ ਦਾ ਦੋਸਤ ਸੀ ਫੇਸਬੁਕ ਤੇ,ਜੋਂ ਬਹੁਤ ਇੱਜ਼ਤ ਕਰਦਾ ਸੀ ਜੱਸੀ ਦੀ,ਉਹ ਹਮੇਸ਼ਾ ਹੀ ਕਹਿੰਦਾ ਹੁੰਦਾ ਸੀ ਜੱਸੀ ਜੋਂ ਵੀ ਫੈਸਲਾ ਲੈਣਾ ਪਲੀਜ਼ ਸੋਚ ਸਮਝ ਕੇ ਲਵੀ। ਗੋਪੀ ਸਟੱਡੀ ਕਰਕੇ ਵਿਹਲਾ ਹੀ ਸੀ,ਜੌਬ ਟ੍ਰਾਈ ਕਰ ਰਿਹਾ ਸੀ। ਪਰ ਕਿਤੇ ਵੀ ਜੌਬ ਨਹੀਂ ਮਿਲ ਰਹੀ ਸੀ, ਕਿਤੇ ਮਿਲਦੀ ਵੀ ਸੀ ਤਾਂ ਸੈਲਰੀ ਘੱਟ ਹੋਣ ਕਾਰਨ ਉਹ ਜੌਬ ਛੱਡ ਦਿੰਦਾ ਸੀ। ਜੱਸੀ ਤੇ ਗੋਪੀ ਐਨੇ ਕੇ ਕਰੀਬੀ ਦੋਸਤ ਸੀ ਕਿ ਦੋਨੋ ਆਪਣੇ ਘਰਦੇ ਹਲਾਤ ਤੱਕ ਵੀ ਇਕ ਦੂਜੇ ਨਾਲ ਹਮੇਸ਼ਾ ਸਾਂਝੇ ਕਰਦੇ ਸੀ। ਅਕਸਰ ਲੰਬੀ ਵਾਰਤਾਲਾਪ ਹੁੰਦੀ ਸੀ

ਦੋਵਾਂ ਦੀ ਇਕ  ਦਿਨ ਗੋਪੀ ਜੱਸੀ ਨੂੰ ਬਹੁਤ ਹੀ ਦੁਖੀ ਮੰਨ ਨਾਲ ਆਪਣੀਆ ਤਕਲੀਫ਼ਾਂ ਸੁਣਾ ਰਿਹਾ ਸੀ।

ਗੋਪੀ :– ਜੱਸੀ ਕੀਤੇ ਵੀ ਜੌਬ ਨਹੀਂ ਮਿਲ ਰਹੀ,ਘਰ ਵਿਚ ਕਲੇਸ਼ ਹੁੰਦਾ ਰਹਿੰਦਾ ਮੇਰੇ ਵੇਹਲੇ ਰਹਿਣ ਕਰਕੇ.. ਕੀ ਕਰਾਂ ਯਾਰ ਕੁਝ ਸਮਝ ਨਹੀਂ ਆਉਂਦੀ।

ਜੱਸੀ :– ਤੂੰ ਫ਼ਿਕਰ ਨਾ ਕਰਿਆ ਕਰ,ਮਿਲ ਜਾਵੇਗੀ ਜੌਬ। ਅਜੇ ਜਿੰਨੇ ਕੇ ਪੈਸੇ ਵਾਲੀ ਮਿਲਦੀ ਕਰ ਲਵੋ।

ਗੋਪੀ :– ਯਾਰ ਮਸਾ ਅੱਠ , ਨੌ ਹਜ਼ਾਰ ਦਿੰਦੇ ਆ,ਉਹ ਵੀ ਓਵਰ ਟਾਈਮ ਲਗਾ ਕੇ,ਮੈਂ ਬੀ ਟੈਕ ਕਰਕੇ ਖੂਹ ਵਿਚ ਪਾਈ, ਐਨੇ ਪੈਸੇ ਲਗਾਏ ਪੜ੍ਹਾਈ ਤੇ। ਬਾਪੂ ਨੇ ਆਪੇ ਔਖਾ ਹੋਣਾ ਆ,ਜਦੋਂ ਮੈਂ ਉਹਦੇ ਹੱਥ ਤੇ ਕਮਾ ਕੇ ਕੁਝ ਵੀ ਨਹੀਂ ਰੱਖਦਾ ।

ਜੱਸੀ :–  ਹਾਂ ਇਹ ਤਾਂ ਗੱਲ ਸਹੀ ਕਹੀ ਤੂੰ ਗੋਪੀ। ਚੱਲ ਮੈਂ ਹਰਜੋਤ ਨਾਲ ਗੱਲ ਕਰਕੇ ਦੇਖਾਗੀ। ਉੱਥੇ ਵਧੀਆ ਤਨਖਾਹ ਮਿਲ ਜਾਣੀ ਆ। ਪਰ ਇਹ ਟ੍ਰੇਨਿੰਗ ਦਿੰਦੇ ਪਹਿਲਾਂ ਫਿਰ ਜੌਬ ਤੇ ਰਖਦੇ ਆ,ਇੰਟਰਵਿਊ ਤੋਂ ਬਾਅਦ।

ਗੋਪੀ :– ਕੋਈ ਨਾ ਤੂੰ ਪੁੱਛ ਲਵੀ, ਪਰ ਕਿਤੇ ਤੈਨੂੰ ਗਲਤ ਨਾ ਸਮਝ ਲਵੇ ਹਰਜੋਤ। ਐਵੇਂ ਨਾ ਮੇਰੇ ਕਰਕੇ ਆਪਣਾ ਰਿਸ਼ਤਾ ਖਰਾਬ ਕਰ ਲਿਓ ਕੀਤੇ।

ਜੱਸੀ : ਸਾਡੇ ਵਿੱਚ ਐਦਾ ਦੀ ਕੋਈ ਗੱਲ ਨਹੀਂ ਆ,ਨਾ  ਹਰਜੋਤ ਨੇ ਕਦੇ ਸ਼ੱਕ ਕੀਤੀ ਮੇਰੇ ਤੇ ਨ ਕਦੇ ਮੈਂ ਕੀਤੀ।

ਗੋਪੀ :– ਚੱਲ ਠੀਕ ਆ ਫਿਰ ਪਤਾ ਕਰੀ ਤੇ ਮੈਨੂੰ ਮੈਸਜ ਕਰਕੇ ਦੱਸ ਦਈ।

ਜੱਸੀ :– ਓਕੇ ਕਰਦੀ ਆ ਸ਼ਾਮ ਨੂੰ ਮੈਸੇਜ ਤੈਨੂੰ,ਹੁਣ ਮੈਂ ਕਰਕੇ ਦੇਖਦੀ ਆ ਕਾਲ ਹਰਜੋਤ ਨੂੰ...ਬਾਏ।

ਜੱਸੀ ਨੇ ਹਰਜੋਤ ਨਾਲ ਸਾਰੀ ਗੱਲ ਕਰ ਲਈ ਤੇ ਹਰਜੋਤ ਨੇ ਕੰਪਨੀ ਚ ਗੱਲ ਕਰ ਲਈ ਤੇ ਗੋਪੀ ਨੂੰ ਆਉਣ ਲਈ ਕਹਿ ਦਿੱਤਾ।  ਗੋਪੀ ਚੰਡੀਗੜ ਪੰਜ ਦਿਨ ਟ੍ਰੇਨਿੰਗ ਤੇ ਰਿਹਾ,ਹਰਜੋਤ ਨਾਲ ਇੱਕੋ ਰੂਮ ਵਿਚ ਰਿਹਾ, ਪੰਜ ਦਿਨ ਹਰਜੋਤ ਨਾਲ ਰਹਿ ਕੇ ਗੋਪੀ ਨੂੰ ਇਹੀ ਲਗਾ ਕੇ ਜੱਸੀ ਲਈ ਬਹੁਤ ਸਹੀ ਆ ਇਹ ਮੁੰਡਾ। ਸੁਭਾਅ ਬਹੁਤ ਵਧੀਆ ਆ। ਰੂਮ ਤੋਂ ਬਾਹਰ ਜਾ ਕੇ ਗੋਪੀ ਨੇ ਜੱਸੀ ਨੂੰ ਮੱਸੇਂਜਰ ਤੇ ਕਾਲ ਕੀਤੀ ।

ਜੱਸੀ :– ਹਾਂ ਗੋਪੀ ਕਿੱਦਾ ਠੀਕ ਆ ਤੂੰ...?

ਗੋਪੀ :– ਹਾਂ ਮੈਂ ਠੀਕ ਆ ਜੱਸੀ,ਤੂੰ ਕਿਵੇਂ ਆ..?

ਜੱਸੀ :– ਮੈਂ ਵੀ ਠੀਕ ਆ,ਕਿਵੇਂ ਆ ਮੇਰੇ ਬਰਾੜ ਸਾਬ ਕੀ ਕਰਦੇ ਆ...?

ਗੋਪੀ :– ਠੀਕ ਆ ਉਹ ਵੀ  ਕੱਪੜੇ ਧੋ ਰਿਹਾ ਸੀ। ਮੈਂ ਸੋਚਿਆ ਤੈਨੂੰ ਕਾਲ ਕਰਾ।

ਜੱਸੀ :– ਕਿਵੇਂ ਬਣੀ ਕੋਈ ਗੱਲ ਜੌਬ ਦੀ ...?

ਗੋਪੀ :– ਹਾਂ ਇੰਟਰਵਿਊ ਰਹਿੰਦੀ ਆ ਬਸ, ਸ਼ਾਇਦ ਬਣ ਜਾਵੇ ਗੱਲ ਜੌਬ ਦੀ।

ਜੱਸੀ :– ਚੱਲ ਫਿਰ ਤਾਂ ਵਧੀਆ ਗੱਲ ਆ। ਹਰਜੋਤ ਕਿਵੇਂ ਦੇ ਲਗੇ, ਸਹੀ ਆ ਕੇ ਨਹੀਂ ਮੁੰਡਾ...?

ਗੋਪੀ :– ਜਮਾ ਹੀਰਾ ਲੱਭਿਆ ਆ, ਸੁਭਾਅ ਬਹੁਤ ਵਧੀਆ ਆ, ਐਨੇ ਦਿਨਾਂ ਚ ਮੈਨੂੰ ਕੋਈ ਕੰਮ ਕਰਨ ਲਈ ਨਹੀਂ ਕਿਹਾ ਆਪੇ ਕਰ ਲੈਂਦਾ ਸਭ ,ਅੱਜ ਗਏ ਸੀ ਅਸੀਂ ਘੁੰਮਣ ਬਾਹਰ ਜ਼ਿਕਰ ਹੋਇਆ ਤੇਰਾ ਹਰ ਗੱਲ ਵਿਚ।

ਜੱਸੀ :– ਹੈਂ ਸੱਚੀ ...? ਕੀ ਗੱਲ ਹੋਈ ਮੇਰੀ...?

ਗੋਪੀ :– ਮੈਂ ਕਿਹਾ ਕਿ ਕੇ ਜੱਸੀ ਬਹੁਤ ਚੰਗੀ ਕੁੜੀ ਆ, ਪਲੀਜ਼ ਉਹਨੂੰ ਧੋਖਾ ਨਾ ਦੇਈ,ਤੇ ਜਲਦੀ ਵਿਆਹ ਕਰਾ ਲਿਓ ਹੁਣ ਲਗਭਗ ਤਿੰਨ ਸਾਲ ਹੋਣ ਵਾਲੇ ਆ ਹੁਣ ਤਾਂ ਤੁਹਾਨੂੰ ਇਸ ਰਿਸ਼ਤੇ ਵਿੱਚ ਆਇਆ ਨੂੰ। ਕਰਮਾਂ ਵਾਲਾ ਆ ਐਨੀ ਚੰਗੀ ਕੁੜੀ ਹਿੱਸੇ ਆਉਣੀ ਤੇਰੇ।ਤੇਰਾ ਘਰ ਵੀ ਜੋੜ ਕੇ ਰੱਖੇਗੀ।

ਜੱਸੀ :– ਫਿਰ ਕੀ ਕਿਹਾ ਹਰਜੋਤ ਨੇ...?

ਗੋਪੀ :– ਕਹਿੰਦਾ ਸੀ ਸੱਚੀ ਮੈਂ ਬਹੁਤ ਲੱਕੀ ਆ ,ਕੇ ਜੱਸੀ ਐਨੀ ਚੰਗੀ ਆ ਜੋਂ ਇੰਨੀ ਫ਼ਿਕਰ ਕਰਦੀ ਆ,ਏਨਾ ਪਿਆਰ ਕਰਦੀ ਆ। ਬਸ ਯਾਰ ਹੁਣ ਜਦੋਂ ਘਰ ਜਾਣਾ ਤਾਂ ਵਿਆਹ ਦੀ ਗੱਲ ਹੀ ਕਰਨੀ ਆ, ਐਨੇ ਟਾਈਮ ਤੋ ਗੱਲ ਨਹੀਂ ਕੀਤੀ ਘਰੇ ਫਿਰ ਜੱਸੀ ਵੀ ਸੋਚਦੀ ਹੋਣੀ ਸ਼ਾਇਦ ਮੈਂ ਲਾਰੇ ਹੀ ਲਾ ਰਿਹਾ ,ਉਸ ਨਾਲ ਟਾਈਮ ਪਾਸ ਕਰ ਰਿਹਾ ਆ,ਕਦੇ ਕਦੇ ਬੁਹਤ ਆਉਂਦੀਆ ਇਹ ਗੱਲਾਂ ਦਿਮਾਗ ਵਿਚ ਯਾਰ,ਪਰ ਕਰਦਾ ਕੀ,ਪੈਰਾ ਤੇ ਸਟੈਂਡ ਨਹੀਂ ਸੀ, ਕਿੰਨਾਂ ਕੇ ਟਾਈਮ ਭੈਣ ਦੇ ਪੈਸੇ ਤੇ ਜੱਸੀ ਦੇ ਸ਼ੌਂਕ ਪੂਰਦਾ।

ਜੱਸੀ :– ਸੱਚੀ ਏਦਾਂ ਕਿਹਾ ਹਰਜੋਤ ਨੇ...? ਮਤਲਬ ਮੁੰਡਾ ਠੀਕ ਆ,ਮੈਂ ਤਾਂ ਉੱਦਾ ਹੀ ਫਿਕਰ ਕਰਦੀ ਰਹਿੰਦੀ ਸੀ।

ਗੋਪੀ :– ਓਏ ਤੂੰ ਬੇਫ਼ਿਕਰ ਰਹਿ, 99.99 ਮੁੰਡਾ ਸਹੀ ਲੱਭਿਆ ਆ ਤੂੰ। ਖੁਸ਼ ਰੱਖੇਗਾ ਤੈਨੂੰ,ਨਾਲੇ ਕੇਅਰ ਕਰਿਆ ਕਰੂ ਤੇਰੀ।

ਜੱਸੀ :– ਚੱਲ ਮੇਰੀ ਇਹ ਫ਼ਿਕਰ ਤਾਂ ਤੂੰ ਦੂਰ ਕੀਤੀ, ਥੈਂਕ ਯੂ ਗੋਪੀ,ਬਹੁਤ ਚੰਗਾ ਦੋਸਤ ਆ ਤੂੰ ਮੇਰਾ।

ਗੋਪੀ :– ਇਹ ਤਾਂ ਮੇਰਾ ਫਰਜ਼ ਸੀ ਮੇਰੀ ਪਿਆਰੀ ਦੋਸਤ ਲਈ,ਜੋਂ ਏਨੇ ਸਾਲਾਂ ਤੋਂ ਮੇਰੀ ਦੋਸਤ ਆ,ਏਨੀ ਚੰਗੀ ਆ। ਨਾਲੇ ਵਿਆਹ ਤੋਂ ਬਾਅਦ ਆਪਾ ਸਭ ਰਿਸ਼ਤੇਦਾਰ ਬਣ ਜਾਵਾਂਗੇ। ਤੂੰ ਮੇਰਾ ਵਿਆਹ ਕਰਵਾ ਦਵੀ ਆਪਣੀ ਨਨਾਣ ਨਾਲ ਕਨੇਡਾ ਵਾਲੀ ਨਾਲ...ਹਾਹਾਹਾਹਾ...ਸਾਰੀ ਜ਼ਿੰਦਗੀ ਆਪਣੀ ਦੋਸਤੀ ਨੀ ਟੁੱਟਣੀ।

ਜੱਸੀ :– ਓਏ ਤੂੰ ਮੇਰੇ ਘਰ ਦੀ ਇੱਜ਼ਤ ਤੇ ਨਿਗ੍ਹਾ ਰੱਖੀ ਕਮੀਨੇ,ਤੇਰੇ ਹੁੰਦਿਆ ਦੁਸ਼ਮਣਾ ਦੀ ਲੋੜ ਨਹੀਂ। ਬਾਕੀ ਐਨਾ ਵੀ ਮਾੜਾ ਨੀ ਓਦਾ ਤੂੰ,ਕੋਈ ਨਾ ਕਰਲਾਗੇ ਰਿਸ਼ਤਾ ਵੀ। ਚੱਲ ਹੁਣ ਤੂੰ ਜਾ ਨਹੀ ਹਰਜੋਤ ਆ ਜਾਏਗਾ।

ਗੋਪੀ :– ਹਾਹਾਹਾਹਾ .... ਨਾ ਹੁਣ ਨਾ ਡਰ ਹੁਣ ਤਾਂ ਸਾਡੀ ਰਿਸ਼ਤੇਦਾਰੀ ਬਣ ਜਾਣੀ। ਕਰ ਲਓ ਕੰਮ ਤੁਸੀ ਵੀ,...ਗੱਲ ਸੁਣ ਸੱਚ ...ਜਨਮ ਦਿਨ ਮੁਬਾਰਕ ਨਹੀਂ ਹਰਜੋਤ ਨੇ ਕਰ ਦੇਣਾ ਸੀ ਪਹਿਲਾ ਵਿਸ਼,ਮੈਂ ਕਰ ਦਿੱਤਾ । ਬਾਕੀ ਕਲ ਵੀ ਤੈਨੂੰ ਵਧਾਈ ਦਵੇਗਾ ਜਨਮ ਦਿਨ ਦੀ।

ਜੱਸੀ :– ਥੈਂਕ ਯੂ ਬੈਸਟੂ। ਬਾਏ।

ਹਰਜੋਤ ਨੂੰ ਜੱਸੀ ਦਾ ਜਨਮ ਦਿਨ ਵੀ ਯਾਦ ਨਹੀਂ ਸੀ, ਗੋਪੀ ਦੇ ਯਾਦ ਕਰਾਉਣ ਤੇ ਉਹਨੂੰ ਯਾਦ ਆਇਆ ਤੇ,ਕਹਿੰਦਾ ਗੋਪੀ ਵੀਰੇ ਵੀਡਿਓ ਬਣਾ ਦੇ ਫੋਟੋਆ ਲਗਾ ਕੇ, ਨਹੀਂ ਜੱਸੀ ਮੂੰਹ ਬਣਾਉਗੀ ਵੀ ਏਨਾ ਵੀ ਨਹੀਂ ਸਾਰਿਆ। ਗੋਪੀ ਨੇ ਵੀਡਿਓ ਬਣਾ ਦਿੱਤੀਆ,ਤੇ ਸਭ ਤੋਂ ਪਹਿਲਾ ਜੱਸੀ ਨੂੰ ਵਿਸ਼ ਬੀ ਕਰ ਦਿੱਤਾ ਸੀ। ਪੰਜ ਦਿਨ ਰਹਿ ਕੇ ਗੋਪੀ ਵਾਪਿਸ ਆਪਣੇ ਘਰ ਚਲਾ ਗਿਆ।

✪✪✪✪✪✪✪

# ਭਾਗ –15

ਤਿੰਨ ਸਾਲ ਬੀਤ ਗਏ,ਵਿਚ ਵਿਚਾਲੇ ਦੋ ਤਿੰਨ ਵਾਰ ਮੁਲਾਕਾਤ ਵੀ ਹੋ ਗਈ ਸੀ ਜੱਸੀ ਤੇ ਹਰਜੋਤ ਦੀ। ਜੱਸੀ ਜਦੋਂ ਵੀ ਕਦੇ ਵਿਹਲੀ ਹੁੰਦੀ ਤਾਂ ਬਸ ਹਰਜੋਤ ਦੀ ਆਈਡੀ ਹੀ ਫਰੋਲ ਕੇ ਦੇਖਦੀ ਰਹਿੰਦੀ ,ਬਸ ਹਰਜੋਤ ਦੀਆਂ ਫੋਟੋਆ ਨੂੰ ਦੇਖਦੇ ਰਹਿਣਾ ਹੀ ਜੱਸੀ ਦਾ ਕੰਮ ਸੀ। ਜਿਸ ਵੀ ਕਿਸੇ ਦੇ ਨਾਮ ਪਿੱਛੇ ਬਰਾੜ ਲਗਦਾ ਹੋਣਾ ਤਾਂ ਜੱਸੀ ਨੇ ਉਸਦੀ ਆਈਡੀ ਤੇ ਜਾ ਕੇ ਪ੍ਰੋਫਾਈਲ ਜਰੂਰ ਖੋਲ ਕੇ ਦੇਖਣੀ, ਇਕ ਦਿਨ ਉਸ ਨੂੰ ਸਤਿੰਦਰ ਬਰਾੜ ਨਾਮ ਦੀ ਆਈਡੀ ਸ਼ੋ ਹੋਈ, ਜੱਸੀ ਨੇ ਆਈਡੀ ਓਪਨ ਕਰਕੇ ਦੇਖੀ,ਪ੍ਰੋਫਾਈਲ ਦੀ ਬਾਇਓ ਵਿਚ ਲਿਖਿਆ ਸੀ ....ਕੋਈ ਕੁੜੀ ਇਨਬਾਕਸ ਨਾ ਕਰੇ,ਇਹ ਸਿਰਫ ਮੇਰੀ ਜਾਨ ਨੂੰ ਹੱਕ ਆ। ਜੱਸੀ ਨੇ ਏਨਾ ਪੜਿਆ ਦੇਖ,ਸਤਿੰਦਰ ਨੂੰ ਮੈਸੇਜ ਕਰ ਦਿੱਤਾ, ਅਸੀਂ ਤਾਂ ਕਰਾਂਗੇ ਮੈਸੇਜ ।

ਉਸ ਮੈਸੇਜ ਤੋਂ ਬਾਅਦ ਜੱਸੀ ਨੇ ਕਦੇ ਦੇਖਿਆ ਹੀ ਨਹੀਂ ਕੇ ਸਤਿੰਦਰ ਦਾ ਕੀ ਰਿਪਲਾਈ ਆਇਆ। ਬਸ  ਹਰਜੋਤ ਦੀਆ ਫੋਟੋਆ ਤੇ ਸਤਿੰਦਰ ਦੇ ਕੁਮੈਂਟ ਦੇਖ ਕੇ ਜੱਸੀ ਨੂੰ ਲਗਦਾ ਰਹਿੰਦਾ ਸੀ ਸ਼ਾਇਦ ਸਤਿੰਦਰ ਹਰਜੋਤ ਦਾ ਹੀ ਰਿਸ਼ਤੇਦਾਰ ਹੋਣਾ। ਬਹੁਤ ਮਹੀਨ ਬੀਤ ਗਏ,ਜੱਸੀ ਨੇ ਸਤਿੰਦਰ ਦੇ ਮੈਸੇਜ ਹੀ ਨਾ ਦੇਖੇ।

ਨਵਾ ਸਾਲ ਚੜਨ ਵਾਲਾ ਸੀ,ਜੱਸੀ ਹਰਜੋਤ ਨੂੰ ਕਹਿਣ ਲੱਗੀ .....

ਜੱਸੀ :– ਨਵੇਂ ਸਾਲ ਚ ਆਪਾ ਹੁਣ ਵਿਆਹ ਕਰਾ ਲੈਣਾ ਆ। ਨਾਲੇ ਤਿੰਨ ਸਾਲ ਹੋ ਗਏ ਹੁਣ ਤਾਂ ਕੋਈ ਕਸਰ ਵੀ ਨਹੀਂ ਰਹੀ ਇਕ ਦੂਜੇ ਨੂੰ ਜਾਣਨ ਵਿਚ। ਮੈਨੂੰ ਘਰਦੇ ਪੁੱਛਦੇ ਆ ਜਦੋਂ ਕੋਈ ਵੀ ਨਵਾ ਰਿਸ਼ਤਾ ਆਉਂਦਾ ਆ ਤਾਂ।

ਹਰਜੋਤ :– ਚਲ ਠੀਕ ਆ,ਇਸ ਨਵੇਂ ਸਾਲ ਚ ਤੈਨੂੰ ਇਥੇ ਲੈ ਹੀ ਆਉਂਣਾ। ਜਦੋਂ ਘਰਦੇ ਕਹਿਣ ਹੁਣ ਤਾਂ ਤੂੰ ਆਪਣੇ ਵਾਰੇ ਦਸ ਦਵੀ।

ਜੱਸੀ :– ਜੇ ਮੰਮੀ ਨੇ ਕਿਹਾ ਸਾਡੀ ਗੱਲ ਕਰਵਾ ਮੁੰਡੇ ਨਾਲ ਫਿਰ...?

ਹਰਜੋਤ :– ਫਿਰ ਕਰਵਾ ਦਵੀ,ਮੈਂ ਆਪੇ ਸਾਰੀ ਗੱਲ ਕਰ ਲਵਾਂਗਾ।

ਜੱਸੀ :– ਠੀਕ ਆ ਜੇ ਹੁਣ ਕੋਈ ਰਿਸ਼ਤਾ ਆਇਆ ਫਿਰ ਮੈਂ ਦਸ ਦੇਣਾ ਸਭ ਘਰੇ।

ਹਰਜੋਤ :– ਸਹੀ ਆ ਏਦਾ ਹੀ ਕਰੀ।

ਚੈਟ ਗਰੁੱਪ ਵਿੱਚ ਕਾਫੀ ਹਾਸੇ ਪੈਂਦੇ ਰਹਿਣੇ,ਸਭ ਬੀਜੀ ਹੋਣ ਦੇ ਬਾਅਦ ਵੀ ਗਰੁੱਪ ਵਿਚ ਬੜੇ ਹੀ ਰਹਿੰਦੇ ਦੇ। ਬਾਣੀ ਤੇ ਦੀਪ ਵੀ ਕਾਫੀ ਵਧੀਆ ਦੋਸਤ ਬਣ ਗਏ ਸੀ, ਹਰ ਗੱਲ ਇੱਕ ਦੂਜੇ ਨਾਲ ਸ਼ੇਅਰ ਕਰ ਲੈਂਦੇ ਸੀ।

ਇਕ ਦਿਨ ਬਾਣੀ ਤੇ ਦੀਪ ਪਰਸਨਲ ਇਨਬਾਕਸ ਵਿਚ ਗੱਲ ਕਰਦੇ ਸੀ....!

ਦੀਪ :– ਹੋਰ ਸੁਣਾ ਮੋਟੋ ਕਦੋਂ ਵਿਆਹ ਆ ਫਿਰ ਤੇਰੀ ਭੈਣ ਤੇ ਜੀਜੇ ਦਾ...?

ਬਾਣੀ :– ਜਦੋਂ ਵੀ ਹੋਇਆ ਤੈਨੂੰ ਵੀ ਪਤਾ ਲੱਗ ਹੀ ਜਾਣਾ। ਤੂੰ ਵੀ ਤਾਂ ਆਏਂਗਾ ਬਰਾਤ ਵਿਚ...!

ਦੀਪ :– ਨਾਂ ਭਾਈ ਸਾਨੂੰ ਕਹਿਣੇ ਬੁਲਾਉਣਾ...! ਸਾਨੂੰ ਕਹਿਣੇ ਲੈਕੇ ਆਉਣਾ ਬਰਾਤ ਵਿਚ।

ਬਾਣੀ :– ਕਮਾਲ ਦੀ ਗੱਲ ਕਰ ਦਿੱਤੀ। ਤੇਰੇ ਦੋਸਤ ਹੀ ਲੈਕੇ ਆਉਂਣਗੇ,ਹੋਰ ਇਕੱਲੇ ਆਉਣਾ।

ਦੀਪ :– ਨਾ ਮੈਨੂੰ ਕਿੱਥੇ ਲੈਕੇ ਆਉਣਾ ਉਹਨਾਂ ਨੇ ।

ਬਾਣੀ :– ਬਸ ਕਰੋ ਯਾਰ, ਕਿਉਂ ਨਹੀਂ ਲੈਕੇ ਆਉਣਾ।

ਦੀਪ :– ਮੈਨੂੰ ਲਗਦਾ ਇਹਨਾਂ ਦਾ ਵਿਆਹ ਹੀ ਨੀ ਹੋਣਾ...!

ਬਾਣੀ :– ਇਹ ਕੀ ਕਹਿ ਰਹੇ ਹੋ।

ਦੀਪ :– ਹਾਹਾਹਾਹਾ ਮਜ਼ਾਕ ਕਰਦਾ ਆ,ਐਵੇਂ ਨਾ ਬਾਹਲਾ ਸੋਚ।

ਬਾਣੀ :– ਇਹ ਵੀ ਕੋਈ ਮਜ਼ਾਕ ਕਰਨ ਵਾਲੇ ਹੁੰਦੇ ਆ।

ਦੀਪ :– ਵਿਹਲਾ ਹੀ ਬੈਠਾ ਸੀ,ਸੋਚਿਆ ਤੇਰੇ ਨਾਲ ਹੀ ਮਜ਼ਾਕ ਕਰ ਲਵਾਂ।

ਬਾਣੀ :– ਮਜ਼ਾਕ ਕਰਨ ਨੂੰ ਮੈਂ ਤੇਰੀ ਸਾਲੀ ਆ...?

ਦੀਪ :– ਹਾਹਹਾਹਾ ! ਮੇਰੇ ਦੋਸਤ ਦੀ ਤਾਂ ਹੈਗੀ ਆ ਸਾਲੀ।

ਬਾਣੀ :– ਹਾਂ ਉਹ ਤਾਂ ਹੈ। ਗਰੁੱਪ ਵਿਚ ਮਿਲਦੇ ਆ ਰਾਰ ਨੂੰ ਬਾਏ।

ਜੱਸੀ ਨੂੰ ਬੜੀ ਗੰਦੀ ਆਦਤ ਸੀ ਸ਼ਿੰਦੇ ਤੇ ਹਰਜੋਤ ਦੀ ਆਈਡੀ ਫਰੋਲੀ ਜਾਣੀ,ਐਦਾ ਹੀ ਇਕ ਦਿਨ ਜੱਸੀ ਦੀ ਨਜ਼ਰ ਅਮਨ ਬਰਾੜ ਨਾਮ ਦੀ ਆਈਡੀ ਤੇ ਗਈ,ਜੱਸੀ ਨੇ ਜਦੋਂ ਅਮਨ ਬਰਾੜ ਦੀ ਆਈਡੀ ਓਪਨ ਕਰਕੇ ਦੇਖੀ ਤਾਂ ਬਹੁਤ ਸਾਰੀਆ ਫੋਟੋਆ, ਵੀਡਿਓ,ਹਰਜੋਤ ਦੇ ਜਨਮ ਦਿਨ ਤੇ,ਸ਼ਿੰਦੇ ਦੇ ਜਨਮ ਦਿਨ ਤੇ ਵਿਸ਼ ਕੀਤਾ ਹੋਇਆ। ਫੈਮਿਲੀ ਫੋਟੋਜ਼ ਬਹੁਤ ਸੀ। ਜੱਸੀ ਨੂੰ ਲੱਗਾ ਸੀ ਹਰਜੋਤ ਦੀ ਭੈਣ ਆ ਕੈਨੇਡਾ ਵਲੋਂ ਸ਼ਾਇਦ। ਫਿਰ ੲ ਜੱਸੀ ਨੇ ਹਰਜੋਤ ਨੂੰ ਪੁੱਛਣਾ ਸਹੀ ਸਮਝਿਆ। ਜੱਸੀ ਨੇ ਮੈਸੇਜ ਕੀਤਾ ਹਰਜੋਤ ਨੂੰ ...!

ਜੱਸੀ :– ਅਮਨ ਬਰਾੜ ਕੌਣ ਆ ਹਰਜੋਤ ...?

ਹਰਜੋਤ :– ਉਹ ਮੇਰੀ ਭੈਣ ਆ,ਬਾਹਰ ਆ ਕੈਨੇਡਾ ਵਿਚ।

ਜੱਸੀ :– ਠੀਕ ਆ,ਮੈਨੂੰ ਆਈਡੀ ਸ਼ੋ ਹੋਈ ਸੀ,ਮੈਂ ਦੇਖੀ ਸੀ ਓਪਨ ਕਰਕੇ,ਵਿਚ ਤੁਹਾਡੀਆਂ ਤੇ ਸ਼ਿੰਦੇ ਦੀਆ  ਫੋਟੋਆ ਆ।

ਹਰਜੋਤ :– ਠੀਕ ਆ,ਪਰ ਪਲੀਜ਼ ਬੇਨਤੀ ਆ,ਉਹਨੂੰ ਮੈਸੇਜ  ਨਾ ਕਰੀ,ਉਹ ਗੁੱਸੇ ਵਾਲੀ ਆ, ਐਵੇਂ ਕੋਈ ਪੰਗਾ ਨਾ ਪਾ ਦਵੇ,ਇਹ ਮੇਰੀ ਹਰ ਗੱਲ ਮੰਮੀ ਨੂੰ ਦੱਸ ਦਿੰਦੀ ਆ।

ਜੱਸੀ :– ਫਿਰ ਕੀ ਆ ਜ਼ੇ ਦੱਸ ਦੇਣਗੇ,ਵਧੀਆ ਹੀ ਆ,ਜਲਦੀ ਵਿਆਹ ਹੋ ਜਾਊਗਾ

ਆਪਣਾ,ਤੁਸੀ ਤਾਂ ਗਲ ਕਰਦੇ ਹੋ ਨਹੀਂ...!

ਹਰਜੋਤ :– ਦੇਖ ਮੇਰੀ ਮਾਂ ਮੈਂ ਨਹੀਂ ਚਾਹੁੰਦਾ ਕਿ ਜਲਦਬਾਜੀ ਵਿੱਚ ਹਾਲ ਵਿਗੜੇ,ਮੈਂ ਖੁਦ ਦੱਸਾ ਘਰ ਇਹ ਗੱਲ,ਨਾ ਕੇ ਕਿਸੇ ਕੋਲੋ ਪਤਾ ਲਗੇ। ਮੈਂ ਸਹੀ ਟਾਈਮ ਆਏ ਤੇ ਦੱਸ ਦਵਾਗਾ ਤੂੰ ਫ਼ਿਕਰ ਨਾ ਕਰ। ਪਲੀਜ ਤੂੰ ਮੈਸੇਜ ਨਾ ਕਰੀ ਅਮਨ ਨੂੰ।

ਜੱਸੀ :– ਠੀਕ ਆ ਨਹੀ ਕਰਦੀ ।

ਹਰਜੋਤ :– ਸਿਆਣੀ ਕੁੜੀ ।

ਪਰ ਜੱਸੀ ਦੇ ਹੱਥ ਜਿਵੇਂ ਵਾਰ ਵਾਰ ਅਮਨ ਦੀ ਆਈਡੀ ਵੱਲ ਨੂੰ ਹੀ ਜਾ ਰਹੇ ਸੀ, ਦੇਰ ਰਾਤ ਤੱਕ ਜਾਗ ਰਹੀ ਜੱਸੀ ਕੋਲੋ ਰਹਿ ਨਹੀਂ ਹੋਇਆ ਤਾਂ ਉਸ ਨੇ ਜੱਸੀ ਨੂੰ ਮੈਸੇਜ ਕਰ ਹੀ ਦਿੱਤਾ। ਕੈਨੇਡਾ ਵਿੱਚ ਦਿਨ ਹੋਣ ਕਰਕੇ ਅਮਨ ਵੀ ਮੈਸੇਜ ਦੇ ਜਵਾਬ ਦੇਣ ਲੱਗੀ....!

ਜੱਸੀ :– ਹੈਲੋ ਦੀਦੀ...!

ਅਮਨ :– ਜੀ ਕੌਣ...?

ਜੱਸੀ :– ਦੀਦੀ ਮੈਂ ਜੱਸੀ ।

ਅਮਨ :– ਮੈਨੂੰ ਜਾਣਦੇ ਹੋ ਤੁਸੀ...?

ਜੱਸੀ :– ਨਹੀਂ ਦੀਦੀ।

ਅਮਨ :– ਓਕੇ। ਫਿਰ ਮੈਸੇਜ ਕਿਉਂ ਕੀਤਾ...?

ਜੱਸੀ :– ਜਾਨਣ ਲਈ ਹੀ ਮੈਸੇਜ ਕੀਤਾ।

ਅਮਨ :– ਮਤਲਬ...? ਤੁਸੀ ਮੈਨੂੰ ਕਿਉਂ ਜਾਨਣਾ ਚਾਹੁੰਦੇ ਹੋ...?

ਜੱਸੀ :– ਓਦਾ ਹੀ ਬਸ,ਮੈਂ ਵੀ ਬਰਾੜਾ ਦੀ ਨੂੰਹ ਬਣਨ ਵਾਲੀ ਹਾਂ ਇਸ ਲਈ

ਸੋਚਿਆ ਜਾਣ ਲਵਾ,ਬਰਾੜ ਕਿਵੇ ਦੇ ਹੁੰਦੇ ਆ...?

ਅਮਨ :– ਤੂੰ ਮੇਰੇ ਭਰਾ ਦੀਆ ਫੋਟੋਆ ਤੇ ਵੀ ਲਾਇਕ ਕੂਮੈਂਟ ਕੀਤੇ ਹੁੰਦੇ ਆ ਹਨਾਂ। ਤੂੰ ਮੇਰੇ ਭਰਾ ਦੇ ਪਿਛੇ ਪਈ ਆ ਹਨਾਂ।

ਜੱਸੀ :– ਨਹੀਂ ਜੀ,ਮੈਂ ਕਿਸੇ ਦੇ ਪਿੱਛੇ ਨਹੀਂ ਪਈ । ਮੈਂ ਜਾਣਦੀ ਵੀ ਨਹੀਂ ਤੁਹਾਡੇ ਭਰਾ ਨੂੰ ਕਿਹੜਾ ਆ।

ਅਮਨ :– ਚੱਲ ਆਜਾ ਕਾਲ ਤੇ ਗੱਲ ਕਰਦੇ ਆ,ਮੈਂ ਵੇਹਲੀ ਨਹੀਂ ਹੁੰਦੀ ਇਸ ਟਾਈਮ। ਕੇ ਟਾਈਪਿੰਗ ਕਰ ਸਕਾਂ ਏਨੀ।

ਜੱਸੀ :– ਚਲੋ ਕੋਈ ਨਾ ਜੀ ਮੇਰੇ ਕੋਲ ਮੇਸੇਨਜਰ ਹੈਨੀ।

ਅਮਨ :– ਡਾਊਨਲੋਡ ਕਰ ਲਿਉ।

ਜੱਸੀ :– ਨਹੀਂ ਕੋਈ ਗੱਲ ਨਹੀਂ। ਗੁਡ ਨਾਇਟ ਜੀ

ਸਵੇਰੇ ਉੱਠ ਜੱਸੀ ਜੌਬ ਤੇ ਗਈ,ਤਾਂ ਹਰਜੋਤ ਦੇ ਵਾਰ ਵਾਰ ਆ ਰਹੇ ਫੋਨ ਜੱਸੀ ਨੂੰ ਪ੍ਰੇਸ਼ਾਨ ਕਰ ਰਹੇ ਸੀ,ਜੌਬ ਤੇ ਬੀਜੀ ਹੋਣ ਕਰਕੇ ਉਹ ਗੱਲ ਵੀ ਨਹੀਂ ਕਰ ਪਾ ਰਹੀ ਸੀ। ਕੰਮ ਤੋਂ ਵੇਹਲੀ ਹੋ ਕੇ ਜੱਸੀ ਨੇ ਹਰਜੋਤ ਨੂੰ ਕਾਲ ਕੀਤੀ ਤਾਂ ਅੱਗੋ ਹਰਜੋਤ ਅੱਗ ਬਬੂਲਾ ਬਣਿਆ ਪਿਆ।

ਹਰਜੋਤ :– ਮਿਲ ਗਈ ਵੇਹਲ ਗੱਲ ਕਰਨ ਲਈ..? ਤੈਨੂੰ ਮਨਾ ਵੀ ਕੀਤਾ ਸੀ ਅਮਨ ਨਾਲ ਕੋਈ ਗੱਲ ਨਹੀਂ ਕਰਨੀ,ਤੂੰ ਫਿਰ ਵੀ ਮੈਸੇਜ ਕੀਤੇ...?

ਜੱਸੀ :– ਫਿਰ ਮੈਂ ਤਾਂ ਉਹਨਾਂ ਨੂੰ ਕੁਝ ਗਲਤ ਬੋਲੀ ਜੋਂ ਐਦਾ ਬੋਲਦੇ ਹੋ ਗੁੱਸੇ ਵਿਚ।

ਹਰਜੋਤ :– ਤੂੰ ਕੀ ਕਿਹਾ,ਕਿ ਮੈਂ ਵੀ ਬਰਾੜਾਂ ਦੀ ਨੂੰਹ ਬਣਨ ਵਾਲੀ ਆ...?

ਜੱਸੀ :– ਫਿਰ ਨਹੀਂ ਬਣਨ ਵਾਲੀ...? ਮੈਂ ਕੁਝ ਝੂਠ ਕਹਿ ਉਹਨਾਂ ਨੂੰ...?

ਹਰਜੋਤ :– ਝੂਠ ਨਹੀਂ ਕਿਹਾ, ਪਰ ਇਹ ਸਹੀ ਟਾਈਮ ਨਹੀਂ ਸੀ ਕਹਿਣੇ ਦਾ, ਉਹਨੇ

ਸਭ ਦੇ ਅੱਗੇ ਇਹ ਗੱਲ ਬੋਲ ਦਿੱਤੀ,ਫੋਨ ਸਪੀਕਰ ਤੇ ਲਗਾ ਸੀ, ਕੇ ਇਕ ਕੁੜੀ ਐਦਾ ਕਹਿਣਾ ਲੱਗੀ ਮੈਨੂੰ ਕੇ ਮੈਂ ਵੀ ਬਰਾੜਾ ਦੀ ਹੋਣ ਵਾਲੀ ਨੂੰਹ ਆ,ਸਭ ਮੇਰੇ ਵੱਲ ਦੇਖਣ ਲੱਗੇ ਤੇ ਸਭ ਤੋ ਗਾਲਾਂ ਪੱਈਆ ਅਲੱਗ।

ਜੱਸੀ :– ਸੌਰੀ । ਅੱਗੇ ਤੋ ਨਹੀਂ ਕਰਦੀ ਮੈਸੇਜ । ਦੀਦੀ ਨੂੰ ਵੀ ਨਹੀਂ,ਤੁਹਾਨੂੰ ਵੀ ਨਹੀਂ,ਸ਼ਿੰਦੇ ਨੂੰ ਵੀ ਨਹੀਂ....ਬਾਏ।

✪✪✪✪✪✪✪

# ਭਾਗ – 16

ਜੱਸੀ ਨੇ ਗੁੱਸੇ ਵਿੱਚ ਫੋਨ ਕੱਟ ਦਿੱਤਾ,ਤੇ ਹਰਜੋਤ ਨੂੰ ਫ਼ਿਕਰ ਪੈ ਗਈ ,ਹੁਣ ਸ਼ਾਇਦ ਜੱਸੀ ਨੇ ਬੁਲਾਉਣਾ ਨਹੀਂ ਆ ਕਦੇ,ਕਿਉਂ ਕੇ ਜੱਸੀ ਤਿੰਨ ਸਾਲਾਂ ਵਿਚ ਕਦੇ ਗੁੱਸੇ ਨਹੀਂ ਸੀ ਹੋਈ,ਪਹਿਲੀ ਵਾਰ ਹੋਇਆ ਸੀ ਕਿ ਉਹ ਹਰਜੋਤ ਨੂੰ ਐਨੇ ਗੁੱਸੇ ਨਾਲ ਬੋਲੀ ਸੀ। ਜੱਸੀ ਨੂੰ ਮਨਾਉਣ ਲਈ ਹਰਜੋਤ ਨੇ ਵਾਰ ਵਾਰ ਫੋਨ ਕਰਨਾ ਸ਼ੁਰੂ ਕਰ ਦਿੱਤਾ,ਪਰ ਜੱਸੀ ਇਸ ਵਾਰ ਸੱਚੀ ਚ ਬਹੁਤ ਗੁੱਸੇ ਸੀ। ਉਸ ਨੇ ਫੋਨ ਚੁੱਕਣਾ ਜਰੂਰੀ ਨਾ ਸਮਝਿਆ।

ਹਰਜੋਤ ਕਦੇ ਬਾਣੀ ਨੂੰ ਫੋਨ ਕਰਦਾ,ਕਦੇ ਸ਼ਿੰਦੇ ਕੋਲੋ ਫੋਨ ਕਰਵਾਉਂਦਾ ਪਰ ਜੱਸੀ ਕਿਸੇ ਦਾ ਵੀ ਫੋਨ ਨਾ ਚੁੱਕਦੀ,ਇਕ ਦੋ ਦਿਨ ਬੀਤ ਗਏ। ਪਰ ਜੱਸੀ ਆਪਣਾ ਗੁੱਸਾ ਛੱਡ ਹੀ ਨਹੀਂ ਰਹੀ ਸੀ,ਜੱਸੀ ਨੇ ਸਾਰੀ ਗੱਲ ਬਾਣੀ ਨਾਲ ਸ਼ੇਅਰ ਕੀਤੀ ਫਿਰ ਬਾਣੀ ਨੇ ਕਿਹਾ ਵੀ ਤੂੰ ਇੱਕ ਵਾਰ ਗੱਲ ਤਾਂ ਕਰ ਹਰਜੋਤ ਨਾਲ, ਕੀ ਪਤਾ ਕਿ ਮਜਬੂਰੀ ਹੋਵੇ ਉਹਦੀ। ਬਾਣੀ ਦੇ ਕਹਿਣ ਤੇ ਜੱਸੀ ਨੇ ਹਰਜੋਤ ਨੂੰ ਫੋਨ ਕੀਤਾ,ਪਰ ਹਰਜੋਤ ਨੇ ਦੋ ਦਿਨ ਤੱਕ ਫੋਨ ਦਾ ਕੋਈ ਜਵਾਬ ਹੀ ਨਾ ਦਿੱਤਾ ਬਸ ਇਕ ਦੋ ਮੈਸੇਜ ਛੱਡ ਦਿੰਦਾ।

ਹਰਜੋਤ :– ਤਾਏ ਦੀ ਬਹੂ ਹਸਪਤਾਲ ਆ ਦਾਖਲ,ਕਲ ਰਾਤ ਦੀ,ਮੈਂ ਤਾਏ ਦੇ ਮੁੰਡੇ ਨਾਲ ਹਸਪਤਾਲ ਆਇਆ ਆ, ਉਹਨਾਂ ਦੇ ਸਾਹਮਣੇ ਫੋਨ ਨਹੀਂ ਚੁੱਕ ਸਕਦਾ,ਘਰ ਜਾ ਕੇ ਗੱਲ ਕਰਾਂਗਾ।

ਜੱਸੀ :– ਕੀ ਹੋਇਆ ਭਾਬੀ ਨੂੰ...?

ਹਰਜੋਤ :– ਉਹ ਭਾਬੀ ਦੇ ਮੁੰਡਾ ਹੋਇਆ ਆ ਕੱਲ। ਪਰਸੋਂ ਛੁੱਟੀ ਮਿਲਣੀ ਆ,ਮੈਂ ਸਵੇਰੇ ਘਰ ਚੱਲ ਜਾਣਾ ਆ,ਫਿਰ ਫ਼ੋਨ ਕਰੂਗਾ।

ਜੱਸੀ :– ਓਹੋ ਅੱਛਾ ਜੀ,ਮੁੰਡਾ ਚਾਚਾ ਬਣ ਗਿਆ,ਮੁਬਾਰਕਾ ਮੁੰਡੇ ਦੇ ਚਾਚੇ ਨੂੰ।

ਹਰਜੋਤ :– ਮੁੰਡੇ ਦੀ ਚਾਚੀ ਨੂੰ ਵੀ ਮੁਬਾਰਕਾ।

ਸ਼ਿੰਦੇ ਤੇ ਹਰਜੋਤ ਦੀ ਵ੍ਹਟਸਐਪ ਡੀ ਪੀ ਸੇਮ ਸੀ,ਨਵੇਂ ਜੰਮੇ ਕਾਕੇ ਦੀ, ਜੱਸੀ ਨੇ ਫੋਟੋ ਦੇਖ ਕੇ ਕਿਹਾ ਸੋਹਣਾ ਆ ਕਾਕਾ। ਦੋਨੋ ਭਰਾ ਖੁਸ਼ ਹੋ ਗਏ ਸੁਣ ਕੇ। ਜੱਸੀ ਨੇ ਕਾਕੇ ਵਾਲੀ ਗੱਲ ਦੀਪ ਨੂੰ ਦੱਸੀ, ਪਰ ਮਜ਼ਾਕੀਆ ਲਹਿਜ਼ੇ ਨਾਲ।

ਜੱਸੀ :– ਤੈਨੂੰ ਪਤਾ ਦੀਪ ,ਹਰਜੋਤ ਦੇ ਕੁੜੀ ਹੋਈ ।

ਦੀਪ :– ਕੀ...?

ਜੱਸੀ :– ਹਾਂ ਤੈਨੂੰ ਕਿਉਂ ਸ਼ੋਕ ਲੱਗ ਗਿਆ ਸੁਣ ਕੇ। ਕੀ ਹੋਇਆ..?

ਦੀਪ :– ਮਜ਼ਾਕ ਕਰਦੀ ਆ ਹਨਾਂ ਤੂੰ...?

ਜੱਸੀ :– ਚੱਕ ਫੋਟੋ ਦੇਖ ਕਾਕੇ ਦੀ ਭੇਜੀ ਆ ਤੇਨੂੰ।

ਦੀਪ :– ਓਏ ਤੂੰ ਸੌਂਹ ਖਾ,ਇਹ ਕਿਸਦਾ ਬੱਚਾ ਆ।

ਜੱਸੀ :– ਹੱਦ ਹੋ ਗਈ ਦੀਪ,ਫੋਟੋ ਦੇਖ ਸਕਰੀਨ ਸ਼ੋਰਟ ਲਿਆ ਆ ਵ੍ਹਟਸਐਪ ਡੀ ਪੀ ਦਾ,ਉਪਰ ਨਾਮ ਵੀ ਸ਼ੋ ਹੋ ਰਿਹਾ ਆ ਹਰਜੋਤ।

ਦੀਪ :– ਹਾਂ ਯਾਰ,ਓਹੀ ਤਾਂ ਮੈਂ ਦੇਖ ਰਿਹਾ ਆ। ਪਰ ਐਦਾ ਕਿਵੇਂ ਹੋ ਗਿਆ ਯਾਰ।

ਜੱਸੀ :– ਹਾਹਾਹਹਾ ....! ਮਜ਼ਾਕ ਕਰਦੀ ਆ,ਇਹ ਹਰਜੋਤ ਦੇ ਤਾਏ ਦੀ ਬਹੂ ਦੇ ਬੇਟੇ ਹੋਇਆ ਆ, ਉਹਦੀ ਫੋਟੋ ਆ।

ਦੀਪ :– ਪਾਗ਼ਲ ਆ ਤੂੰ ਵੀ,ਏਦਾ ਦੇ ਮਜ਼ਾਕ ਵੀ ਕਰਦਾ ਹੁੰਦਾ ਕੋਈ। ਕਮਾਲ ਦੀ ਕੁੜੀ ਆ ਤੂੰ ਵੀ।

ਸੌਰੀ ਬੋਲ ਜੱਸੀ ਨੇ ਫੋਨ ਕੱਟ ਦਿੱਤਾ।

ਜੱਸੀ ਦੇ ਦਿਮਾਗ ਵਿਚ ਅਮਨ ਦੀਆ ਗੱਲਾਂ ਘੁੰਮ ਰਹੀਆਂ ਸੀ। ਜੱਸੀ ਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿ ਉਸ ਨੇ ਅਮਨ ਨੂੰ ਮੈਸੇਜ ਕਰਕੇ ਸਹੀ ਕੀਤਾ ਕੇ ਗ਼ਲਤ। ਪਰ ਫਿਰ ਵੀ ਜੱਸੀ ਨੇ ਅਮਨ ਨੂੰ ਮੈਸੇਜ ਕੀਤੇ।

ਜੱਸੀ :– ਹੈਲੋ...ਕਿਵੇਂ ਹੋ ਦੀਦੀ।

ਅਮਨ :– ਤੂੰ ਫਿਰ ਮੈਸੇਜ ਕੀਤੇ ਯਾਰ ਨਾ ਕਰ,ਮੇਰਾ ਦਿਮਾਗ ਖਰਾਬ ਹੁੰਦਾ ਤੇਰੇ ਮੈਸੇਜ ਦੇਖ ਕੇ।

ਜੱਸੀ :– ਮੈਂ ਕਿਹੜਾ ਕੁਝ ਗਲਤ ਮੈਸੇਜ ਕੀਤਾ ਤੁਹਾਨੂੰ ਦੀਦੀ,ਤੁਸੀ ਜੋ ਏਨਾ ਗੁੱਸਾ ਹੋ ਰਹੇ ਹੋ...?

ਅਮਨ :– ਗੁੱਸਾ ਨਾ ਕਰ ਤਾਂ ਹੋਰ ਕੀ ਕਰਾਂ...? ਤੂੰ ਮੇਰੇ ਘਰ ਵਿਚ ਕਲੇਸ਼ ਕਰਵਾ ਰਹੀ ਆ। ਹੋਰ ਤੇਰੀ ਪੂਜਾ ਕਰਾ...?

ਜੱਸੀ :– ਮੈਂ ਕੀ ਕੀਤਾ ਜੀ,ਤੁਸੀ ਐਦਾ ਕਿਵੇਂ ਬੋਲ ਸਕਦੇ ਹੋ...?

ਅਮਨ :– ਤੂੰ ਫੋਨ ਕਰ ਐਦਾ ਤੂੰ ਲੋਟ ਨਹੀਂ ਆਉਣਾ । ਤੈਨੂੰ ਕਾਲ ਤੇ ਦਿੰਦੀ ਆ ਅਕਲ।

ਜੱਸੀ :– ਭੇਜਾ ਨੰਬਰ ਕਰਲੋ ਕਾਲ ।

ਅਮਨ :– ਤੂੰ ਇਧਰ ਕਰ ਕਾਲ,ਕਰ ਡਾਊਨਲੋਡ ਮੈਂਸੇਜਰ । ਦਿੰਦੀ ਆ ਮੈਂ ਨੰਬਰ ਤੇਰੇ ਵਰਗੀਆ ਨੂੰ।

ਜੱਸੀ :– ਹਾਹਾਹਾ...! ਕੀ ਹੋਇਆ ਫੋਨ ਚ ਕਾਰਡ ਹੈਨੀ ਮੈਨੂੰ ਫੋਨ ਕਰਨ ਲਈ...?

ਅਮਨ :– ਪੁੱਤ ਡਾਲਰਾਂ ਚ ਰਹਿੰਦੀ ਆ...! ਤੂੰ ਦੇਖੇ ਕਦੇ ਡਾਲਰ ਜ਼ਿੰਦਗੀ ਵਿਚ...?

ਜੱਸੀ :– ਹਾਏ ! ਕਿਹੜੇ ਰੰਗ ਦੇ ਹੁੰਦੇ ਭਲਾ...? ਮੈਂ ਤਾਂ ਕਦੇ ਦੇਖੇ ਨਹੀਂ।

ਅਮਨ :– ਤੇਰੇ ਵਰਗੀਆਂ ਦੇ ਕਰਮਾਂ ਚ ਨਹੀਂ ਹੁੰਦੇ ਦੇਖਣੇ ।

ਜੱਸੀ :– ਕਰਮਾ ਦੀ ਕਿਹੜੀ ਗੱਲ ਆ ਬੀਬਾ, ਬਸ ਮੈ ਖੁਦ ਹੀ ਨਹੀਂ ਜਾਣਾ ਚਾਹੁੰਦੀ ਬਾਹਰ ਜਾਣਾ। ਚੱਲ ਲਿਆਓ ਦਿਓ ਨੰਬਰ ਮੇਂ ਖੁਦ ਹੀ ਕਾਲ ਕਰ ਲੈਂਦੀ ਆ ਤੁਹਾਨੂੰ।

ਅਮਨ :– ਤੂੰ ਕੰਮ ਕਰ ਆਪਣਾ,ਤੇਰੇ ਵਰਗੀ ਨੂੰ ਤਾਂ ਮੈਂ ਕਦੇ ਵੀ ਐਡ ਨਾ ਕਰਾ। ਬਸ ਦੂਰ ਰਹਿ ਮੇਰੇ ਭਰਾ ਕੋਲੋਂ।

ਜੱਸੀ :– ਓਹੋ ਅੱਛਾ,ਐਨਾ ਗਰੂਰ। ਵੈਸੇ ਕਿਹੜਾ ਭਰਾ ਆ ਤੁਹਾਡਾ।

ਅਮਨ :– ਖੜ ਜਾ,ਤੈਨੂੰ ਫੋਟੋ ਦਿਖਾਉਂਦੀ  ਆ ।

ਜੱਸੀ :– ਹਾਂਜੀ ਦਿਖਾਓ ਜੀ।

ਅਮਨ ਦੇ ਲੈਪਟੌਪ ਦੇ ਹੋਮ ਸਕਰੀਨ ਤੇ ਲੱਗੀ ਹੋਈ ਫੋਟੋ   ਕਲਿੱਕ ਕਰਕੇ ਜੱਸੀ ਨੂੰ ਭੇਜਦੀ। ਜਦੋਂ ਜੱਸੀ ਫੋਟੋ ਦੇਖਦੀ ਤਾਂ ਬਸ ਜੱਸੀ ਦੇ ਹੋਸ਼ ਹੀ ਉੱਡ ਜਾਂਦੇ,ਉਸ ਨੂੰ ਖੁਦ ਦੀ ਕੋਈ ਸੁਧ ਬੁਧ ਹੀ ਨਾ ਰਹੀ। ਫੋਟੋ ਵਿਚ ਹਰਜੋਤ,ਸ਼ਿੰਦਾ,ਤੇ ਇਹਨਾ ਦੇ ਮੰਮੀ ਡੈਡੀ ਵੀ ਸੀ, ਪਰ ਹਰਜੋਤ ਵਿਆਹ ਵਾਲੀ ਡਰੈੱਸ ਵਿਚ ਸੀ,ਤੇ ਸ਼ਿੰਦਾ ਨਾਲ ਸਰਬਾਲਾ ਬਣਿਆ ਬੈਠਾ ਸੀ।

✪✪✪✪✪✪✪

# ਭਾਗ –17

ਜੱਸੀ ਦੇ ਹੱਥੋ ਫੋਨ ਛੁੱਟ ਗਿਆ,ਉਸ ਨੂੰ ਕੋਈ ਹੋਸ਼ ਨਹੀਂ ਫੋਨ ਕਿੱਥੇ ਆ,ਤੇ ਉਹ ਖੁਦ ਕਿਥੇ ਆ। ਜਦੋਂ ਸਵੇਰਾ ਹੋਇਆ ਤਾਂ ਜੱਸੀ ਦੀ ਅੱਖ ਖੁੱਲੀ ਤੇ ਜੱਸੀ ਹਸਪਤਾਲ ਵਿੱਚ ਪਈ ਸੀ। ਫੈਮਿਲੀ ਮੈਂਬਰ ਉਸਦੇ ਕੋਲ ਸਨ ਤੇ ਬਾਣੀ ਵੀ,ਜੱਸੀ ਸਾਰਿਆ ਵੱਲ਼ ਦੇਖਣ ਲੱਗੀ।ਸਭ ਬਾਹਰ ਚਲੇ ਗਏ ਰੂਮ ਵਿਚੋ ਤਾਂ ਬਾਣੀ ਨੇ ਪੁੱਛਿਆ ....!

ਬਾਣੀ :– ਤੂੰ ਠੀਕ ਆ ਜੱਸੀ ....?

ਜੱਸੀ :– ਹਾਂ...! ਪਰ ਮੈਨੂੰ ਇਥੇ ਕਦੋਂ ਲੈ ਕੇ ਆਏ। ਤੇ ਕਿਉਂ...?

ਬਾਣੀ :– ਮੈਂ ਸਵੇਰੇ ਫੋਨ ਕੀਤਾ ਸੀ ਤੈਨੂੰ ਤੇਰੇ ਮੰਮੀ ਨੇ ਚੁੱਕਿਆ ਸੀ,ਤੇ ਉਹਨਾ ਨੇ ਦੱਸਿਆ ਕਿ ਤੂੰ ਰਾਤ ਬੇਹੋਸ਼ ਹੋ ਗਈ ਸੀ,ਤਾਂ ਤੈਨੂੰ ਹਸਪਤਾਲ ਲੈਕੇ ਆਉਣਾ ਪਿਆ। ਤੂੰ ਦੱਸ ਕੀ ਹੋਇਆ ਸੀ ਤੈਨੂੰ ਤੂੰ ਬੇਹੋਸ਼ ਕਿੱਦਾ ਹੋ ਗਈ।

ਜੱਸੀ :– (ਭਰੀਆਂ ਅੱਖਾਂ ਨਾਲ) ਫਿਰ ਦੱਸਾਂਗੀ ਤੂੰ ਵੀ ਮੇਰੇ ਨਾਲ ਘਰ ਚੱਲੀ ਫਿਰ ਦੱਸੂ।

ਬਾਣੀ :– ਠੀਕ ਆ। ਹਰਜੋਤ ਦਾ ਫੋਨ ਆ ਰਿਹਾ ਸੀ ਵਾਰ ਵਾਰ। ਮੈਂ ਚੁੱਕਿਆ ਨਹੀਂ ਸਭ ਕੋਲ ਸੀ ਉਦੋਂ।

ਜੱਸੀ :– ਤੂੰ ਰਹਿਣ ਦੇ ਬਾਣੀ,ਫ਼ੋਨ ਚੱਕ ਕੇ ਕੀ ਕਰਨਾ ਹੁਣ ,ਸਭ ਖ਼ਤਮ ਹੋ ਗਿਆ।

ਬਾਣੀ :– ਇਹ ਤੂੰ ਕੀ ਕਹਿ ਰਹੀ ਆ...? ਕੀ ਖਤਮ ਹੋ ਗਿਆ ਦੱਸ ...?

ਜੱਸੀ :– ਮੇਰਾ ਫੋਨ ਕਿੱਥੇ ਆ...? ਫੜ ਕੇ ਲਿਆ ਮੰਮੀ ਕੋਲੋ ।

ਬਾਣੀ :– ਤੂੰ ਘਰ ਚਲ ਕੇ ਫਿਰ ਦਿਖਾਈ ਕੀ ਦਿਖਾਉਣਾ।

ਜੱਸੀ :– ਹਾਂ ! ਇਹ ਵੀ ਠੀਕ ਆ, ਇਥੇ ਸਭ ਦੇ ਅੱਗੇ ਤਾਮਸ਼ਾ ਬਣ ਜਾਣਾ ਫਿਰ ਮੈਨੂੰ ਕੁਝ ਹੋ ਗਿਆ ਤਾਂ।

ਹਸਪਤਾਲ ਵਿੱਚੋਂ ਛੁੱਟੀ ਮਿਲ ਗਈ ਤੇ ਜੱਸੀ ਘਰ ਚੱਲੇ ਗਈ,ਘਰ ਜਾ ਕੇ ਜੱਸੀ ਨੇ ਬਾਣੀ ਨੂੰ ਆਪਣੇ ਕੋਲ ਬੁਲਾਇਆ....ਤੇ ਆਪਣੇ ਫੋਨ ਵਿਚੋ ਹਰਜੋਤ ਦੇ ਵਿਆਹ ਦੀ ਫੋਟੋ  ਕੱਢ ਕੇ ਬਾਣੀ ਦੇ ਅੱਗੇ ਕਰ ਦਿੱਤੀ.... ਫੋਟੋ ਦੇਖ ਕੇ ਬਾਣੀ ਦਾ ਮੂੰਹ ਅੱਡਿਆ ਹੀ ਰਹਿ ਗਿਆ। ਤੇ ਬਾਣੀ ਮੱਥੇ ਤੇ ਹੱਥ ਮਾਰਦੀ ਹੋਈ ਜੱਸੀ ਦੇ ਨਾਲ ੲ ਬੈਡ ਤੇ ਬੈਠ ਗਈ,ਬਾਣੀ ਨੂੰ ਆਪਣਾ ਸਰੀਰ ਜਿਵੇਂ ਸੁਨ ਜਿਹਾ ਜਾਪਣ ਲੱਗਾ।

ਬਾਣੀ :– ਜੱਸੀ ਇਹ ਕਿ ਆ ਯਾਰ...? ਤੈਨੂੰ ਕਿਸ ਨੇ ਭੇਜੀ ਫੋਟੋ...?

ਜੱਸੀ :– ਪਤਾ ਨਹੀਂ ਕੀ ਆ, ਤੂੰ ਸੋਚ ਵੀ ਨਹੀਂ ਸਕਦੀ ਰਾਤ ਕੀ ਗੁਜ਼ਰੀ ਮੇਰੇ ਤੇ ਫੋਟੋ ਦੇਖ ਕੇ...! ਪਤਾ ਨਹੀਂ ਆਪਣਾ ਆਪ ਸੰਭਾਲਿਆ ਹੀ ਨਹੀਂ ਗਿਆ ਫੋਟੋ ਦੇਖ ਕੇ, ਬਸ ਅੱਖ ਸਿੱਧੀ ਹਸਪਤਾਲ ਵਿਚ ਹੀ ਖੁੱਲੀ।

ਬਾਣੀ :– ਪਰ ਤੈਨੂੰ ਫੋਟੋ ਮਿਲੀ ਕਿਸ ਕੋਲੋ...? ਤੂੰ ਹਰਜੋਤ ਨੂੰ ਪੁੱਛਿਆ ਨਹੀਂ ਕੇ ਇਹ ਕੀ ਆ...?

ਜੱਸੀ :– ਹਰਜੋਤ ਦੀ ਭੈਣ ਕੋਲੋ,ਤੈਨੂੰ ਦੱਸਿਆ ਸੀ ਹਨਾਂ ਉਹਦੀ ਭੈਣ ਆ ਅਮਨ ਬਰਾੜ। ਉਹਨੇ ਹੀ ਭੇਜੀ ਸੀ ਰਾਤ। ਮੈਂ ਕੀ ਪੁੱਛਣਾ ਸੀ ਉਹਨੂੰ ਮੈਨੂੰ ਖੁਦ ਦੀ ਹੋਸ਼ ਨਹੀਂ ਰਹੀ ਸੀ ਕਿ ਮੇਰੇ ਨਾਲ ਕੀ ਹੋ ਗਿਆ।

ਬਾਣੀ:– ਖੜ੍ਹਜਾ ...! ਮੈਂ ਕਰਦੀ ਆ ਫੋਨ ਵੱਡੇ ਜੱਟ ਨੂੰ। ਐਡੇ ਐਡੇ ਦਾਵੇ ਤੇ ਵਾਦੇ ਕਰਦਾ ਸੀ।

ਜੱਸੀ :– ਨਹੀਂ ਬਾਣੀ,ਅਜੇ ਕੋਈ ਗੱਲ ਨਹੀਂ ਕਰਨੀ। ਮੈਂ ਖੁਦ ਕਰਾਗੀ ਗੱਲ।

ਬਾਣੀ :– ਠੀਕ ਆ ,ਤੂੰ ਕਰ ਲਈ ਗੱਲ ਪਹਿਲਾ,ਮੇਰੇ ਅੱਗ ਲੱਗੀ ਆ,ਮੈਂ ਛੱਡਣਾ ਨਹੀਂ ਇਹਨੂੰ। ਤੂੰ ਆਰਾਮ ਕਰ ਜੱਸੀ,ਮੈਂ ਹੁਣ ਕਲ ਆਵਾਂਗੀ ਤੈਨੂੰ ਮਿਲਣ,ਨਾਲੇ ਜੌਬ ਤੇ ਫੋਨ ਕਰਕੇ ਦੱਸ ਦਵਾਗੀ ਤੇਰੇ ਵਾਰੇ।

ਰਾਸਤੇ ਚ ਜਾਂਦਿਆ ਹੀ ਬਾਣੀ ਨੂੰ ਹਰਜੋਤ ਦਾ ਫੋਨ ਆਉਂਦਾ....!

ਹਰਜੋਤ :– ਯਾਰ ਕੀ ਗੱਲ ਆ ਬਾਣੀ ਮੇਰਾ ਫੋਨ ਕਿਉਂ ਨਹੀਂ ਚੁੱਕ ਰਹੀਆਂ ਤੁਸੀ ਦੋਨੋ

,ਮੈਂ ਕਦੋਂ ਦਾ ਲੱਗਾ ਆ ਫੋਨ ਕਰਨ।

ਬਾਣੀ :– ਹਸਪਤਾਲ ਚ ਸੀ,ਇਸ ਲਈ ਫੋਨ ਨਹੀਂ ਚੁੱਕਿਆ।

ਹਰਜੋਤ :– ਹਸਪਤਾਲ ਵਿਚ ਕੌਣ ਸੀ...ਤੂੰ ਠੀਕ ਤਾਂ ਹੈ ?

ਬਾਣੀ :– ਹਾਂ ਠੀਕ ਆ ਮੈਂ।

ਹਰਜੋਤ :– ਫਿਰ ਹਸਪਤਾਲ ਚ ਕੀ ਕਰਨ ਗਈ ਸੀ...?

ਬਾਣੀ :– ਜੱਸੀ ਐਡਮਿਟ ਸੀ ਰਾਤ ਦੀ ਹਸਪਤਾਲ ਵਿੱਚ। ਉਹਨੂੰ ਦੇਖਣ ਗਈ ਸੀ।

ਹਰਜੋਤ :– ਕੀ....????? ਜੱਸੀ ਨੂੰ ਕੀ ਹੋਇਆ,ਕਦੋਂ ਹੋਇਆ,ਮੈਨੂੰ ਕਿਉਂ ਨਹੀਂ ਦਸਿਆ ਤੂੰ,। ਹੁਣ ਕਿੱਥੇ ਆ ਜੱਸੀ,ਮੇਰੀ ਗੱਲ ਕਰਵਾ ਉਹਦੇ ਨਾਲ।

ਬਾਣੀ :– ਦਿਖਾਵਾ ਤਾਂ ਐਦਾ ਕਰ ਰਹੇ ਹੋ ਜਿਵੇਂ ਬਹੁਤ ਫ਼ਿਕਰ ਹੁੰਦੀ ਆ। ਹਸਪਤਾਲ ਵਿਚ ਹੀ ਆ ਅਜੇ, ਜਾਓ ਦੇਖ ਆਇਓ।

ਹਰਜੋਤ :– ਤੂੰ ਐਦਾ ਕਿਵੇਂ ਬੋਲ ਰਹੀ ਆ ਬਾਣੀ,ਹੋਰ ਹੈਨੀ ਫ਼ਿਕਰ ਮੈਨੂੰ ਉਹਦੀ। ਤੂੰ ਲੋਕੇਸ਼ਨ ਭੇਜ ਹਸਪਤਾਲ ਦੀ ਮੈਂ ਹੁਣੇ ਜਾਣਾ ਆ।

ਬਾਣੀ :– ਮੈਂ ਨਹੀਂ ਭੇਜਦੀ। ਆਪੇ ਲੱਭ ਲਿਓ ਅੰਮ੍ਰਿਤਸਰ ਜਾ ਕੇ ਕਿਹੜਾ ਹਸਪਤਾਲ ਆ।

ਹਰਜੋਤ :– ਠੀਕ ਆ ਬਾਣੀ,ਮੈਨੂੰ ਨਹੀਂ ਪਤਾ ਤੂੰ ਕਿਉਂ ਐਨੀ ਆਕੜ ਕਰ ਰਹੀ ਆ, ਲੱਭ ਲਵਾਂਗਾ ਮੈਂ ਆਪ ਹੀ ਤੈਨੂੰ ਨਹੀਂ ਪੁੱਛਦਾ। ਬਾਏ

ਬਾਣੀ ਨੂੰ ਦੀਪ ਤੇ ਸ਼ਿੰਦੇ ਦਾ ਵੀ ਬਹੁਤ ਵਾਰ ਫੋਨ ਆਇਆ, ਪਰ ਬਾਣੀ ਜੱਸੀ ਕਰਕੇ ਚੁੱਪ ਸੀ,ਕੇ ਪਹਿਲਾ ਉਹ ਗੱਲ ਕਰ ਲਵੇ,ਫਿਰ ਬਾਅਦ ਚ ਖੁਦ ਸਭ ਦੀ ਖਬਰ ਲਵਾਂਗੀ । ਸ਼ਿੰਦੇ ਦੇ ਵਾਰ ਵਾਰ ਫੋਨ ਕਰਨ ਤੇ,ਬਾਣੀ ਨੇ ਫੋਨ ਚੁੱਕ ਹੀ ਲਿਆ.....!

ਬਾਣੀ :– ਹਾਂਜੀ ਬੋਲੋ...!

ਸ਼ਿੰਦਾ :– ਜੱਸੀ ਕਿਹੜੇ ਹਸਪਤਾਲ ਵਿੱਚ ਦਾਖ਼ਲ ਆ ਦੱਸਦੇ ਪਲੀਜ਼ ,ਵੀਰਾ ਬਹੁਤ

ਪ੍ਰੇਸ਼ਾਨ ਆ।

ਬਾਣੀ :– ਗੁਰੂ ਰਾਮ ਦਾਸ ਹਸਪਤਾਲ ਵਿਚ ਆ। ਜਾਓ,ਕਰਲੋ ਪਤਾਂ।

ਐਨਾ ਕਹਿ ਕੇ ਬਾਣੀ ਫੋਨ ਕੱਟ ਦਿੰਦੀਂ ਆ। ਤੇ ਫੋਨ ਕਰਕੇ ਜੱਸੀ ਨੂੰ ਦੱਸ ਦਿੰਦੀ ਆ ਸਾਰੀ ਗੱਲ। ਰਾਤ ਦੇ ਅੱਠ ਵਜੇ ਦੇ ਕਰੀਬ ਦੀਪ ਦਾ ਮੈਸੇਜ ਆਉਂਦਾ ਬਾਣੀ ਨੂੰ ....!

ਦੀਪ :– ਯਾਰ ਹਰਜੋਤ ਆਇਆ ਸੀ ਮੇਰੇ ਕੋਲ, ਉਹਦੇ ਕੋਲੋਂ ਖੜਿਆ ਵੀ ਨਹੀਂ ਜਾਂਦਾ ਸੀ,ਐਨੀ ਹਾਲਾਤ ਖਰਾਬ ਸੀ ਉਹਦੀ,ਜਿਵੇਂ ਕੋਈ ਨਸ਼ਾ ਕੀਤਾ ਹੋਵੇ।

ਬਾਣੀ :– ਅੱਛਾ ਜੀ !

ਦੀਪ :– ਉਹ ਸਾਰੇ ਅੰਮ੍ਰਿਤਸਰ ਦੇ ਹਸਪਤਾਲਾਂ ਵਿਚ ਲੱਭਦਾ ਆਇਆ ਜੱਸੀ ਨੂੰ,ਪਰ ਨਹੀਂ ਲੱਭੀ ਕੀਤੇ। ਮੈਨੂੰ ਕਹਿੰਦਾ ਸੀ ਘਰ ਛੱਡ ਕੇ ਆ ਮੇਰੇ ਕੋਲੋ ਬਾਇਕ ਨਹੀਂ ਚੱਲਣੀ,ਮੈਂ ਛੱਡ ਕੇ ਆਇਆ ਹੁਣੇ।

ਬਾਣੀ :– ਡਰਾਮੇ ਕਰਦਾ ਸਭ। ਕੁਝ ਨਹੀਂ ਹੋਇਆ ਇਹਨੂੰ।

ਦੀਪ :– ਯਾਰ ਇਹ ਕਿਵੇਂ ਕਹਿ ਸਕਦੀ ਆ ਤੂੰ। ਤੂੰ ਸਭ ਨਾਲ ਅਜੀਬ ਜਿਹਾ ਬਤੀਰਾ ਕਿਉਂ ਕਰ ਰਹੀ ਆ...?

ਬਾਣੀ :– ਕੁਝ ਵੀ ਨਹੀਂ ਹੋਇਆ,ਬਸ ਵੈਸੇ ਹੀ ਦਿਮਾਗ ਖਰਾਬ ਆ ਮੇਰਾ। ਮੇਰਾ ਮਨ ਨਹੀਂ ਕਿਸੇ ਨਾਲ ਗੱਲ ਵੀ ਕਰਨ ਦਾ । ਬਾਏ।

ਲਗਭਗ ਰਾਤ ਦੇ 10 ਕੇ ਵਜੇ ਹਰਜੋਤ ਜੱਸੀ ਨੂੰ ਮੈਸੇਜ ਕਰਦਾ....!

ਹਰਜੋਤ :– ਕਿਵੇਂ ਆ ਜੱਸੀ ਤੂੰ...ਅੱਜ ਤੈਨੂੰ ਐਨੇ ਹਸਪਤਾਲ ਵਿਚ ਲੱਭਦਾ ਆਇਆ, ਤੂੰ ਕਿਤੇ ਨਹੀਂ ਮਿਲੀ,ਦੱਸ ਤੈਨੂੰ ਕੀ ਹੋਇਆ। ਤੂੰ ਇੱਕ ਮੈਸੇਜ ਕਰਕੇ ਤਾਂ ਦੱਸ ਦਿੰਦੀ ਤੈਨੂੰ ਹੋਇਆ ਕੀ ਆ।

ਜੱਸੀ:– ਬਸ ਇਹ ਦੇਖਲੋ ਜੋਂ ਭੇਜਣ ਲੱਗੀ ਹਾਂ।

ਹਰਜੋਤ :– ਕੀ ਭੇਜਣ ਲਗੀ ਆ।

ਜੱਸੀ ਅਮਨ ਵੱਲੋਂ ਭੇਜੀ ਹੋਈ ਫੋਟੋ ਹਰਜੋਤ ਨੂੰ ਭੇਜਦੀ ਤੇ ਪੁੱਛਦੀ ....!

ਜੱਸੀ :– ਹੁਣ ਬੋਲੋ ਕੀ ਬੋਲਣਾ ਚਾਹੋਗੇ...?

ਹਰਜੋਤ :– ਪਾਗਲ ਮੈਨੂੰ ਤਾਂ ਪੁੱਛ ਲੈਂਦੀ ਇਕ ਵਾਰ ਤੂੰ ਆਪਣਾ ਆਹ ਹਾਲ ਕਰਕੇ ਬੈਠ ਗਈ ਫੋਟੋ ਦੇਖ ਕੇ ਹੀ । ਤਾਹੀਂ ਤੈਨੂੰ ਰੋਕਦਾ ਸੀ ਅਮਨ ਦੇ ਨਾਲ ਗੱਲ ਨਾ ਕਰ, ਉਹ ਨਹੀਂ ਚਾਹੁੰਦੀ ਕਿ ਮੈਂ ਮਰਜੀ ਨਾਲ ਵਿਆਹ ਕਰਾਵਾਂ,ਮੈਂ ਉਹਨਾਂ ਸਭ ਦੀ ਮਰਜੀ ਨਾਲ ਵਿਆਹ ਕਰਵਾ ਲਵਾਂ ਉਹ ਇਹ ਚਾਉਂਦੇ ਆ।

ਜੱਸੀ :– ਫਿਰ ਇਹ ਫੋਟੋ ਬਿਨਾ ਵਿਆਹ ਤੋਂ ਸ਼ੌਂਕ ਲਈ ਖਿੱਚਵਾਈ ਸੀ ਵਿਆਹ ਵਾਲੇ ਕੱਪੜਿਆ ਵਿਚ ...?

ਹਰਜੋਤ :– ਇਹ ਪੇਪਰ ਮੈਰਿਜ ਲਈ ਸ਼ੋ ਕੀਤਾ ਸੀ ਵਿਆਹ, ਦੱਸਿਆ ਤਾਂ ਸੀ ਕਿ ਕੈਨੇਡਾ ਦੀ ਫਾਈਲ ਲਗਾਈ ਆ। ਨਹੀਂ ਯਕੀਨ ਤਾਂ ਅਮਨ ਨੀ ਕਿ ਕੁੜੀ ਦੀ ਫੋਟੋ ਵੀ ਦਿਖਾ। ਕਹਿ ਉਹਨੂੰ ਕੇ ਆਪਣੀ ਭਾਬੀ ਦੀ ਫੋਟੋ ਦਿਖਾ। ਸਭ ਕੁਝ ਸਾਫ ਹੋ ਜਾਵੇਗਾ। ਜੇ ਵਿਆਹ ਦੀ ਫੋਟੋ ਹੁੰਦੀ ਤਾਂ ਤੈਨੂੰ ਨਾਲ ਵਿਆਹ ਵਾਲੀ ਕੁੜੀ ਦੀ ਫੋਟੋ ਕਿਉਂ ਨਹੀਂ ਭੇਜੀ ਓਹਨੇ,ਬਸ ਮੇਰੀ ਭੇਜ ਦਿੱਤੀ।

ਜੱਸੀ :– ਮੇਰਾ ਅਜੇ ਗੱਲ ਕਰਨ ਨੂੰ ਦਿਲ ਨਹੀਂ ਕਰਦਾ ਕਿਸੇ ਨਾਲ ਵੀ,ਬਾਏ। ਗੁਡ ਨਾਇਟ।

ਫਿਰ ਵੀ ਜੱਸੀ ਨੇ ਇਕ ਵਾਰ ਅਮਨ ਨੂੰ ਮੈਸੇਜ ਕੀਤਾ,

ਜੱਸੀ :– ਤੁਸੀ ਮੈਨੂੰ ਆਪਣੀ ਫੈਮਿਲੀ ਤ ਦਿਖਾ ਦਿੱਤੀ,ਆਪਣੀ ਭਾਬੀ ਕਿਉਂ ਨਹੀਂ ਦਿਖਾਈ,ਪਲੀਜ ਦਿਖਾ ਦਿਓ, ਮੈ ਉਹ ਵੀ ਦੇਖਣੇ ਆ।

ਅਮਨ :– ਮੈਂ ਆਪਣੇ ਘਰ ਦੀ ਇੱਜ਼ਤ ਕਿਉਂ ਦਿਖਾਵਾ ਕਿਸੇ ਨੂੰ।

ਜੱਸੀ :– ਮੈਂ ਵੀ ਦਿਖਾ ਦਿੰਦੀ ਆ ਆਪਣੀ ਫੋਟੋ,ਤੁਸੀ ਵੀ ਦਿਖਾ ਦਿਓ ਮੈਨੂੰ ਪਿਕ ਆਪਣੀ ਭਾਬੀ ਦੀ।

ਅਮਨ :– ਕਿਉਂ ਦਿਖਾਵਾ,ਨਜ਼ਰ ਲਗਵਾਉਣੀ ਮੈਂ ਆਪਣੀ ਭਾਬੀ ਨੂੰ।

ਅਮਨ ਦੀਆ ਇਹ ਗੱਲਾਂ ਤੋਂ ਲੱਗਣ ਲੱਗਾ ਕਿ ਹਰਜੋਤ ਸੱਚਾ ਆ। ਫੋਟੋ ਪੇਪਰ ਮੈਰਿਜ ਲਈ ਹੀ ਕਰਵਾਈ ਗਈ ਸੀ।

✪✪✪✪✪✪✪

# ਭਾਗ –18

ਜੱਸੀ ਨੇ ਕਾਫੀ ਵਾਰ ਅਮਨ ਨੂੰ ਹਰਜੋਤ ਦੀ ਫੋਟੋ ਭੇਜਣੀ ਕਿਹਾ,ਪਰ ਅਮਨ ਨੇ ਹਰ ਵਾਰ ਨਾ ਹੀ ਕੀਤੀ। ਫਿਰ ਜਦੋਂ ਜੱਸੀ ਹਟੀ ਹੀ ਨਾ ਫੋਟੋ ਮੰਗਣੇ ਤੋਂ ਤਾਂ ਅਮਨ ਨੇ ਜੱਸੀ ਨੂੰ ਬਲੋਕ ਕਰ ਦਿੱਤਾ। ਜੱਸੀ ਨੇ ਸਾਰੀ ਗੱਲ ਬਾਣੀ ਨੂੰ ਦੱਸੀ....!

ਜੱਸੀ :– ਬਾਣੀ ਜਦੋਂ ਮੈਂ ਅਮਨ ਨੂੰ ਕਿਹਾ ਕਿ ਆਪਣੀ ਭਾਬੀ ਦੀ ਫੋਟੋ ਦਿਖਾ ਤਾਂ,ਮੈਂ ਦੇਖਣੀ ਆ,ਤਾਂ ਉਹਨੇ ਮੈਨੂੰ ਬਲੋਕ ਕਰ ਦਿੱਤਾ। ਸੱਚੀ ਮੈਨੂੰ ਕੁਝ ਵੀ ਸਮਝ ਨਹੀਂ ਆ ਰਹੀ ਕੌਣ ਸੱਚਾ ਆ ਕੌਣ ਝੂਠਾ। ਮੈਂ ਕੀ ਕਰਾਂ।

ਬਾਣੀ :– ਹਾਂ ਯਾਰ,ਇਹਨਾਂ ਨੇ ਤਾਂ ਸਭ ਨੂੰ ਕਮਲੇ ਕਰ ਦਿੱਤਾ,ਪਤਾ ਨਹੀਂ ਭੈਣ ਸੱਚੀ ਆ ਕੇ ਭਰਾ।

ਜੱਸੀ :– ਹਮਮਮ ਯਾਰ,ਤੂੰ ਦੱਸ ਹੁਣ ਮੈਂ ਕੀ ਕਰਾਂ।

ਬਾਣੀ :– ਤੂੰ ਨਾ ਇਕ ਵਾਰ ਹਰਜੋਤ ਨਾਲ ਗੱਲ ਕਰ, ਕੀ ਕਹਿੰਦਾ ਦੇਖ,ਬਾਕੀ ਬਾਅਦ ਚ ਦੇਖਾਗੇ।

ਜੱਸੀ :– ਠੀਕ ਆ ਸਵੇਰੇ ਕਰਾਂਗੀ ਗੱਲ,ਹੁਣ ਮੈਂ ਉਹਨੂੰ ਕੀ ਬੋਲਾ ਏਨੀ ਰਾਤ ਨੂੰ ।

ਸਵੇਰ ਹੋਈ ਤਾਂ ਹਰਜੋਤ ਦੇ ਬੜੇ ਮੈਸੇਜ ਆਏ ਹੋਏ ਸੀ,....!

ਹਰਜੋਤ :– ਜੱਸੀ ਇਕ ਵਾਰ ਤਾਂ ਮੌਕਾ ਦੇ ਗਲ ਕਲੀਅਰ ਕਰਨੇ ਦਾ। ਬਸ ਏਨਾ ਕੇ ਪਿਆਰ ਸੀ ਤੂੰ ਇੱਕ ਦਮ ਕਿਸੇ ਹੋਰ ਤੇ ਯਕੀਨ ਕਰ ਲਿਆ।

ਜੱਸੀ :– ਮੈਂ ਮਿਲ ਕੇ ਗੱਲ ਕਰਨੀ ਆ ,ਮੈਂ ਨਹੀਂ ਗੱਲ ਕਰਨੀ ਮੈਸੇਜ ਤੇ,ਤੁਸੀ ਸਭ ਨੇ ਮੈਨੂੰ ਪਾਗ਼ਲ ਕਰ ਰੱਖਿਆ ਆ।

ਹਰਜੋਤ :– ਦੱਸ ਕਦੋਂ ਆਵਾ...?

ਜੱਸੀ :– ਕੱਲ ਆ ਜਾਇਓ

ਹਰਜੋਤ :– ਠੀਕ ਆ,ਮੈਂ ਟਾਈਮ ਨਾਲ ਆ ਜਾਣਾ,ਤੂੰ ਵੀ ਆਜੀ।

ਸਵੇਰ ਹੋਈ ਦੋਨੋ ਤੁਰ ਪਏ ਮਿਲਣ ਲਈ,ਪਹਿਲਾਂ ਵਾਂਗ ਹੀ ਬੱਸ ਅੱਡੇ ਤੇ ਖੜੀ ਜੱਸੀ ਹਰਜੋਤ ਦੀ ਉਡੀਕ ਕਰ ਰਹੀ ਸੀ। ਦਸ ,ਪੰਦਰਾਂ ਮਿੰਟ ਤਕ ਹਰਜੋਤ ਆ ਗਿਆ।

ਕੌਫੀ ਸ਼ੋਪ ਦੇਖ ਦੋਨੋ ਬੈਠ ਗਏ। ਜੱਸੀ ਨੂੰ ਸਮਝ ਨਹੀਂ ਆ ਰਹੀ ਸੀ ਕਿਵੇ ਗੱਲ ਸ਼ੁਰੂ ਕਰੇ,ਥੋੜਾ ਜਿਹਾ ਟਾਈਮ ਦੋਨੋ ਚੁੱਪ ਬੈਠੇ ਰਹੇ। ਫਿਰ ਕੌਫੀ ਦਾ ਆਰਡਰ ਦੇ ਕੇ ਆਣ ਕੇ  ਹਰਜੋਤ ਜੱਸੀ ਦੇ ਹੱਥ ਨੂੰ ਆਪਣੇ ਹੱਥ ਵਿਚ ਫੜ ਕੇ ਜੱਸੀ ਨੂੰ ਕਹਿਣ ਲੱਗਾ....!

ਹਰਜੋਤ :– ਜੱਸੀ ਦੇਖ, ਮੇਰੀ ਇਹ ਗਲਤੀ ਆ ਕੇ ਮੈਂ ਤੈਨੂੰ ਨਹੀਂ ਦਸਿਆ ਇਹ ਸਭ , ਮੈਨੂੰ ਪੇਪਰ ਮੈਰਿਜ ਵਾਲੀ ਗੱਲ ਤੈਨੂੰ ਪਹਿਲਾ ਹੀ ਦੱਸ ਦੇਣੀ ਸੀ। ਜੇ ਮੈਨੂੰ ਪਤਾ ਹੁੰਦਾ ਇਹ ਸਭ ਕਰ ਦੇਣਾ ਅਮਨ ਨੇ।

ਜੱਸੀ  :– ਕਿਵੇਂ ਕਰਾ ਮੈਂ ਯਕੀਨ ਤੁਹਾਡੇ ਤੇ, ਲਿਆਓ ਫੋਨ ਦਿਖਾਓ ਮੈਂ ਚੈਕ ਕਰਨਾ।

ਹਰਜੋਤ :– ਆਹ ਲਓ ਜੀ,ਦੇਖੋ।

ਜੱਸੀ ਸਾਰਾ ਫੋਨ ਫਰੋਲ ਮਾਰਦੀ ਵਿਚੋ ਕੁਝ ਵੀ ਨਹੀਂ ਮਿਲਦਾ, ਜੱਸੀ ਹਰਜੋਤ ਦਾ ਹੱਥ ਆਪਣੇ ਸਿਰ ਤੇ ਰਖਾ ਕੇ ਕਹਿੰਦੀ .....

ਜੱਸੀ :– ਖਾਓ ਮੇਰੀ ਸੌਂਹ ਕੇ ਸਿਰਫ ਪੇਪਰ ਮੈਰਿਜ ਲਈ ਕਰਵਾਈ ਸੀ ਫੋਟੋ।

ਹਰਜੋਤ :–  ਤੈਨੂੰ ਉਦਾ ਨਹੀਂ ਯਕੀਨ ਮੇਰੇ ਤੇ,ਐਦਾ ਆਜੇਗਾ...?

ਜੱਸੀ :– ਹਾਂਜੀ ਆ ਜਾਏਗਾ ਯਕੀਨ।

ਹਰਜੋਤ :– ਜੱਸੀ ਮੈਨੂੰ ਤੇਰੀ ਸੌਂਹ ਲੱਗੇ,ਮੈਨੂੰ ਮੇਰੀ ਮੰਮੀ ਦੀ ਵੀ ਸੌਂਹ ਲੱਗੇ। ਮੈਂ ਤੇਰੇ ਕੋਲ ਕੋਈ ਝੂਠ ਨਹੀਂ ਬੋਲੇ। ਤੂੰ ਸੋਚ ਮੈਂ ਵਿਆਹ ਦੀ ਗੱਲ ਕਰਨੀ ਸੀ ਤੇਰੇ ਨਾਲ,ਤੇਰੇ ਘਰੇ ਗੱਲ ਕਰਨ ਨੂੰ ਮੈਂ ਕਦੇ ਤਿਆਰ ਨਹੀਂ ਹੋਣਾ ਸੀ। ਦੱਸ ਹੁਣ ਵੀ ਯਕੀਨ ਨਹੀਂ ਮੇਰੇ ਤੇ,ਫਿਰ ਮੈਂ ਤੈਨੂੰ ਕਦੇ ਮੈਸੇਜ ਨਹੀਂ ਕਰਾਂਗਾ।

ਜੱਸੀ :– ਵਿਆਹ ਵਾਲੀ ਫੋਟੋ ਦੇਖ ਕੇ ਤਾਂ ਕਿਸੇ ਦਾ ਵੀ ਯਕੀਨ ਟੁੱਟ ਸਕਦਾ ਆ,ਫਿਰ

ਮੈਂ ਕਿਵੇਂ ਅੱਖਾਂ ਬੰਦ ਕਰ ਲੈਂਦੀ,ਮੈਂ ਕਿੰਨੀ ਟੁੱਟ ਗਈ ਸੀ ਤੁਹਾਨੂੰ ਅੰਦਾਜ਼ਾ ਵੀ ਨਹੀਂ ਹੋਣਾ।

ਹਰਜੋਤ :– ਅੰਦਾਜ਼ਾ ਸੀ,ਤਾਂ ਹੀ ਮੈਂ ਉਸੇ ਵੇਲੇ ਤੈਨੂੰ ਲੱਭਦਾ ਆ ਗਿਆ ਇਥੇ,ਬਾਣੀ ਨੇ ਤਾਂ ਮੈਨੂੰ ਹਸਪਤਾਲ ਦਾ ਐਡਰੈੱਸ ਤੱਕ ਵੀ ਨਹੀਂ ਦਿੱਤਾ,ਮੈਨੂੰ ਗੱਲ ਵੀ ਨਹੀਂ ਦੱਸੀ ਕੇ ਕਿਉਂ ਇਹ ਸਭ ਹੋਇਆ, ਕਿਉਂ ਸਭ ਦੇ ਮੂੰਹ ਬਣੇ ਹੋਏ ਨੇ।

ਜੱਸੀ :– ਬਾਣੀ ਮੇਰੇ ਕੋਲ ਹੀ ਸੀ ਬਹੁਤ ਗੁੱਸੇ ਵਿੱਚ ਸੀ,ਉਹ ਤਾਂ ਫੋਨ ਕਰਕੇ ਲੱਗੀ ਸੀ ਤੁਹਾਡੀ ਕਲਾਸ ਲਗਾਉਣ,ਮੈਂ ਹੀ ਮਨਾ ਕੀਤਾ,ਕੇ ਫਿਰ ਕਰਾਂਗੇ ਗੱਲ।

ਹਰਜੋਤ :– ਆ ਗਿਆ ਯਕੀਨ ਕੇ ਨਹੀਂ। ਇਕ ਵਾਰ ਕਹਿ ਦੇ ਕੇ ਨਹੀਂ,ਮੈਂ ਹੁਣੇ ਚਲਾ ਜਾਵੇਗਾ,ਮੁੜਕੇ ਕਦੇ ਨਹੀਂ ਆਵਾਗਾ ਤੇਰੀ ਜ਼ਿੰਦਗੀ ਵਿਚ।

ਜੱਸੀ :– ਠੀਕ ਆ,ਮੈਨੂੰ ਯਕੀਨ ਆ,ਜਲਦੀ ਵਿਆਹ ਦੀ ਗੱਲ ਘਰੇ ਕਰੋ ਹੁਣ,ਬਹੁਤ ਸਾਲ ਨਿਕਲ ਗਏ,ਕਿੰਨੇ ਕੇ ਲਾਰੇ ਲਗਾਵਾ ਮੰਮੀ ਹੋਣਾ ਨੂੰਕਿਉਂ

ਹਰਜੋਤ :– ਹਾਂ ! ਜਲਦੀ ਹੀ ਕਰਾਂਗਾ,ਮੈਨੂੰ ਪਤਾ ਆ,ਔਖਾ ਆ ਤੇਰੇ ਲਈ ਵੀ।

ਸਭ ਕੁਝ ਪਹਿਲਾਂ ਵਾਂਗ ਹੀ ਹੋ ਗਿਆ, ਪੰਜ ਛੇ ਮਹੀਨੇ ਬੀਤ ਗਏ, ਸਭ ਪਹਿਲਾ ਵਾਂਗ ਹੀ ਦੋਸਤ ਬਣੇ ਟਾਈਮ ਬਿਤਾਉਣ ਲੱਗੇ। ਇਕ ਦਿਨ ਆਏ ਹੋਏ ਸਭ ਮੈਸੇਜ ਜੱਸੀ ਦੇਖ ਰਹੀ ਸੀ,ਅਚਾਨਕ ਉਸ ਨੇ ਸਤਿੰਦਰ ਬਰਾੜ ਵਾਲਾ ਇਨਬਾਕਸ ਖੋਲਿਆ, ਤਾਂ ਉਸ ਨੇ ਦੇਖਿਆ ਕਿ ਇਕ ਸਾਲ ਤੋਂ ਸਤਿੰਦਰ ਦੇ ਮੈਸੇਜ ਆਏ ਹੋਏ ਸੀ। ਜੱਸੀ ਨੇ ਸਤਿੰਦਰ ਦੇ ਮੈਸੇਜ ਦੇਖ ਕੇ ਰਿਪਲਾਈ ਦਿੱਤਾ....।

ਜੱਸੀ :– ਸੌਰੀ..! ਮੈਂ ਮੈਸੇਜ ਹੀ ਅੱਜ ਦੇਖੇ,ਮੈਂ ਸੋਚਿਆ ਤੁਸੀ ਆਪਣੀ ਮੈਡਮ ਤੋਂ ਇਲਾਵਾ ਕਿਸੇ ਹੋਰ ਦਾ ਰਿਪਲਾਈ ਨਹੀਂ ਕਰਦੇ,ਇਸ ਲਈ ਮੇਰਾ ਵੀ ਰਿਪਲਾਈ ਨਹੀਂ ਕੀਤਾ ਹੋਣਾ,ਮੈਂ ਮੁੜਕੇ ਕਦੇ ਦੇਖਿਆ ਵੀ ਨਹੀਂ।

ਸਤਿੰਦਰ :– ਅੱਛਾ ਜੀ ! ਪਰ ਮੈਂ ਤਾਂ ਓਸੇ ਟਾਈਮ ਦੇ ਦਿੱਤਾ ਸੀ ਰਿਪਲਾਈ ।

ਜੱਸੀ :– ਮੈਂ ਹੀ ਨਹੀਂ ਦੇਖਿਆ ਫਿਰ । ਸੌਰੀ । ਕੀ ਤੁਹਾਡੇ ਮੈਡਮ ਰੋਕਦੇ ਆ ਕੇ ਕਿਸੇ ਨਾਲ ਗੱਲ ਨਹੀਂ ਕਰਨੀ....?

ਸਤਿੰਦਰ :– ਓਕੇ ,ਕੋਈ ਚੱਕਰ ਨਹੀਂ.... ਹਾਹਾਹਹਾ।

,ਨਹੀਂ ਉਹ ਨਹੀਂ ਰੋਕਦੇ,ਬਸ ਮੈਂ ਨਹੀਂ ਕਰਦਾ ਗੱਲ ਕਿਸੇ ਨਾਲ,ਕਿਉਂ ਕੇ ਜਦੋਂ ਪਿਆਰ ਇਕੋ ਨਾਲ ਕਰਨਾ,ਫਿਰ ਸਭ ਨਾਲ਼ ਗੱਲਾਂ ਕਰਨ ਦਾ ਕੀ ਫਾਇਦਾ। ਐਵੇਂ ਟਾਈਮ ਖਰਾਬ ਕਰੀਂ ਜਾਣਾ,ਅਗਲੇ ਦਾ ਵੀ ਆਪਣਾ ਵੀ।

ਜੱਸੀ :– ਗੱਲ ਤਾਂ ਤੁਹਾਡੀ ਸਹੀ ਆ। ਮੈਂ ਵੀ ਮਜ਼ਾਕ ਵਿਚ ਹੀ ਮੈਸੇਜ ਕਰ ਦਿੱਤਾ ਸੀ।

ਸਤਿੰਦਰ :– ਚਲੋ ਕੋਈ ਨਾ,ਗੁੱਸਾ ਨਾ ਕਰੋ ਤਾਂ ਇੱਕ ਗੱਲ ਪੁੱਛਾਂ... ਤੁਸੀ ਸਿੰਗਲ ਹੋ?

ਜੱਸੀ :– ਨਹੀਂ।

ਸਤਿੰਦਰ :– ਅੱਛਾ ਜੀ । ਫੇਸਬੁੱਕ ਤੇ ਮਿਲਿਆ ਸੀ,ਕੇ ਉਦਾ ਰੀਅਲ ਵਿਚ....?

ਜੱਸੀ :– ਫੇਸਬੁੱਕ ਤੇ ਹੀ।

ਸਤਿੰਦਰ :– ਓਕੇ । ਕਿਨੇ ਸਾਲ ਹੋ ਗਏ...?

ਜੱਸੀ :– ਤਿੰਨ ਸਾਲ ਹੋ ਗਏ। ਬਸ ਹੁਣ ਵਿਆਹ ਹੀ ਕਰਾਉਣਾ ਆ ਜਲਦੀ।

ਸਤਿੰਦਰ :– ਚਲੋ ਵਧੀਆ ਫਿਰ ਤਾਂ।

✪✪✪✪✪✪✪

# ਭਾਗ –19

ਦੋ ਤਿੰਨ ਮਹੀਨੇ ਵਧੀਆ ਬੀਤੇ,ਹਰਜੋਤ ਵੀ ਬੜਾ ਪਿਆਰ ਜਤਾਉਂਦਾ,ਤੇ ਜੱਸੀ ਨੂੰ ਵੀ ਲਗਦਾ ਮੈਂ ਅਮਨ ਦੀਆ ਗੱਲਾਂ ਵਿਚ ਆ ਕੇ ਐਵੇਂ ਹਰਜੋਤ ਤੇ ਸ਼ੱਕ ਕੀਤੀ। ਇਕ ਦਿਨ ਰੋਮਾਂਟਿਕ ਜਿਹਾ ਗਾਣਾ ਲਗਾ ਕੇ ਜੱਸੀ ਨੇ ਫੇਸਬੁੱਕ ਤੇ ਸਟੋਰੀ ਪਾਈ ਸੀ,ਨਾਲ ਹਰਜੋਤ ਦੀ ਫੋਟੋ ਵੀ ਕੱਟ ਵੱਢ ਕੇ ਲਗਾਈ ਸੀ,ਸਟੋਰੀ ਦੇਖ ਕੇ ਸਤਿੰਦਰ ਨੇ ਜੱਸੀ ਨੂੰ ਮੈਸੇਜ ਕੀਤਾ।

ਸਤਿੰਦਰ :– ਹੈਲੋ ਜੱਸੀ ..! ਗੱਲ ਸੁਣੀ ਇਕ ਪਲੀਜ਼।

ਜੱਸੀ :– ਹਾਂਜੀ ਸੁਣਾਓ।

ਸਤਿੰਦਰ :– ਇਹ ਜਿਹੜੀ ਸਟੋਰੀ ਪਾਈ ਆ ਤੁਸੀ ਇਹ ਮੁੰਡਾ ਕੌਣ ਆ...?

ਜੱਸੀ :– ਇਹ ਬਰਾੜ ਸਾਬ ਨੇ,ਜਿਨ੍ਹਾਂ ਵਾਰੇ ਦਸਿਆ ਸੀ ਤੁਹਾਨੂੰ ਉਸ ਦਿਨ।

ਸਤਿੰਦਰ :– ਜਿਸ ਨਾਲ ਵਿਆਹ ਦੀ ਗੱਲ ਆਖੀ ਸੀ ਤੁਸੀ ਓਹੀ ਆ ਇਹ...?

ਜੱਸੀ :– ਹਾਂਜੀ। ਉਹੀ ਆ ਇਹ।

ਸਤਿੰਦਰ :– ਇਕ ਗੱਲ ਦੱਸਾਂ ਤੇ ਗੁੱਸਾ ਤਾਂ ਨੀ ਕਰੋਗੇ...?

ਜੱਸੀ :– ਨਹੀਂ ਨਹੀਂ ਗੁੱਸਾ ਕਿਉਂ ਕਰਨਾ ਤੁਸੀ ਦਸੋ।

ਸਤਿੰਦਰ :– ਤੁਹਾਡੀ ਆਈਡੀ ਦਾ ਪਾਸਵਰਡ ਹੈਗਾ ਤੁਹਾਡੇ ਬਰਾੜ ਸਾਬ ਕੋਲ...?

ਜੱਸੀ :– ਨਹੀਂ ਨਹੀਂ, ਉਹਨਾਂ ਕੋਲ ਹੈਨੀ...! ਕੀ ਹੋਇਆ ਤੁਸੀ ਗੱਲ ਤਾਂ ਦੱਸੋ।

ਹਰਜੋਤ :– ਪਹਿਲਾ ਤੁਸੀ ਵਾਦਾ ਕਰੋ,ਮੈਂ ਜਿਹੜੀ ਵੀ ਗੱਲ ਦਸਾਂਗਾ,ਤੁਸੀ ਅੱਗੇ ਆਪਣੇ ਬਰਾੜ ਸਾਬ ਕੋਲ ਨਹੀਂ ਕਰੋਗੇ,ਤੇ ਹਿੰਮਤ ਨਾਲ ਗੱਲ ਸੁਣੋਗੇ ਤੇ ਸਮਝੋਗੇ...?

ਜੱਸੀ :– ਕੀ ਹੋਇਆ ਦਸੋ ਤੁਸੀ,ਮੈਂ ਨਹੀਂ ਕਰਦੀ ਅੱਗੇ ਗੱਲ।

ਸਤਿੰਦਰ :– ਜੇ ਧਿਆਨ ਨਾਲ ਸੁਣੋਗੇ ਤੇ ਸਮਝੋਗੇ ਤੁਹਾਡਾ ਹੀ ਫਾਇਦਾ ਆ ਜੱਸੀ। ਇਸ ਮੁੰਡੇ ਦਾ ਨਾਮ ਹਰਜੋਤ ਬਰਾੜ ਆ ਹਨਾਂ...?

ਜੱਸੀ :– ਹਾਂਜੀ ਹਰਜੀਤ ਬਰਾੜ ਆ,ਪਰ ਗੱਲ ਕੀ ਹੋਈ,ਤੁਹਾਡੀ ਲੜਾਈ ਤਾਂ ਨਹੀਂ ਹੋਈ ਹਰਜੋਤ ਨਾਲ...? ਤੁਸੀ ਤਾਂ ਐਨੇ ਕੁੰਮੇਂਟ ਦਿੰਦੇ ਹੋ ਹਰਜੋਤ ਦੀਆ ਪੋਸਟਾਂ ਤੇ...! ਮੈਨੂੰ ਲਗਦਾ ਸੀ ਤੁਸੀ ਰਿਸ਼ਤੇਦਾਰ ਹੋ।

ਸਤਿੰਦਰ :– ਨਹੀਂ ਲੜਾਈ ਨਹੀਂ ਹੋਈ ਮੇਰੇ ਨਾਲ,ਨਾ ਇਹ ਮੇਰਾ ਰਿਸ਼ਤੇਦਾਰ ਆ, ਇਹ ਮੁੰਡਾ ਮੇਰੇ ਨਾਲ ਚਾਰ ਸਾਲ ਤੋਂ ਐਡ ਆ ਫੇਸਬੁੱਕ ਤੇ। ਇਹ ਵਿਆਹਿਆ ਆ, ਇਹਦੇ ਇਕ ਬੇਟਾ ਵੀ । ਪਲੀਜ਼ ਯਕੀਨ ਕਰੀ,ਐਵੇਂ ਨਾ ਜ਼ਿੰਦਗੀ ਖਰਾਬ ਕਰ ਇਹਦੇ ਲਾਰਿਆ ਵਿਚ।

ਜੱਸੀ :– ਕੀ ਤੁਸੀ ਸੱਚੀ ਕਹਿ ਰਹੇ ਹੋ...?

ਸਤਿੰਦਰ :– ਹਾਂ ਯਾਰ,ਮੈਂ ਕੋਈ ਇਹਦਾ ਰਿਸ਼ਤੇਦਾਰ ਨਹੀਂ ਆ,ਮੇਰੇ ਨਾਲ ਇਕ ਕੁੜੀ ਐਡ ਆ,ਰਾਜਵਿੰਦਰ ਨਾਮ ਦੀ,ਹਰਜੋਤ ਦੇ ਪਿੰਡ ਦੀ ਕੁੜੀ ਬੇਅੰਤ ਕੌਰ ਰਾਜਵਿੰਦਰ ਦੀ ਸਹੇਲੀ ਆ,ਉਹਨੇ ਸਾਰੀ ਗੱਲ ਰਾਜਵਿੰਦਰ ਨੂੰ ਦੱਸੀ ਸੀ ਕਿ ਹਰਜੋਤ ਫੇਸਬੁੱਕ ਤੇ ਕੁੜੀਆ ਨੂੰ ਪਾਗ਼ਲ ਬਣਾਉਂਦਾ ਰਹਿੰਦਾ ਆ ਕੁਵਾਰਾ ਬੋਲ ਬੋਲ ਕੇ। ਮੈਨੂੰ ਰਾਜਵਿੰਦਰ ਨੇ ਇਹ ਗੱਲ ਦੱਸੀ ਸੀ।

ਜੱਸੀ :– ਰਾਜਵਿੰਦਰ ਤੁਹਾਡੀ ਕੀ ਲਗਦੀ ਆ,ਹੋ ਸਕਦਾ ਉਹ ਝੂਠ ਬੋਲਦੀ ਹੋਵੇ...?

ਸਤਿੰਦਰ :– ਰਾਜਵਿੰਦਰ ਸਿਸ ਆ ਮੇਰੀ,ਉਹ ਝੂਠ ਨਹੀਂ ਬੋਲਦੀ ,ਜੇ ਨਹੀਂ ਯਕੀਨ ਤਾਂ ਅਸੀਂ ਸਾਬਿਤ ਕਰ ਸਕਦੇ ਆ ਸਬੂਤਾਂ ਦੇ ਨਾਲ। ਪਰ ਉਨਾਂ ਟਾਈਮ ਇਹ ਗੱਲ ਹਰਜੋਤ ਕੋਲ ਨਹੀਂ ਜਾਣੇ ਚਾਹੀਦੀ ।

ਜੱਸੀ :– ਠੀਕ ਆ,ਮੈਂ ਵਾਦਾ ਕਰਦੀ ਆ ,ਇਹ ਗੱਲ ਮੇਰੇ ਤੇ ਤੁਹਾਡੇ ਵਿੱਚ ਹੀ ਰਹੇਗੀ।

ਸਤਿੰਦਰ :– ਠੀਕ ਆ,ਦੋ ਦਿਨ ਦੇ ਮੈਨੂੰ,ਮੈਂ ਸਭ ਕੁਝ ਸਾਬਿਤ ਕਰ ਦਵੇਗਾ।

ਜੱਸੀ:– ਠੀਕ ਆ ਜੀ।

ਸਤਿੰਦਰ :– ਮੇਰਾ ਨਾ ਹਰਜੋਤ ਨਾਲ ਕੋਈ ਰਿਸ਼ਤਾ ਆ,ਨਾ ਤੁਹਾਡੇ ਨਾਲ ਆ,ਪਰ ਮੈਂ ਨਹੀਂ ਚਾਹੁੰਦਾ ਕਿ ਕਿਸੇ ਦੀ ਜ਼ਿੰਦਗੀ ਖਰਾਬ ਹੋਵੇ,ਜਦੋਂ ਮੈਨੂੰ ਸਭ ਪਤਾ ਆ ਤਾਂ ਮੈ ਦਸਣਾ ਜਰੂਰੀ ਸਮਝਿਆ ।

ਜੱਸੀ :– ਹਾਂਜੀ, ਪਰ ਪਲੀਜ ਮੈਨੂੰ ਸਭ ਪਤਾ ਕਰਕੇ ਦੱਸ ਦਿਓ। ਦਿਲ ਕਹਿੰਦਾ ਕਾਸ਼ ਸਭ ਕੁਝ ਝੂਠ ਹੋਵੇ।

ਸਤਿੰਦਰ :– ਕਾਸ਼ ਤੁਹਾਡਾ ਕਿਹਾ ਸੱਚ ਹੋਵੇ,ਤੇ ਅਸੀ ਝੂਠ।

ਸਤਿੰਦਰ ਨੇ ਬਿਨਾ ਕਿਸੇ ਰਿਸ਼ਤੇ ਦੇ,ਆਪਣੀ ਇਨਸਾਨੀਅਤ ਦਿਖਾਈ,ਉਸਨੇ ਜਲਦੀ ਜਲਦੀ ਵਿਚ ਛਾਣਬੀਣ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲਾ ਸਤਿੰਦਰ ਨੇ ਰਾਜਵਿੰਦਰ ਨਾਲ ਗੱਲ ਕੀਤੀ ....!

ਸਤਿੰਦਰ :– ਹੈਲੋ ਦੀਦੀ ਗੱਲ ਸੁਣੋ ਮੇਰੀ,ਜਦੋਂ ਵੀ ਵੇਹਲੇ ਹੋਏ ਤਾਂ ਇੱਕ ਚੈਟ ਗਰੁੱਪ ਬਣਾਇਓ।

ਰਾਜਵਿੰਦਰ :– ਕੀ ਹੋਇਆ ਵੀਰੇ,ਕਿਸ ਨਾਲ ਬਣਾਉਣਾ ਚੈਟ ਗਰੁੱਪ...? ਕਿਸ ਨੂੰ ਐਡ ਕਰਨਾ ਗਰੁੱਪ ਵਿਚ...?

ਸਤਿੰਦਰ :– ਤੁਸੀ ਖੰਨੇ ਵਾਲੀ ਬੇਅੰਤ ਕੌਰ ਨੂੰ ਐਡ ਕਰਿਓ,ਨਾਲੇ ਮੈਨੂੰ ਵੀ।

ਰਾਜਵਿੰਦਰ :– ਉਹ ਤਾਂ ਬਣਾ ਦਵਾਂਗੀ,ਪਰ ਗੱਲ ਕੀ ਹੋਈ...?

ਸਤਿੰਦਰ :– ਜਿਸ ਮੁੰਡੇ ਦੀ ਬੇਅੰਤ ਨੇ ਗੱਲ ਦੱਸੀ ਸੀ ਤੈਨੂੰ ਹਨਾਂ,ਕੇ ਇਹ ਕੁੜੀਆ ਨੂੰ ਝੂਠ ਬੋਲਦਾ ਕੇ ਮੈਂ ਕੁਵਾਰਾ ਆ,ਉਸ ਮੁੰਡੇ ਬਾਰੇ ਗੱਲ ਕਰਨੀ ਆ ਕੋਈ। ਦੀਦੀ ਤੂੰ ਐਡ ਕਰ ਗਰੁੱਪ ਬਣਾ ਕੇ,ਮੈਂ ਇਕ ਕੁੜੀ ਐਡ ਕਰਨੀ ਆ ਜੋ ਉਸ ਮੁੰਡੇ ਦੀਆ ਗੱਲਾਂ ਤੇ ਯਕੀਨ ਕਰਕੇ ਬੈਠੀ ਆ।

ਰਾਜਵਿੰਦਰ :– ਠੀਕ ਆ ਹੁਣੇ ਬਣਾ ਦਿੰਦੀ ਆ ਗਰੁੱਪ। ਇਕ ਮਿੰਟ ਰੁੱਕੋ।

ਰਾਜਵਿੰਦਰ ਨੇ ਇਕ ਚੈਟ ਗਰੁੱਪ ਬਣਾਇਆ,ਜਿਸ ਵਿਚ ਬੇਅੰਤ ਕੌਰ,ਸਤਿੰਦਰ ਨੂੰ ਐਡ ਕੀਤਾ,ਫਿਰ ਸਤਿੰਦਰ ਨੇ ਜੱਸੀ ਨੂੰ ਐਡ ਕੀਤਾ। ਗਰੁੱਪ ਵਿਚ ਗੱਲਬਾਤ ਸ਼ੁਰੂ ਹੋਈ....!

ਸਤਿੰਦਰ :– ਰਾਜ ਦੀਦੀ ਇਹ ਜੱਸੀ ਆ, ਉਹੀ ਕੁੜੀ ਜਿਸ ਨੂੰ ਹਰਜੋਤ ਨੇ ਵਿਆਹ ਦੇ ਲਾਰੇ ਲਗਾਏ ਆ। ਜੱਸੀ ਨੂੰ ਯਕੀਨ ਦਵਾਉਣ ਲਈ ਹੀ ਮੈਂ ਤੁਹਾਨੂੰ ਗਰੁੱਪ ਬਣਾਉਣ ਲਈ ਕਿਹਾ ਸੀ।

ਰਾਜਵਿੰਦਰ :– ਓਕੇ ਠੀਕ ਆ, ਦੇਖ ਜੱਸੀ ਅਸੀਂ ਤੈਨੂੰ ਨਹੀਂ ਜਾਣਦੇ,ਅਸੀਂ ਹਰਜੋਤ ਨੂੰ ਵੀ ਨਹੀਂ ਜਾਣਦੇ,ਪਰ ਉਹਦੇ ਪਿੰਡ ਤੋਂ ਮੇਰੇ ਨਾਲ ਇਕ ਕੁੜੀ ਐਡ ਆ,ਜਿਵੇਂ ਹੀ ਇਹ ਆਨਲਾਈਨ ਆਉਂਦੀ ਆ,ਤੇਰੇ ਸਾਹਮਣੇ ਉਹ ਦੱਸ ਦਵੇਗੀ ਸਾਰੀ ਗੱਲ,ਮੈਂ ਫੋਟੋਜ਼ ਤੱਕ ਲਈ ਵੀ ਬੋਲ ਦਵਾਂਗੀ ਬੇਅੰਤ ਨੂੰ , ਉਹਨੂੰ ਜੇ ਕਿਤਿਓਂ ਮਿਲਦੀਆ ਹੋਈਆਂ ਤਾਂ ਉਹਨੇ ਲਿਆ ਦੇਣੀਆ।

ਜੱਸੀ :– ਠੀਕ ਆ ਦੀਦੀ,ਇਸ ਵਾਰ ਮੈਂ ਹਰਜੋਤ ਤੇ ਯਕੀਨ ਨਹੀਂ ਕਰਾਂਗੀ,ਤੁਹਾਡੇ ਸਭ ਤੇ ਕਰਾਂਗੀ।

ਸਤਿੰਦਰ :– ਹਰਜੋਤ ਤੇ ਫਿਰ ਤੋਂ ਯਕੀਨ ਕਰੋਗੇ ਤਾਂ,ਤੁਹਾਡੇ ਲਈ ਹੀ ਮਾੜੀ ਗੱਲ ਹੋਣੀ,ਸਾਡਾ ਤਾਂ ਨਾ ਕੋਈ ਨੁਕਸਾਨ ਆ ਨਾ ਕੋਈ ਨਫ਼ਾ ਤੇ ਨਾ ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਆ।

ਬੇਅੰਤ :– ਹਾਂ ਵੀ ਕੀ ਹੋ ਗਿਆ ,ਨਿਊ ਗਰੁੱਪ ਬਣਾ ਲਿਆ ਤੁਸੀ,ਪੁਰਾਣੇ ਵਾਲਾ ਕੀ ਕਹਿੰਦਾ ਸੀ...?

ਰਾਜਵਿੰਦਰ :– ਬੇਅੰਤ ਇਹ ਜੱਸੀ ਆ,ਤੇਰੇ ਉਹ ਪਿੰਡ ਵਾਲਾ ਹੈਰੀ ਹਰਜੋਤ ਜੋਂ ਵੀ ਆ, ਉਹਨੇ ਵਿਆਹ ਦੇ ਲਾਰੇ ਲਗਾਏ ਆ ਇਹਨੂੰ।

ਬੇਅੰਤ :– ਅੱਛਾ ........... ਵਾਹਿਗੁਰੂ ,ਹਾਏ ਸਾਡੇ ਪਿੰਡ ਦਾ ਨਾਮ ਬਦਨਾਮ ਕਰੀ ਜਾਂਦਾ ਇਹ ਫੇਸਬੁੱਕ ਤੇ। ਦੇਖ ਬੀਬਾ, ਉਹਦੇ ਵਿਆਹ ਨੂੰ ਪੰਜ ਸਾਲ ਹੋ ਗਏ ਆ,ਬੇਬੀ ਪਤਾ ਨਹੀਂ ਕਿਉਂ ਲੇਟ ਲਿਆ ਇਹਨਾਂ ਨੇ,ਬਾਹਰ ਜਾਣੇ ਕਰਕੇ ਸ਼ਾਇਦ। ਬੇਬੀ ਆਹ

ਪਿਛਲੇ ਸਾਲ ਹੋਇਆ ਇਹਦੇ ਮੁੰਡਾ। ਤੂੰ ਕਿੱਥੇ ਇਹਨੂੰ ਕੁਵਾਰਾ ਸਮਝੀ ਬੈਠੀ ਸੀ। ਇਹਦਾ ਤਾਂ ਬੇੜਾ ਗ਼ਰਕ ਸਵਾਰ ਕੇ ਹੋਇਆ ਆ।

ਜੱਸੀ :– ਮੈਨੂੰ ਇਹਦੀਆਂ ਫੋਟੋਆ ਮਿਲ ਸਕਦੀਆਂ,ਇਹਦੀ ਵਾਈਫ ਤੇ ਬੇਬੀ ਦੀਆਂ।

ਬੇਅੰਤ :– ਕੋਸ਼ਿਸ਼ ਕਰ ਸਕਦੀ ਆ,ਕਿਉਂ ਕੇ ਸਾਡੀ ਬਹੁਤੀ ਆਉਣੀ ਜਾਣੀ ਨਹੀਂ ਇਹਨਾਂ ਨਾਲ। ਫਿਰ ਵੀ ਮੈਂ ਤੇਰੇ ਯਕੀਨ ਲਈ ਕਰਦੀ ਆ ਕੁਝ ,ਕਿਤਿਓਂ ਤਾਂ ਮਿਲ ਹੀ ਜਾਣ ਗਈਆਂ।

✪✪✪✪✪✪✪

# ਭਾਗ –20

ਜੱਸੀ ਪਹਿਲਾਂ ਵਾਂਗ ਹੀ ਹਰਜੋਤ ਨਾਲ ਗੱਲ ਕਰਦੀ ਰਹੀ,ਉਸਨੂੰ ਪਤਾ ਹੀ ਨਾ ਲੱਗਣ ਦਿੱਤਾ ਕਿ ਉਹ ਜਾਣੂ ਆ ਹਰਜੋਤ ਦੀਆ ਹਰਕਤਾਂ ਤੋਂ,ਬਸ ਜੱਸੀ ਚੁੱਪ ਸੀ ਤਾਂ ਸਬੂਤ ਆਉਣ ਤੱਕ,ਤਾਂ ਕੇ ਹਰਜੋਤ ਦੇ ਮੂੰਹ ਤੇ ਮਾਰ ਕੇ ਸਬੂਤ ,ਕੀਤੇ ਹੋਏ ਧੋਖੇ ਦਾ ਪੁੱਛ ਸਕੇ ।

ਅਗਲੇ ਦਿਨ ਦੀ ਸ਼ਾਮ ਹੁੰਦਿਆਂ ਹੀ ਜੱਸੀ ਦੇ ਅੱਗੇ ਹਰਜੋਤ ਤੇ ਉਸਦੀ ਘਰਵਾਲੀ ਦੀ ਫੋਟੋ ਵੀ ਆ ਗਈ,ਜਿਸ ਨੂੰ ਦੇਖ ਕੇ ਜੱਸੀ ਇਕ ਵਾਰ ਫਿਰ ਪਹਿਲਾਂ ਵਾਂਗ ਹੀ ਟੁੱਟ ਗਈ।

ਜੱਸੀ :– ਬੇਅੰਤ ਦੀਦੀ ਇਹ ਫੋਟੋ ਕਦੋਂ ਦੀ ਆ...?

ਬੇਅੰਤ :– ਅੱਜ ਸਵੇਰ ਦੀ ਆ  ਸ਼ੌਪਿੰਗ ਕਰਨ ਗਿਆ ਸੀ ਆਪਣੀ ਘਰਵਾਲੀ ਨੂੰ ਲੈਕੇ। ਸਤਿੰਦਰ ਨੇ ਕਿਸੇ ਦੀ ਹੈਲਪ ਲਈ ਪੈਸੇ ਦੇ ਕੇ ਮਸਾ ਇਕ ਫੋਟੋ ਮਿਲੀ। ਦੇਖਲਾ ਇਹੀ ਆ ਹਨਾਂ..?

ਜੱਸੀ :– ਪੈਸੇ ਦੇ ਕੇ ਮਤਲਬ...? ਹਾਂਜੀ ਇਹੀ ਆ,ਬੇਟਾ ਗੋਦ ਚੁੱਕਿਆ ਆ ਇਹਨੇ ਆਪਣਾ ...ਹਨਾਂ ?

ਸਤਿੰਦਰ :– ਇਕ ਦੋਸਤ ਆ ਮੇਰਾ ਪਟਿਆਲੇ ਉਹਨੇ ਅੱਗੋਂ ਕਿਸੇ ਨੂੰ ਕਹਿ ਸੁਣ ਕੇ ਏਨਾ ਕੇ ਕੰਮ ਕਰਾਇਆ ਮਸਾ। ਜਰੂਰੀ ਸੀ ਇਹ ਸਭ ਨਹੀਂ ਤੂੰ ਯਕੀਨ ਨਹੀਂ ਕਰਨਾ ਸੀ। ਹੁਣ ਤੈਨੂੰ ਸੌਹ ਆ ਤੇਰੇ ਪਰਿਵਾਰ ਦੀ,ਕੋਈ ਪੁੱਠਾ ਕਦਮ ਨਾ ਚੁੱਕੀ ਇਹੋ ਜਿਹੇ ਇਨਸਾਨ ਲਈ।

ਜੱਸੀ :– ਅਜੇ ਮੈਨੂੰ ਕੁਝ ਸਮਝ ਨਹੀਂ ਆ ਰਿਹਾ।

ਰਾਜਵਿੰਦਰ :– ਸੱਚ ਸਾਹਮਣੇ ਆ ਸਬੂਤਾਂ ਦੇ ਨਾਲ,ਹੁਣ ਕੀ ਸਮਝਣਾ ਰਹਿ ਗਿਆ.. .? ਆਪਣੀ ਜ਼ਿੰਦਗੀ ਆ ਇਹਨੂੰ ਆਪਣੇ ਲਈ ਜੀਉ,ਆਪਣੇ ਪਰਿਵਾਰ ਲਈ ਜੀਉ। ਧੋਖੇਵਾਜ ਇਨਸਾਨ ਨੂੰ ਹੀ ਸਭ ਕੁਝ ਨਾ ਮੰਨ ਕੇ ਬੈਠੋ।

ਬੇਅੰਤ :– ਦੇਖ ਜੱਸੀ,ਕਿਸੇ ਧੋਖੇਵਾਜ ਇਨਸਾਨ ਲਈ ਖੁਦ ਦੀ ਜ਼ਿੰਦਗੀ ਖਰਾਬ ਕਰਨਾ ਕੋਈ ਪਿਆਰ ਨਹੀ ਆ,ਅਸੀਂ ਤਾਂ ਮੂਰਖਤਾ ਹੀ ਸਮਝਾਂਗੇ।

ਸਤਿੰਦਰ :– ਅੱਗੇ ਤੇਰੀ ਮਰਜੀ ਐ, ਕੀ ਕਰਨਾ ਕੀ ਨਹੀਂ। ਪਰ ਅਸੀਂ ਤੇਰਾ ਸਾਥ ਦਿੱਤਾ ਤੂੰ ਇਹ ਗੱਲ ਹਰਜੋਤ ਕੋਲ ਨਾ ਕਰੀ,ਨਹੀਂ ਅੱਗੇ ਤੋਂ ਕਿਸੇ ਹੋਰ ਦੀ ਹੈਲਪ ਵੀ ਨਹੀਂ ਕਰ ਹੋਣੀ।

ਜੱਸੀ:– ਨਹੀਂ ਦੱਸਦੀ । ਤੁਸੀ ਫ਼ਿਕਰ ਨਾ ਕਰੋ। ਮੈਂ ਇਹਦੀ ਘਰਵਾਲੀ ਦੇ ਨਾਲ ਗੱਲ ਕਰਨੀ ਚਾਹੁੰਦੀ ਆ... ਕਿਵੇ ਹੋਵੇਗੀ ?

ਬੇਅੰਤ :– ਓਹਦੇ ਨਾਲ ਤੂੰ ਕਿਵੇਂ ਕਰੇਂਗੀ ਗੱਲ ...?

ਜੱਸੀ :– ਜਦੋਂ ਇੰਨਾ ਕੁੱਝ ਕਰ ਦਿੱਤਾ ਮੇਰੇ ਲਈ,ਹੁਣੇ ਵੀ ਦਸ ਦਿਓ ਕਿਵੇਂ ਗੱਲ ਹੋਵੇਗੀ ਉਹਦੇ ਨਾਲ...?

ਰਾਜਵਿੰਦਰ :– ਹਰਜੋਤ ਦੀ ਭੈਣ ਨਾਲ ਗੱਲ ਕਰਕੇ ਦੇਖੋ, ਉਹੀ ਕਰ ਸਕਦੀ ਆ ਕੁਝ।

ਜੱਸੀ :– ਉਹਨੂੰ ਬੋਲਣੇ ਦਾ ਨਹੀਂ ਪਤਾ ,ਮੇਰਾ ਦਿਲ ਨਹੀਂ ਕਰਦਾ ਗੱਲ ਕਰਨੇ ਨੂੰ।

ਸਤਿੰਦਰ :– ਜੱਸੀ ਤੂੰ ਰਹਿਣ ਦੇ ਆਪਣੀ ਆਈਡੀ ਤੋਂ ਮੈਸੇਜ ਨਾ ਕਰੀ, ਉਹ ਬਹੁਤ ਆਕੜ ਵਾਲੀ ਕੁੜੀ ਆ,ਮੈਸੇਜ ਨਹੀਂ ਦੇਖਣੇ ਉਹਨੇ ਜਾਣਕੇ।

ਬੇਅੰਤ ;– ਫਿਰ ਉਹਦੀ ਭੈਣ ਤੱਕ ਗੱਲ ਕਿਵੇਂ ਕਰੀਏ..?

ਸਤਿੰਦਰ :– ਨਿਊ ਆਈਡੀ ਤੋਂ।

ਜੱਸੀ :– ਨਿਊ ਆਈਡੀ ...? ਮਤਲਬ ?

ਸਤਿੰਦਰ :– ਜੱਸੀ ਨਿਊ ਆਈਡੀ ਬਣਾ ਇਕ,ਹਰਜੋਤ ਦੀ ਭੈਣ ਨੂੰ ਸਿੱਧੇ ਮੈਸੇਜ ਕਰੀ ,ਤੂੰ ਜੱਸੀ ਆ ਇਹ ਨਾ ਦੱਸੀ। ਤੂੰ ਬਸ ਇਹੀ ਕਹਿਣਾ...ਦੀਦੀ ਤੁਹਾਡੇ ਨਾਲ ਜ਼ਰੂਰੀ ਗੱਲ ਕਰਨੀ,ਤੁਹਾਡੇ ਭਰਾ ਬਾਰੇ। ਤੁਹਾਡਾ ਘਰ ਖਰਾਬ ਹੋਣ ਤੋਂ ਬਚਾਉਣ ਦਾ ਪਲੀਜ ਮੇਰੇ ਨਾਲ ਗਲ ਕਰਿਓ,ਜੇ ਬਲੋਕ ਕਰਨਾ ਇਹ ਵੀ ਤੁਹਾਡੀ ਮਰਜੀ ਆ। ਬਸ ਐਨਾ ਮੈਸੇਜ ਕਰਦੇ।

ਰਾਜਵਿੰਦਰ :– ਦੇਖਲੋ ਇਕ ਵਾਰ ਇਹ ਵੀ ਕਰਕੇ ।

ਬੇਅੰਤ :– ਉਹਨੂੰ ਅਕਲ ਜਮਾ ਨਹੀਂ ਬੋਲਣੇ ਦੀ,ਬਤਮੀਜ ਆ, ਕੀ ਫਾਇਦਾ,ਤੂੰ ਹਰਟ ਹੋਵੇਗੀ ਉਸ ਨਾਲ ਗੱਲ ਕਰਕੇ।

ਜੱਸੀ :– ਹੋਈ ਆ ਗਲ ਇਕ ਦੋ ਵਾਰ, ਡਾਲਰ ਦੇਖੇ ਕਦੇ ਇਹੀ ਸੁਣਾ ਗਈ ਸੀ।

ਬੇਅੰਤ :– ਦੇਖਿਆ ਵੱਡੀ ਡਾਲਰਾਂ ਚ ਰਹਿਣ ਵਾਲੀ,ਭਰਾ  ਸਾਂਭੇ ਨਹੀਂ ਜਾਂਦੇ, ਫੁਕਰੀਆਂ ਮਾਰਦੀ ਆ।

ਸਤਿੰਦਰ :– ਜੱਸੀ ਦੇਖ ਇਕ ਵਾਰ ਇਹ ਗੱਲ ਕਰਕੇ।

ਜੱਸੀ :– ਅਜੇ ਮੈਂ ਇਸ ਹਾਲਤ ਵਿੱਚ ਨਹੀਂ ਕੇ ਇਹ ਸਭ ਕਰ ਸਕਾਂ ,ਮੈਂ ਟੁੱਟ ਚੁੱਕੀ ਆ ਬਹੁਤ ।

ਬੇਅੰਤ :– ਹੁਣ ਉਹਨਾਂ ਦੀ ਵਾਰੀ ਟੁੱਟਣ ਦੀ,ਤੂੰ ਉਹਨਾਂ ਨੂੰ ਤੋੜ ਖੁਦ ਨੂੰ ਨਹੀਂ।

ਜੱਸੀ :– ਨਹੀਂ ਹਿੰਮਤ। ਖਤਮ ਹੋ ਗਿਆ ਸਭ ਕੁਝ।

ਬੇਅੰਤ : – ਰੁੱਕ ਗਰੁੱਪ ਕਾਲ ਲਗਾਉਂਦੀ ਆ ਮੈਂ,ਚੁੱਕੋ ਸਾਰੇ।

ਕਾਲ ਤੇ ਜੱਸੀ ਸਭ ਅੱਗੇ ਫੁੱਟ ਫੁੱਟ ਕੇ ਰੋਣ ਲੱਗੀ,ਉਹਦੇ ਕੋਲੋਂ ਆਪਣਾ ਆਪ ਸੰਭਾਲਿਆ ਨਾ ਗਿਆ। ਸਭ ਹੌਂਸਲਾ ਦੇ ਰਹੇ ਸੀ,∀ ਅਸੀਂ ਤੇਰੇ ਨਾਲ ਹਾਂ∀ ਤੂੰ ਫ਼ਿਕਰ ਨਾ ਕਰ । ਪਰ ਜੱਸੀ ਦੇ ਸਭ ਸੁਪਨੇ ਸੜ ਕੇ ਸਵਾਹ ਹੋ ਚੁੱਕੇ ਸੀ,ਤਿੰਨ ਸਾਲਾਂ ਦਾ ਸਮਾਂ ਜੋਂ ਉਸ ਨੇ ਹਰਜੋਤ ਕਰਕੇ ਬਰਬਾਦ ਕੇ ਦਿੱਤਾ ਸੀ ਉਹ ਕਦੇ ਵੀ ਪਰਤਕੇ ਨਹੀਂ ਆਉਣਾ ।

ਓਹਨੂੰ ਰੱਬ ਸਮਝ ਕੇ ਐਵੇਂ ਸਜਦੇ ਕਰਦੀ ਰਹੀ
ਸ਼ੈਤਾਨ ਸੀ ਓਹ ਜਿਹਦੇ ਇਸ਼ਕ ਦੇ ਕਲਮੇ ਪੜ੍ਹਦੀ ਰਹੀ
ਓਹ ਨਿੱਘ ਮਾਣਦਾ ਫਿਰੇ ਯਾਰ ਦੀਆਂ ਬੁੱਕਲਾਂ 'ਚ
ਮੈਂ ਜਿਹਦੀ ਖ਼ਾਤਰ ਪੋਹ ਮਾਘ ਵਿੱਚ ਠਰਦੀ ਰਹੀ

ਮੇਰੇ ਕੋਲੋਂ ਗਲਤੀ ਹੋ ਗਈ ਸੀ ਓਹਨੂੰ ਸਮਝਣ ਚ
ਮੇਰਾ ਬਣ ਕੇ ਓਹ ਸਭ ਕੁਝ ਮੇਰਾ ਲੁੱਟ ਗਿਆ ਏ
ਮੈਨੂੰ ਸਜਾ ਮਿਲੀ ਐ ਪਾਕ ਮੁਹੱਬਤ ਕਰਨੇ ਦੀ
ਓਹਦੇ ਅਸਲੀ ਚਿਹਰੇ ਤੋਂ ਅੱਜ ਪਰਦਾ ਉੱਠ ਗਿਆ ਏ

ਮੈਨੂੰ ਬਿਰਹੋਂ ਦੀ ਖਾਈ ਵਿੱਚ ਧੱਕਾ ਮਾਰ ਗਿਆ ਐ
ਮੇਰੇ ਸੁਪਨੇ ਰੀਝਾਂ ਚਾਅ ਸਾਰੇ ਓਹ ਸਾੜ ਗਿਆ ਏ
ਮੈਂ ਲਾਸ਼ ਬਣੀ ਫਿਰਦੀ ਆ ਅੱਜ ਕੱਲ ਗਲੀਆਂ ਵਿੱਚ
ਮੇਰੀ ਰੂਹ ਨੂੰ ਤੇ ਓਹ ਕਦ ਦਾ ਸੂਲੀ ਚਾੜ੍ਹ ਗਿਆ ਏ

ਮੈਨੂੰ ਲੱਗਿਆ ਗਲੇ ਲਗਾਉਣ ਲਈ ਹੱਥ ਵਧਾਏ ਨੇ
ਓਹ ਉਹਨਾਂ ਹੱਥਾਂ ਨਾਲ ਹੀ ਗਲ਼ ਮੇਰਾ ਘੁੱਟ ਗਿਆ ਏ
ਮੈਨੂੰ ਸਜਾ ਮਿਲੀ ਐ ਪਾਕ ਮੁਹੱਬਤ ਕਰਨੇ ਦੀ
ਓਹਦੇ ਅਸਲੀ ਚਿਹਰੇ ਤੋਂ ਅੱਜ ਪਰਦਾ ਉੱਠ ਗਿਆ ਹੈ

ਜੱਸੀ ਨੇ ਬਾਣੀ ਨੂੰ ਨਿਊ ਆਈਡੀ ਬਣਾਉਣ ਲਈ ਕਿਹਾ। ਬਾਣੀ ਨੇ ਨਿਊ ਆਈਡੀ ਬਣਾਈ,ਤੇ ਹਰਜੋਤ ਦੀ ਭੈਣ ਅਮਨ ਨੂੰ ਮੈਸੇਜ ਕੀਤਾ।

ਬਾਣੀ ਸਿੱਧੂ :– ਜਦੋਂ ਵੀ ਫ੍ਰੀ ਹੋਏ ਮੇਰੇ ਮੈਸੇਜ ਦਾ ਰਿਪਲਾਈ ਦੇ ਦਿਓ ਪਲੀਜ।

ਅਮਨ :– ਹੁਣ ਤੂੰ ਕੌਣ ਆ ਗਈ ਯਾਰ।

ਬਾਣੀ :– ਮੇਰੀ ਗੱਲ ਧਿਆਨ ਨਾਲ ਸੁਣੋ , ਤੁਹਾਡਾ ਭਰਾ ਹਰਜੋਤ ਕਿਸੇ ਇਕ ਦੀ ਨਹੀਂ ਬਹੁਤ ਜਾਣਿਆ ਦੀ ਜ਼ਿੰਗਦੀ ਖਰਾਬ ਕਰ ਰਿਹਾ ਆ, ਆਪਣੀ ਘਰਵਾਲੀ ਦੀ, ਝੂਠ ਬੋਲ ਕੇ ਹੋਰ ਕੁੜੀਆ ਦੀ,ਆਪਣੇ ਬੱਚੇ ਦੀ ਵੀ ਫ਼ਿਕਰ ਨੀ ਉਹਨੂੰ,ਨਾਲ ਤੁਹਾਡਾ ਛੋਟਾ ਭਰਾ ਸ਼ਿੰਦਾ ਵੀ ਪੂਰਾ ਪੂਰਾ ਸਾਥ ਦਿੰਦਾ ਉਹਦਾ। ਇਹ ਤੁਸੀ ਹੀ ਠੀਕ ਕਰ ਸਕਦੇ ਹੋ ਜੋ ਵੀ ਹੋ ਰਿਹਾ ਆ।

ਅਮਨ :– ਸ਼ਿੰਦਾ ਵੀ ਸਾਥ ਦਿੰਦਾ ਉਹਦਾ ...? ਮੈਂ ਸਭ ਗੱਲਾਂ ਘਰ ਦੱਸ ਦੇਣੀਆ, ਉਹਨਾਂ ਨੇ ਥੋੜ੍ਹੇ ਦਿਨ ਸੁਧਰਨਾ,ਫਿਰ ਆਹੀ ਕੁਝ ਸ਼ੁਰੂ ਕਰ ਦੇਣਾ। ਕੀ ਕਰਾਂ ਮੈਂ। ਮੈਨੂੰ ਕੁਝ ਸਮਝ ਨੀ ਆ ਰਹੀ।

ਬਾਣੀ ਸਿੱਧੂ :– ਤੁਸੀ ਆਪਣੀ ਭਾਬੀ ਨੂੰ ਬੋਲੋ ਕੇ ਫੇਸਬੁੱਕ ਚਲਾਉਣ । ਆਪਣੇ ਤੇ ਹਰਜੋਤ ਦੀਆ ਫੋਟੋਆ ਪੋਸਟ ਕਰਨ। ਸਭ ਨੂੰ ਕਹਿੰਦਾ ਫਿਰਦਾ ਮੈਂ ਕੁਵਾਰਾ ਆ।

ਅਮਨ :– ਕਹਿ ਕੇ ਦੇਖਦੀ ਆ । ਜੇ ਮੰਨ ਗਈ ਭਾਬੀ ਤਾਂ । ਪਹਿਲਾਂ ਮਰਨੇ ਦੀਆ ਧਮਕੀਆ ਦਿੰਦਾ ਸੀ,ਜੇ ਮੇਰਾ ਨਵਜੋਤ ਨਾਲ ਵਿਆਹ ਨਾ ਹੋਇਆ ਤਾਂ ਮੈਂ ਮਰ ਜਾਣਾ। ਹੁਣ ਇਹਨੂੰ ਛੱਡ ਕੇ ਹੋਰਾ ਤੇ ਮਰਦਾ।

ਬਾਣੀ :– ਗਲਤ ਗੱਲ ਆ,ਮੇਰੀ ਸਹੇਲੀ ਨੂੰ ਤਿੰਨ ਸਾਲਾ ਤੋ ਵਿਆਹ ਦੇ ਲਾਰੇ ਲਗਾ ਰਿਹਾ ਆ,ਸ਼ਿੰਦਾ ਵੀ ਭਾਬੀ ਭਾਬੀ ਬੋਲ ਕੇ ਸਭ ਕੁਝ ਸੱਚ ਬਣਾਈ ਜਾਂਦਾ ਸੀ,ਵਿਆਹ ਤੱਕ ਦੀਆ ਗੱਲਾਂ ਕੀਤੀਆਂ ਸਭ ਨੇ । ਮੇਰੀ ਸਹੇਲੀ ਨੂੰ ਕਹਿੰਦਾ ਸੀ ਮੇਰੀ ਭੈਣ ਨਾਲ ਗੱਲ ਨੀ ਕਰਨੀ ਤੂੰ ਕੋਈ ਵੀ।

ਅਮਨ :– ਮੈਨੂੰ ਏਨੇ ਮੈਸੇਜ ਆਉਂਦੇ ਕੁੜੀਆ ਦੇ ਇਹਦੇ ਕਰਕੇ। ਮੈਂ ਦੇਖਣੇ ਹੀ ਛੱਡ ਦਿੱਤੇ।

✪✪✪✪✪✪✪

# ਭਾਗ –21

ਬਾਣੀ ਨੇ ਅਮਨ ਨੂੰ ਆਪਣੀਆਂ ਗੱਲਾਂ ਵਿਚ ਫਸਾ ਕੇ ਥੋੜ੍ਹੀ ਹਮਦਰਦੀ ਦਿਖਾ ਕੇ, ਅਮਨ ਕੋਲੋ ਹਰਜੋਤ ਤੇ ਹਰਜੋਤ ਦੀ ਘਰਵਾਲੀ ਦੀਆ ਫੋਟੋਆ ਮੰਗਵਾ ਲਾਈਆਂ। ਅਮਨ ਨੇ ਕਹਿ ਕਹਾ ਕੇ ਹਰਜੋਤ ਦੀ ਘਰਵਾਲੀ ਕੋਲੋ ਇਕ ਫੇਸਬੁੱਕ ਦੀ ਆਈਡੀ ਬਣਵਾ ਦਿੱਤੀ। ਅਮਨ ਨੇ ਬਾਣੀ ਸਿੱਧੂ ਨਾਲ ਐਡ ਹੋਣ ਲਈ ਕਿਹਾ ਆਪਣੀ ਭਾਬੀ ਨੂੰ।

ਬਾਣੀ ਸਿੱਧੂ ਨੂੰ ਨਿਊ ਆਈਡੀ ਤੋਂ ਮੈਸੇਜ ਆਇਆ ,ਆਈਡੀ ਦਾ ਨਾਮ ਹਰਪ੍ਰੀਤ ਬਰਾੜ ਸੀ।

ਹਰਪ੍ਰੀਤ :– ਸਤਿ ਸ੍ਰੀ ਆਕਾਲ ਦੀਦੀ।

ਬਾਣੀ :– ਸਤਿ ਸ੍ਰੀ ਆਕਾਲ ਜੀ।

ਹਰਪ੍ਰੀਤ ;– ਮੈਂ ਹਰਜੋਤ ਦੀ ਵਾਈਫ਼....! ਮੇਨੂੰ ਅਮਨ ਦੀਦੀ ਨੇ ਕਿਹਾ ਸੀ ਤੁਹਾਨੂੰ ਮੈਸੇਜ ਕਰਨ ਲਈ।

ਬਾਣੀ :– ਹਾਂਜੀ ਮੈਂ ਹੀ ਕਿਹਾ ਸੀ ਕਿ ਗੱਲ ਕਰਨ ਸਾਡੇ ਨਾਲ,ਆਈਡੀ ਬਣਾ ਕੇ। ਗੱਲ ਤਾਂ ਸਾਰੀ ਦੱਸ ਦਿੱਤੀ ਹੋਣੀ ਅਮਨ ਨੇ ਤੁਹਾਨੂੰ।

ਹਰਪ੍ਰੀਤ :– ਹਾਂਜੀ ਦੀਦੀ ਦੱਸਦੇ ਸੀ, ਹਰਜੋਤ ਤੇ ਤੁਹਾਡੀ ਫ੍ਰੈਂਡ ਦੇ ਰਿਲੇਸ਼ਨ ਬਾਰੇ। ਮੇਰੀ ਸਮਝ ਵਿੱਚ ਨਹੀਂ ਆਉਂਦਾ ਮੈਂ ਕੀ ਕਰਾਂ। ਮੈਂਨੂੰ ਪਤਾ ਆ ਇਹ ਜੱਸੀ ਨਾਮ ਦੀ ਕੁੜੀ ਨਾਲ ਗੱਲ ਕਰਦਾ ਆ। ਕਾਫੀ ਟਾਈਮ ਤੋ,ਜਦੋਂ ਮੈਂ ਪੁੱਛਦੀ ਆ ਤਾਂ ਮੁੱਕਰ ਜਾਂਦਾ ਆ

ਬਾਣੀ :– ਹਾਂਜੀ ਤੁਸੀ ਜੱਸੀ ਨੂੰ ਮੈਸੇਜ ਕਰਲੋ । ਪਰ ਧਿਆਨ ਰਹੇ ਹਰਜੋਤ ਨੂੰ ਨਾ ਪਤਾ ਲਗੇ ਅਜੇ ਕੁਝ ਵੀ।

ਹਰਪ੍ਰੀਤ :– ਤੁਸੀ ਫ਼ਿਕਰ ਨਾ ਕਰੋ,ਮੈਂ ਪੇਕੇ ਘਰ ਆਈ ਹੋਈ ਆ । ਛੇ ਮਹੀਨੇ ਹੋ ਗਏ ਆਈ ਨੂੰ,ਹਰਜੋਤ ਲੈਣ ਨਹੀਂ ਆਇਆ। ਤੇ ਮੈਂ ਵੀ ਨਹੀਂ ਗਈ ।

ਬਾਣੀ :– ਗੁੱਸਾ ਨਾ ਕਰਿਓ,ਬੜਾ ਕਮੀਨਾ ਬੰਦਾ ਆ ਹਰਜੋਤ ।

ਹਰਪ੍ਰੀਤ :– ਗੁੱਸਾ ਕੀ ਕਰਨਾ,ਮੇਰਾ ਬਾਲਣ ਬਣਾ ਦਿੱਤਾ ਇਹਨੇ। ਇਹਦੀਆਂ ਆਦਤਾਂ ਨਹੀਂ ਸੁਧਰੀਆ।

ਬਾਣੀ :– ਸਹੀ ਗੱਲ ਆ,ਤੁਸੀ ਐਦਾ ਕਰੋ,ਜੱਸੀ ਨੂੰ ਮੈਸੇਜ ਕਰਲੋ।

ਹਰਪ੍ਰੀਤ :– ਹਾਂਜੀ,ਮੈਂ ਕਰਦੀ ਆ ਮੈਸੇਜ ਓਹਨਾ ਨੂੰ,ਬਾਏ।

ਹਰਪ੍ਰੀਤ ਨੇ ਜੱਸੀ ਨੂੰ ਮੈਸੇਜ ਕੀਤਾ,ਜੱਸੀ ਨੇ ਆਈਡੀ ਖੋਲ ਕੇ ਪ੍ਰੋਫ਼ਾਈਲ ਵਿਚ ਫੋਟੋਆ ਦੇਖੀਆ,ਹਰਜੋਤ ਤੇ ਉਸ ਦੇ ਬੇਬੀ ਦੀਆ। ਜੱਸੀ ਨੂੰ ਸਮਝ ਆ ਗਈ ਸੀ ਕਿ ਇਹ ਹਰਜੋਤ ਦੀ ਘਰਵਾਲੀ ਆ, ਪਰ ਜੱਸੀ ਘਬਰਾਹਟ ਮਹਿਸੂਸ ਕਰ ਰਹੀ ਸੀ,ਕੇ ਉਹ ਕੀ ਗੱਲ ਕਰੇ ਹਰਪ੍ਰੀਤ ਨਾਲ । ਮੰਨ ਹੀ ਮਨ ਵਿਚ ਸ਼ਰਮਿੰਦੀ ਹੋ ਰਹੀ ਸੀ ਕਿ ਮੈਂ ਇਸਦਾ ਘਰ ਪੱਟ ਰਹੀ ਸੀ। ਜਾਣੇ ਅਨਜਾਣੇ ਵਿਚ ਹੀ ਸਹੀ। ਪਤਾ ਨਹੀਂ ਕਿਵੇਂ ਦਾ ਸੁਭਾਅ ਹਊਗਾ,ਮੈਨੂੰ ਕੀ ਕਹੇਗੀ। ਫਿਰ ਵੀ ਹਿੰਮਤ ਜਿਹੀ ਕਰਕੇ ਜੱਸੀ ਨੇ ਹਰਪ੍ਰੀਤ ਦੇ ਮੈਸੇਜ ਦੇ ਜਵਾਬ ਦੇਣੇ ਸ਼ੁਰੂ ਕੀਤੇ.....!

ਜੱਸੀ :– ਸਤਿ ਸ੍ਰੀ ਆਕਾਲ ਦੀਦੀ,ਮੈਂ ਸਭ ਤੋਂ ਪਹਿਲਾ ਮਾਫੀ ਮੰਗਦੀ ਹਾਂ ਤੁਹਾਡੇ ਕੋਲੋ ,ਹੱਥ ਜੋੜ ਕੇ,ਮੇਰੇ ਕਰਕੇ ਤੁਹਾਡਾ ਘਰ ਬਰਬਾਦ ਹੋ ਰਿਹਾ ਸੀ । ਪਲੀਜ਼ ਮੈਨੂੰ ਮਾਫ਼ ਕਰਦੇ ਭੈਣੇ।

ਹਰਪ੍ਰੀਤ :– ਮਾਫ਼ ਤੂੰ ਕਰਦੇ ਮੈਨੂੰ,ਮੇਰੇ ਘਰਵਾਲੇ ਨੇ ਤੇਰੇ ਐਨੇ ਸਾਲ ਖਰਾਬ ਕਰ ਦਿੱਤੇ,ਝੂਠ ਬੋਲ ਬੋਲ ਕੇ,ਤੇਰੀ ਜ਼ਿੰਦਗੀ ਬਰਬਾਦ ਕਰਨ ਨੂੰ ਫਿਰਦਾ ਸੀ।

ਜੱਸੀ :– ਕੀ ਕਰ ਸਕਦੇ ਆ,ਬੀਤੇ ਹੋਏ ਸਾਲ ਤਾਂ ਨਹੀਂ ਮੁੜਨੇ, ਤੁਹਾਡੀ ਤਾਂ ਜ਼ਿੰਦਗੀ ਸਹੀ ਕਰ ਸਕਦੇ ਆ,।

ਹਰਪ੍ਰੀਤ :– ਮੈਨੂੰ ਕੋਈ ਗਿਲਾ ਨਹੀਂ ਤੇਰੇ ਨਾਲ,ਤੂੰ ਅਨਜਾਣ ਸੀ ਹਰਜੋਤ ਦੀ ਸੱਚਾਈ ਤੋਂ, ਮੈਨੂੰ ਪਤਾ ਆ ਤਿੰਨ ਸਾਲ ਹੋ ਗਏ ਤੇਰੇ ਨਾਲ ਗੱਲ ਕਰਦੇ ਨੂੰ,ਪਰ ਮੇਰੇ ਸਾਹਮਣੇ ਮੁੱਕਰ ਜਾਂਦਾ ਸੀ, ਜਦੋਂ ਵੀ ਕਦੇ ਤੇਰਾ ਫੋਨ ਆਉਂਦਾ ਸੀ ਜੇ ਮੈਂ ਚੁੱਕ ਲੈਣਾ ਤਾਂ ਇਹਨੇ ਲੜਨਾ।

ਜੱਸੀ :– ਮਾਫ਼ ਕਰਦੀ ਭੈਣ ਮੇਰੇ ਕਰਕੇ ਤੇਰੇ ਘਰ ਵਿਚ ਲੜਾਈ ਹੁੰਦੀ ਸੀ। ਜਦੋਂ ਮੈਂ ਇਹਨੂੰ ਪੁੱਛਦੀ ਸੀ ਵੀ ਫੋਨ ਕਿਹਨੇ ਚੁੱਕਿਆ ਸੀ ਤਾਂ ਇਹਨੇ ਕਹਿਣਾ, ਮੇਰੀ ਭੈਣ ਆ, ਤਾਏ ਦੀ ਕੁੜੀ,ਕਦੇ ਕਹਿਣਾ ਭਾਬੀ ਆ ਤਾਏ ਦੀ ਨੂੰਹ,ਕਦੇ ਭਾਣਜੀ।

ਹਰਪ੍ਰੀਤ :– ਇਹ ਤਾਂ ਕੁੱਤਾ ਬੰਦਾ ਆ ਪੂਰਾ ਜੱਸੀ । ਜਦੋਂ ਵੀ ਤੇਰਾ ਫੋਨ ਚੁੱਕਿਆ ਮੈਂ ਹੀ ਚੁੱਕਿਆ । ਇਹ ਐਨਾ ਝੂਠ ਬੋਲਦਾ , ਮੈਨੂੰ ਤਾਂ ਭੈਣ ਬਣਾ ਦਿੰਦਾ ਕੁੜੀਆ ਅੱਗੇ। ਕਦੇ ਭਾਬੀ,ਤੇ ਕਦੇ ਭਾਣਜੀ ਬਣਾ ਲੈਂਦਾ। ਘਰਵਾਲੀ ਕਹਿਣੇ ਵਿਚ ਸ਼ਰਮ ਆਉਂਦੀ ਆ। ਹੁਣ ਸ਼ਰਮ ਆਉਂਦੀ ਆ,ਪਹਿਲਾ ਪਿਆਰ ਆਉਂਦਾ ਸੀ।

ਜੱਸੀ :– ਹਾਏ ਐਨਾ ਗਿਰਿਆ ਆ ਜ਼ਮੀਰ ਇਹਦਾ। ਤੁਹਾਡੀ ਲਵ ਮੈਰਿਜ ਹੋਈ ਸੀ.. .?

ਹਰਪ੍ਰੀਤ :– ਲਵ ਮੈਰਿਜ ਹੀ ਹੋ ਗਈ,ਤਿੰਨਾਂ ਸਾਲ ਮੰਗੀ ਰਹੀ ਆ ਇਹਦੇ ਨਾਲ। ਦਸਵੀਂ ਕਲਾਸ ਵਿੱਚ ਪੜ੍ਹਦੀ ਸੀ ,ਜਦੋਂ ਇਹਦੇ ਨਾਲ ਰਿਸ਼ਤਾ ਕਰ ਦਿੱਤਾ ਸੀ ਘਰ ਦਿਆ ਨੇ,ਕੇ ਅਮੀਰ ਆ,ਕੈਨੇਡਾ ਜਾਣਾ ਆ ਮੁੰਡੇ ਨੇ,ਜ਼ਮੀਨ ਬੜੀ ਆ ।ਭੈਣ ਕੈਨੇਡਾ ਗਈ ਆ। ਸਭ ਕੁਝ ਸਹੀ ਆ,ਰਾਜ ਕਰੇਗੀ ਕੁੜੀ । ਇਹਨੇ ਬਰਬਾਦ ਕਰ ਦਿੱਤਾ।

ਜੱਸੀ :– ਐਨੀ ਜਲਦੀ ਕੀ ਪਈ ਸੀ ਰਿਸ਼ਤਾ ਕਰਾਉਣ ਦੀ ਬਾਲਗ ਤਾਂ ਹੋ ਜਾਂਦੀ।

ਹਰਪ੍ਰੀਤ :– ਘਰਦੇ ਕਿੱਥੇ ਸੁਣਦੇ ਕੁਝ। ਮਰਜੀ ਕਰਦੇ। ਮੇਰੀ ਭੈਣ ਨੇ ਮਰਜੀ ਨਾਲ ਵਿਆਹ ਕਰਾਇਆ ਸੀ ,ਇਸ ਲਈ ਘਰਦੇ ਡਰ ਗਏ, ਕਿੱਤੇ ਇਹ ਵੀ ਨਾ ਕਰਾ ਲਵੇ।

ਜੱਸੀ :– ਫਿਰ ਤਿੰਨ ਸਾਲ ਇਹਨੇ ਤੁਹਾਡੇ ਨਾਲ ਗੱਲ ਕੀਤੀ ਫੋਨ ਤੇ...?

ਹਰਪ੍ਰੀਤ :– ਮੰਗਣੀ ਕਰਾਉਣ ਤੋਂ ਬਾਅਦ ਇਹਨੇ ਸਾਇਪ੍ਰਸ ਜਾਣਾ ਸੀ,ਕੈਨੇਡਾ ਤਾਂ

ਗਿਆ ਨਹੀਂ। ਜਾਣ ਤੋਂ ਪਹਿਲਾਂ ਇਹ ਸਾਡੇ ਘਰ ਮਿਲਣ ਆਇਆ,ਤੇ ਮੰਮੀ ਹੋਣਾ ਨੂੰ ਕਹਿੰਦਾ ... ਮੈਂ ਹਰਪ੍ਰੀਤ ਨੂੰ ਘੁਮਾਣ ਲੈ ਜਾਵਾ,ਫਿਰ ਤਾਂ ਮੈਂ ਬਾਹਰ ਚੱਲ ਜਾਣਾ। ਮੰਮੀ ਹੋਣਾ ਨੇ ਸੋਚਿਆ ਚੱਲ ਮੰਗੀ ਹੋਈ ਆ,ਭੇਜ ਦਿੰਦੇ ਆ। ਇਹ ਮੈਨੂੰ ਸਿਨੇਮਾ ਲੈ ਗਿਆ ,ਫਿਲਮ ਦੇਖਣ। ਫਿਰ ਘਰ ਛੱਡਣ ਆਇਆ ਤਾਂ ਮੰਮੀ ਹੋਣਾ ਅੱਗੇ ਮੈਨੂੰ ਫੋਨ ਗਿਫ਼ਟ ਕਰਕੇ ਗਿਆ।

ਜੱਸੀ :– ਐਨਾ ਪਿਆਰ ਕਰਦਾ ਸੀ ਤੁਹਾਨੂੰ...?

ਹਰਪ੍ਰੀਤ :– ਬਹੁਤ ਪਿਆਰ ਕਰਦਾ ਸੀ,ਮੈਂ ਕਦੇ ਦੇਖਿਆ ਨਹੀਂ ਸੀ ਐਨਾ ਪਿਆਰ। ਮੈਨੂੰ ਪਤਾ ਹੀ ਨਹੀਂ ਸੀ ਪਿਆਰ ਐਦਾ ਦਾ ਹੁੰਦਾ।

ਜੱਸੀ :– ਹਾਹਾਹਾ ... ਫਿਰ ਬਾਹਰ ਜਾ ਕੇ ਕਰਦਾ ਸੀ ਗੱਲ ...?

ਹਰਪ੍ਰੀਤ :– ਗੱਲ ਹੀ ਕਰਦਾ ਸੀ ਬਸ,ਕੰਮ ਤਾਂ ਕਰਦਾ ਹੀ ਨਹੀਂ ਸੀ। ਸਾਰਾ ਦਿਨ ਮੈਨੂੰ ਹੀ ਫੋਨ ਲਗਾਈ ਰੱਖਦਾ ਸੀ,ਰਾਤ ਨੂੰ ਵੀ ਕਦੋਂ ਤਿੰਨ ਚਾਰ ਵੱਜ ਗਏ ਪਤਾ ਹੀ ਨਾ ਲੱਗਣਾ,ਇਹਦੇ ਫੋਨ ਕਰਕੇ ਮੈਂ ਘਰੋਂ ਬਾਹਰ ਵੀ ਨੀ ਜਾਂਦੀ ਸੀ,ਨਾ ਕਿਸੇ ਰਿਸ਼ਤੇਦਾਰੀ ਵਿਚ। ਮੈਨੂੰ ਮੰਮੀ ਨੇ ਵੀ ਬੋਲਣਾ ਸਾਰਾ ਦਿਨ ਤੁਹਾਡੀਆਂ ਗੱਲਾਂ ਨੀ ਮੁੱਕਦੀਆਂ ,ਪਤਾ ਨਹੀਂ ਕਿਹੜੀਆਂ ਗੱਲਾਂ ਕਰਦੇ ਆ,ਵਿਆਹ ਤੋਂ ਬਾਅਦ ਲਈ ਵੀ ਬਚਾ ਲਓ ਕੁਝ। ਮੈਨੂੰ ਐਨੀ ਸ਼ਰਮ ਆਉਣੀ ਘਰ ਦਿਆ ਤੋਂ ਵੀ। ਬਸਾ ਹੀ ਨੀ ਖਾਂਦਾ ਸੀ ਮੇਰਾ।

ਜੱਸੀ :– ਹਾਏ ਇਹ ਸੌਂਦਾ ਕਦੋਂ ਸੀ,ਹੁਣ ਵੀ ਨਹੀਂ ਸੌਂਦਾ। ਇਹਦਾ ਦਿਮਾਗ ਆ ਕੇ ਕੀ।

ਹਰਪ੍ਰੀਤ :– ਇਹ ਕਦੇ ਵੀ ਨੀ ਸੌਂਦਾ ,ਪਹਿਲਾ ਮੇਰੇ ਨਾਲ ਦੇਰ ਰਾਤ ਤੱਕ ਜਾਗ ਕੇ ਗੱਲ ਕਰਦਾ ਹੁੰਦਾ ਸੀ,ਫਿਰ ਪ੍ਰੀਤ ਨਾਮ ਦੀ ਕੁੜੀ ਹੋ ਗਈ,ਹੁਣ ਤਿੰਨ ਸਾਲ ਤੋਂ ਦੇਰ ਰਾਤ ਤੱਕ ਤੇਰੇ ਨਾਲ ਗੱਲ ਕਰਦਾ। ਮੈਂ ਰੋਜ਼ ਇਹਦੀ ਚੈਟ ਪੜ੍ਹਦੀ ਹੁੰਦੀ ਸੀ,ਜਦੋਂ ਇਹ ਤੜਕੇ ਜਿਹੇ ਸੋ ਜਾਂਦਾ ਸੀ,ਤਾਂ ਮੈਂ ਇਹਦੀ ਉਂਗਲੀ ਲਵਾ ਕੇ ਲਾਕ ਖੋਲ ਲੈਂਦੀ ਸੀ ਫੋਨ ਦਾ। ਨਾਲੇ ਮੈਂ ਰੋਈ ਜਾਣਾ ਨਾਲੇ ਚੈਟ ਪੜੀ ਜਾਣੀ। ਮੈਨੂੰ ਤੇਰੇ ਤੇ ਵੀ ਤਰਸ ਆਉਂਦਾ ਸੀ ਬਹੁਤ,ਜਦੋਂ ਮੈਂ ਤੇਰੀ ਫੋਟੋ ਦੇਖੀ ਮੈਂ ਸੋਚਾਂ ਕੇ ਮੇਰੇ ਤੇ ਜੱਸੀ ਵਿਚ ਕਿੰਨਾ ਕੇ ਫਰਕ

ਆ ਇਕੋ ਜਹੀਆ ਤਾਂ ਹੈ ਅਸੀਂ,ਫਿਰ ਜੱਸੀ ਹੀ ਕਿਉਂ ਐਨੀ ਪਿਆਰੀ ਲਗਦੀ ਇਹਨੂੰ।

ਜੱਸੀ :– ਫਿਰ ਤੁਸੀਂ ਮੈਨੂੰ ਕਦੇ ਵੀ ਦੱਸਣਾ ਜਰੂਰੀ ਕਿਉਂ ਨਹੀਂ ਸਮਝਿਆ ਕੇ ਇਹ ਐਦਾ ਦਾ ਆ ...?

ਹਰਪ੍ਰੀਤ :– ਮੇਰਾ ਫੋਨ ਤੋੜ ਦਿੱਤਾ ਸੀ ਇਹਨੇ,ਜਦੋਂ ਮੈਂ ਇਹਨੂੰ ਕਿਹਾ ਸੀ ਮੈਂ ਫੇਸਬੁੱਕ ਚਲਾਉਣ ਲੱਗੀ ਆ,ਜੱਸੀ ਨੂੰ ਸਭ ਕੁਝ  ਦੱਸਣਾ । ਫਿਰ ਮੈਂ ਆਪੇ ਫੋਨ ਲਿਆ ਸੀ। ਮੇਰੀ ਨਨਾਣ,ਮੇਰੀ ਸੱਸ,ਸ਼ਿੰਦਾ ਸਭ ਬੋਲਦੇ ਸੀ ਕੇ ਤੂੰ ਐਵੇਂ ਬਦਨਾਮ ਕਰਦੀ ਆ, ਚੰਗਾ ਭਲਾ ਤਾਂ ਹੈ। ਫਿਰ ਮੈਂ ਕੀ ਕਰਦੀ ਦੱਸ। ਹੁਣ ਵੀ ਤੁਸੀਂ ਨਾ ਅਮਨ ਨੂੰ ਕਹਿੰਦੀਆ ਤਾਂ ਅੱਜ ਵੀ ਤੇਰੇ ਨਾਲ ਗੱਲ ਨਹੀਂ ਹੋਣੀ ਸੀ।

✪✪✪✪✪✪✪

# ਭਾਗ – 22

ਇਕ ਦੋ ਦਿਨ ਫੋਨ ਤੇ ਗੱਲ ਕਰਕੇ ਜੱਸੀ ਤੇ  ਹਰਪ੍ਰੀਤ ਨੇ ਆਪਣੇ ਦਿਲ ਦੇ ਦੁੱਖ ਸੁੱਖ ਇਕ ਦੂਜੇ ਨਾਲ ਫਰੋਲੇ।  ਕਿਉਂ ਕੇ ਦੋਨੋ ਜਾਣਦੀਆ ਸੀ ਗਲਤ ਦੋਨੋ ਹੀ ਨਹੀਂ ਸੀ, ਗਲਤ ਉਹ ਇਨਸਾਨ ਸੀ ਜਿਸ ਨਾਲ ਮਾੜੀ ਕਿਸਮਤ ਕਰਕੇ ਦੋਨੋ ਕਿਸੇ ਨਾ ਕਿਸੇ ਰਿਸ਼ਤੇ ਰਾਹੀ ਜੁੜ ਗਈਆਂ ਸੀ।ਇਕ ਨੇ ਰਿਸ਼ਤਾ ਜੋੜ ਕੇ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਖਰਾਬ ਕਰ ਲਏ,ਤੇ ਇਕ ਨੇ ਆਪਣੀ ਜ਼ਿੰਦਗੀ ਹੀ ਖਰਾਬ ਕਰ ਲਈ। ਜੱਸੀ ਬਾਰੇ ਤਾਂ ਹਰਪ੍ਰੀਤ ਸਭ ਜਾਣਦੀ ਸੀ,ਤਿੰਨ ਸਾਲ ਤੋਂ,ਕਿਉਂ ਕਿ ਹਰਜੋਤ ਜੋਂ ਵੀ ਗੱਲ ਕਰਦਾ ਸੀ ਜੱਸੀ ਨਾਲ,ਉਹ ਹਰਪ੍ਰੀਤ ਡੇਲੀ ਅੱਧੀ ਰਾਤ ਨੂੰ ਉੱਠ ਕੇ ਪੜ੍ਹ ਦੀ ਸੀ। ਹੁਣ ਜੱਸੀ  ਜਾਨਣਾ ਚਾਹੁੰਦੀ ਸੀ ਹਰਪ੍ਰੀਤ ਦੀ ਜ਼ਿੰਦਗੀ ਬਾਰੇ....!

ਜੱਸੀ :– ਤੁਸੀ ਫਿਰ ਆਪਣੀ ਪੜਾਈ ਕਿਉਂ ਵਿਚ ਹੀ ਛੱਡ ਦਿੱਤੀ ..?

ਹਰਪ੍ਰੀਤ :– ਦਸਵੀਂ ਕਲਾਸ ਵਿੱਚ ਪੜ੍ਹਦੀ ਸੀ ਜਦੋਂ ਇਹਦੇ ਨਾਲ ਮੰਗੀ ਗਈ,ਫਿਰ ਮੈਂ ਕੁਝ ਬਿਮਾਰ ਹੋ ਗਈ ਸੀ, ਹਰਜੋਤ ਦੀ ਫੈਮਿਲੀ ਨੇ ਕਿਹਾ ਸੀ ਅਸੀਂ ਆਪੇ ਪੜ੍ਹਾ ਲੈਣੀ ,ਤੁਸੀ ਫ਼ਿਕਰ ਨਾ ਕਰੋ ਕੁੜੀ ਦੀ। ਮੇਰੇ ਵਿਆਹ ਤੋਂ ਤਿੰਨ,ਚਾਰ ਮਹੀਨੇ ਬਾਅਦ ਹਰਜੋਤ ਸਾਈਪ੍ਰਸ ਚਲਾ ਗਿਆ,ਤੇ ਮੇਰਾ  ਸਕੂਲ ਵਿੱਚ ਦਾਖਲਾ ਕਰਾ ਦਿੱਤਾ ਗਿਆ।

ਜੱਸੀ :– ਅੱਛਾ ਜੀ...! ਫਿਰ ਤੁਸੀਂ ਸਕੂਲ ਜਾਂਦੇ ਸੀ ਰੋਜ ਹੀ ਵਿਆਹ ਤੋਂ ਬਾਅਦ...?

ਹਰਪ੍ਰੀਤ :– ਹੋਰ ਕੀ ਭੈਣੇ। ਰੋਜ ਹੀ ਜਾਂਦੀ ਸੀ।

ਜੱਸੀ :– ਸਕੂਲ ਦੀ ਵਰਦੀ ਵਿੱਚ ਜਾਂਦੇ ਸੀ...? ਮੇਕਅੱਪ ਕਰਕੇ ਜਾਂਦੇ ਸੀ..?

ਹਰਪ੍ਰੀਤ :– ਪਹਿਲੇ ਦਿਨ ਤਾਂ ਪੂਰਾ ਮੇਕਅੱਪ ਕਰਕੇ ਗਈ ਸੀ,ਸਾਰਾ ਸਕੂਲ ਮੇਰੇ ਵੱਲ ਦੇਖਦਾ ਸੀ,ਫਿਰ ਇਕ ਮੈਡਮ ਨੇ ਕਿਹਾ ਮੇਕਅੱਪ ਨਾ ਕਰਕੇ ਆਇਆ ਕਰੋ। ਫਿਰ ਮੈਂ ਦੂਜੇ ਦਿਨ ਸਿੰਪਲ ਜਹੀ ਗਈ,ਚੂੜਾ ਨੀ ਉਤਾਰਿਆ ਪਰ ਮੈਂ,ਫਿਰ ਦੂਜੇ ਦਿਨ

ਮੈਡਮ ਨੇ ਕਿਹਾ ਕਿ ਇਹ ਚੂੜਾ ਵੀ ਨੀ ਪਾਂ ਕੇ ਆਉਣਾ।

ਜੱਸੀ :– ਹਾਏ ਨਵਾ ਨਵਾ ਵਿਆਹ ਹੋਇਆ,ਚੂੜਾ ਵੀ ਨਹੀਂ ਪਾਇਆ ..?

ਹਰਪ੍ਰੀਤ :– ਹੋਰ ਕੀ ਯਾਰ,ਮੈਨੂੰ ਲਗਾ ਮੇਰਾ ਸੁਪਨਾ ਹੀ ਤੋੜ ਦਿੱਤਾ ਇਹਨਾਂ ਨੇ ਸਕੂਲ ਲਗਾ ਕੇ ਮੈਨੂੰ,ਭਲਾ ਮੈਂ ਦਸ ਪੜ੍ਹੀ ਵੀ ਠੀਕ ਹੀ ਸੀ,ਰੋਜ ਹੀ ਸਕੂਲ ਤੋਂ ਵਾਪਿਸ ਆ ਕੇ ਮੈਂ ਚੂੜਾ ਪਾਂ ਲੈਂਦੀ ਸੀ,ਤੇ ਸਵੇਰੇ ਜਾਣ ਲੱਗੀ ਉਤਾਰ ਦਿੰਦੀ ਸੀ। ਐਦਾ ਮੇਰੇ ਹੱਥ ਛਿੱਲ ਹੋ ਜਾਂਦੇ ਸੀ,ਚੂੜਾ ਛੋਟਾ ਸੀ,ਫਿਰ ਡੈਡੀ ਮੇਰੇ ਸਹੁਰੇ ਨੇ ਮੈਨੂੰ ਥੋੜਾ ਜਿਹਾ ਚੂੜਾ ਵੱਡਾ ਲਿਆ ਦਿੱਤਾ,ਕੇ ਕੁੜੀ ਰੋਜ ਪਾਉਂਦੀ ਐ ਤੇ ਰੋਜ ਹੀ ਉਤਾਰ ਦਿੰਦੀ ਆ,ਤੇ ਹੱਥ ਛਿੱਲ ਹੋਏ ਆ।

ਜੱਸੀ :– ਮਤਲਬ ਤੁਹਾਨੂੰ ਸਕੂਲ ਜਾਣਾ ਚੰਗਾ ਨੀ ਲਗਦਾ ਸੀ। ਮੇਕਅੱਪ ਤੇ ਚੂੜਾ ਛੁੱਟ ਗਿਆ ਸੀ ਕਰਕੇ...?

ਹਰਪ੍ਰੀਤ :– ਹਾਹਾਹਾਹਾਂ...! ਸਹੀ ਕਿਹਾ,ਮੈਂ ਇਹ ਵੀ ਹੁੰਦਾ ਸੀ ਕਿ ਜੇ ਮੈਂ ਘਰ ਹੁੰਦੀ ਤਾਂ ਮੈਂ ਹਰਜੋਤ ਨਾਲ ਸਾਰਾ ਦਿਨ ਗੱਲ ਕਰਿਆ ਕਰਨੀ ਸੀ,ਤੇ ਹੁਣ ਸਾਰਾ ਦਿਨ ਸਕੂਲ ਵਿੱਚ ਨਿਕਲ ਜਾਂਦਾ,ਆਉਂਦਿਆ ਹੀ ਸਕੂਲ ਦਾ ਕੰਮ ਫਿਰ ਮੰਮੀ ਨਾਲ ਵੀ ਕੰਮ ਕਰਾਉਂਦੀ ਸੀ। ਮੈਂ ਸਕੂਲ ਤੋਂ ਭੱਜ ਕੇ ਆ ਕੇ ਫਟਾਫਟ ਫੋਨ ਦੇਖਦੀ ਹੁੰਦੀ ਸੀ ਕਿ ਹਰਜੋਤ ਦਾ ਫੋਨ ਆਇਆ ਕਿ ਨਹੀਂ।

ਜੱਸੀ :– ਕਿੰਨਾ ਸੋਹਣੀ ਆ ਸਟੋਰੀ ਤੁਹਾਡੀ । ਪੜ੍ਹਾਈ ਵਿੱਚ ਦਿਲ ਕਿਵੇਂ ਲੱਗਦਾ ਸੀ ਜਦੋਂ ਗੱਲ ਕਰਨ ਦੀ ਤਾਂਘ ਹੀ ਦਿਲ ਚ ਰਹਿੰਦੀ ਸੀ ..?

ਹਰਪ੍ਰੀਤ :– ਮੇਰਾ ਸਕੂਲ ਵਿੱਚ ਦਿਲ ਵੀ ਨਹੀਂ ਲਗਦਾ ਸੀ,ਸ਼ਿੰਦਾ ਮੈਨੂੰ ਜਦੋਂ ਸਕੂਲ ਦੀ ਬੱਸ ਤੱਕ ਛੱਡਣ ਜਾਂਦਾ ਸੀ ਤਾਂ ਮੈਨੂੰ ਗੁੱਸਾ ਆ ਜਾਂਦਾ ਸੀ,ਕੇ ਮੈਂ ਨਹੀਂ ਜਾਣਾ, ਪਰ ਕੀ ਕਰਦੀ ਪੇਕੇ ਘਰ ਥੋੜੀ ਸੀ ਜੋਂ ਮਰਜੀ ਕਰਦੀ।

ਜੱਸੀ :– ਸ਼ਿੰਦਾ ਜਾਂਦਾ ਸੀ ਛੱਡਣ...? ਉਹੀ ਸ਼ਿੰਦਾ ਹੁਣ ਘਰ ਪੱਟ ਰਿਹਾ ਆ ਆਪਣੇ ਭਰਾ ਦਾ ਸਾਥ ਦੇ ਕੇ।

ਹਰਪ੍ਰੀਤ :– ਇਹੀ ਜਾਂਦਾ ਸੀ ਛੱਡਣ,ਪੂਰੀ ਨਜ਼ਰ ਰਖਦਾ ਸੀ ਕਿ ਇਹਨੂੰ ਕੋਈ ਕੁਝ ਕਹਿੰਦਾ ਤਾਂ ਨਹੀਂ। ਇਹ ਆਪ ਕਰਦੇ ਸੀ ਇਹੋ ਜਹੇ ਕੰਮ ਇਸ ਲਈ ਕਿਸੇ ਤੇ ਯਕੀਨ

ਨਹੀਂ ਕਰਦੇ ਸੀ ਦੋਨੋ ਭਾਈ।

ਜੱਸੀ :– ਬਸ ਜਿਹਨਾਂ ਨੇ ਆਪ ਯਕੀਨ ਤੋੜੇ ਹੋਣ,ਇਹ ਦੁੱਜਿਆ ਤੇ ਯਕੀਨ ਨਹੀਂ ਕਰਦੇ ਹੁੰਦੇ। ਹਰਜੋਤ ਪੁੱਛਦਾ ਹੁੰਦਾ ਸੀ ਸਕੂਲ ਦਾ ਕੇ ਨਹੀਂ..?

ਹਰਪ੍ਰੀਤ :– ਇਹ ਤਾਂ ਰੋਜ਼ ਹੀ ਪੁੱਛਦਾ ਹੁੰਦਾ ਸੀ,ਅੱਜ ਕਿ ਪੜਿਆ,ਕਿਵੇਂ ਦਾ ਰਿਹਾ ਅੱਜ ਦਿਨ ਸਕੂਲ ਵਿੱਚ, ਧਿਆਨ ਲਗਾ ਕੇ ਪੜਲਾ,ਮੈਂ ਵੀ ਕਹਿੰਦੀ ਹੁੰਦੀ ਸੀ ਸਾਰਾ ਧਿਆਨ ਤਾਂ ਤੁਹਾਡੇ ਵਿੱਚ ਰਹਿੰਦਾ,ਕਦੋਂ ਘਰ ਜਾਊਗੀ ਕਦੋ ਜਾ ਕੇ ਗੱਲ ਕਰੂੰਗੀ,ਤੁਸੀ ਹੀ ਫੇਲ ਕਰਾਉਣਾ ਮੈਨੂੰ ਮੈਂ ਪਹਿਲਾ ਹੀ ਦੱਸ ਦਵਾ। ਤਾਂ ਹਰਜੋਤ ਨੇ ਕਹਿਣਾ ਪੜ੍ਹ ਲਵੀ ਪਾਸ ਹੋ ਜਾਵੀ ਨਹੀਂ ਮੇਰੀ ਪਿੰਡ ਵਿਚ ਥੂ ਥੂ ਹੋ ਜਾਣੀ ਕੇ ਹਰਜੋਤ ਦੀ ਵਹੁਟੀ ਫੇਲ ਹੋ ਗਈ।

ਜੱਸੀ :– ਜਿਹੜੀ ਆਪ ਥੂ ਥੂ ਕਰਵਾਈ ਆਪਣੇ ਘਰ ਵਾਲਿਆ ਦੀ,ਆਪਣੀ ਘਰਵਾਲੀ ਦੀ,ਓਹਦਾ ਕੀ..?

ਹਰਪ੍ਰੀਤ :– ਅਸੀਂ ਕੁਝ ਕਰੀਏ ਤਾਂ ਪਾਪ ਆ,ਇਹ ਦੋਨੋ ਭਾਈ ਕਰਨ ਤਾਂ ਪਿਆਰ ਆ। ਇਹ ਵਿਗੜਿਆ ਸੀ ਪਹਿਲਾ ਵੀ,ਮੇਰੇ ਵਿਆਹ ਨੂੰ ਸਾਲ ਕੇ ਹੋਇਆ ਸੀ,ਇਹ ਬਾਹਰੋ ਆ ਗਿਆ ਸੀ,ਫਿਰ ਸ਼ਿੰਦਾ ਬੀਮਾਰ ਹੋ ਗਿਆ ਸੀ,ਹਸਪਤਾਲ ਲੈਕੇ ਗਏ ਸੀ ਸ਼ਿੰਦੇ ਨੂੰ,ਓਥੇ ਇਕ ਕੁੜੀ ਹੁੰਦੀ ਸੀ ਨਰਸ ਪ੍ਰੀਤ ਨਾਮ ਦੀ । ਉਹਨੇ ਸ਼ਿੰਦੇ ਨੂੰ ਕਿਹਾ ਤੇਰਾ ਭਾਈ ਬਹੁਤ ਸੋਹਣਾ ਆ,ਮੇਰੀ ਗੱਲ ਕਰਵਾ ਦੇ ਓਹਦੇ ਨਾਲ। ਸ਼ਿੰਦੇ ਨੇ ਕਰਾ ਦਿੱਤੀ,ਇਹਨੇ ਇਹ ਨਹੀਂ ਸੋਚਿਆ ਮੇਰੀ ਭਾਬੀ ਆ ਘਰ,ਇਕ ਵਾਰ ਵੀ ਮੇਰਾ ਖਿਆਲ ਨਹੀਂ ਆਇਆ ਇਹਨੂੰ।

ਜੱਸੀ :– ਹਾਏ ਆਹ ਪ੍ਰੀਤ ਵਿਆਹ ਤੋਂ ਬਾਅਦ ਦੀ ਸੀ,ਮੈਨੂੰ ਤਾਂ ਇਹਨੇ ਕਿਹਾ ਸੀ ਸਾਡੀ ਜਾਤ ਅਲਗ ਸੀ ਇਸ ਲਈ ਪ੍ਰੀਤ ਦੇ ਘਰਦੇ ਨਹੀਂ ਮੰਨੇ । ਸਾਡਾ ਵਿਆਹ ਤਾਂ ਨਹੀਂ ਹੋਇਆ। ਐਨਾ ਝੂਠਾ।

ਹਰਪ੍ਰੀਤ :– ਘਰਦੇ ਤਾਂ ਮੰਨਦੇ ਜੇ ਇਹ ਕੁਵਾਰਾ ਹੁੰਦਾ,ਅਗਲੇ ਹੁਣ ਵਿਆਹੇ ਨਾਲ ਥੋੜਾ ਕੁੜੀ ਵਿਆਹ ਦਿੰਦੇ। ਇਹ ਸਭ ਨੂੰ ਇਹੀ ਕਹਿੰਦਾ ਕੇ ਉਹਦੇ ਘਰਦੇ ਨਹੀਂ ਮੰਨੇ। ਉਹਨੂੰ ਸੱਚ ਨਹੀਂ ਪਤਾ ਸੀ ਕਿ ਇਹ ਵਿਆਹਿਆ ਆ,ਉਹ ਪ੍ਰੀਤ ਕੁੜੀ ਸਾਡੇ ਨਾਲ ਦੇ ਪਿੰਡ ਦੀ ਸੀ,ਇਹ ਮੇਰੇ ਨਾਲੋ ਇਕ ਕਲਾਸ ਅੱਗੇ ਪੜ੍ਹਦੀ ਹੁੰਦੀ ਸੀ। ਮੈਨੂੰ ਜਾਣਦੀ ਸੀ,

ਓਦਾ,ਪਰ ਮੈਨੂੰ ਇਹ ਨਹੀਂ ਪਤਾ ਸੀ ਕਿ ਇਹਨਾਂ ਦਾ ਚੱਕਰ ਚੱਲਦਾ । ਉਹ ਤਾਂ ਵਿਚਾਰੀ ਤੇਰੇ ਵਾਂਗ ਵਿਆਹ ਦਾ ਸੋਚਦੀ ਬੈਠੀ ਸੀ ਇਹਨੂੰ ਪੈਸੇ ਤੱਕ ਖਵਾਉਂਦੀ ਰਹੀ।

ਜੱਸੀ :– ਹਾਏ ਰੱਬਾ...! ਓਹਦੇ ਕੋਲੋ ਵੀ ਪੈਸੇ ਲਏ ਸੀ ।

ਹਰਜੋਤ :– ਮਤਲਬ ਤੂੰ ਵੀ ਖਵਾਏ ਆ...ਹਾਹਾਹਾਹਾਂ..! ਇਹ ਲਭਦਾ ਹੀ ਪੈਸੇ ਵਾਲੀਆ ਆ,ਇਹ ਤਾਂ ਕੰਜੂਸ ਬੜਾ ਆ। ਪ੍ਰੀਤ ਤਾਂ ਲੱਖ ਤੱਕ ਬਰਬਾਦ ਕਰ ਗਈ ਇਹਦੇ ਤੇ। ਉਹ ਤੇ ਆਪਣਾ ਆਪ ਤੱਕ ਸੌਂਪ ਗਈ ਇਹਨੂੰ ।ਉਹਨੂੰ ਤਾਂ ਇਹ ਰੂਮ ਚ ਮਿਲਿਆ ਸੀ,ਤੂੰ ਤਾਂ ਬੱਚ ਗਈ ਭੈਣੇ। ਐਨਾ ਵੀ ਸ਼ਰੀਫ਼ ਨੀ ਮੇਰਾ ਬੰਦਾ। ਪਤਾ ਨਹੀਂ ਕਿੰਨੇ ਲੁੱਚੇ ਮਰੇ ਹੋਣੇ,ਫਿਰ ਇਹ ਜੰਮਿਆ ਹੋਣਾ। ਤੂੰ ਦੱਸ ਕਿੰਨੇ ਪੈਸੇ ਦਿੱਤੇ ਸੀ ਇਹਨੂੰ।

ਜੱਸੀ :– ਹਾਏ....ਭੈਣੇ ਸੁੰਨ ਹੋ ਗਈ ਮੈਂ ਤਾਂ ਇਹ ਸਭ ਸੁਣ ਕੇ । ਮੈਂ ਤਾਂ ਸਤਾਰਾ ਹਜਾਰ ਹੀ ਦਿੱਤਾ ਸੀ,ਜਿਸ ਵਿਚੋਂ ਦਸ ਹਜਾਰ ਇਹਨੇ ਮੈਨੂੰ ਮੋੜ ਦਿੱਤਾ ਸੀ।

ਹਰਜੋਤ :– ਚੱਲ ਸੱਤ ਹਜਾਰ ਦਾਨ ਸਮਝਲਾ ਹੁਣ। ਪ੍ਰੀਤ ਵੀ ਬਥੇਰਾ ਦਾਨ ਕਰ ਗਈ ਇਹਨੂੰ,ਜਦੋਂ ਓਹਨੂੰ ਪਤਾ ਲਗਾ ਕੇ ਇਹ ਵਿਆਹਿਆ ਆ,ਓਹਨੇ ਬਹੁਤ ਸੇਵਾ ਦਿੱਤੀ ਇਹਨਾਂ ਦੀ।

ਜੱਸੀ :– ਪੈਸੇ ਛੱਡ ਲਵੇ। ਇਹ ਦਸੋ ਮੈਨੂੰ ਕਿੰਨੀਆ ਕੇ ਬਦ ਦੁਆਵਾ ਦਿੰਦੇ ਸੀ ਤੁਸੀ ।

ਹਰਪ੍ਰੀਤ :– ਬਦ ਦੁਆਵਾ ਕਿਉਂ ਦੇਣੀਆ। ਜਦੋਂ ਮੈਨੂੰ ਸਭ ਸੱਚ ਪਤਾ ਸੀ,ਤੈਨੂੰ ਨਹੀਂ ਪਤਾ ਸੀ ਤੇਰੇ ਨਾਲ ਕੀ ਹੋ ਰਿਹਾ ਆ,ਮੈਨੂੰ ਤਾਂ ਪਤਾ ਸੀ ਕਿ ਇਹ ਤੇਰੇ ਤੇ ਮੇਰੇ ਨਾਲ ਕੀ ਕਰ ਰਿਹਾ ਆ ।

✪✪✪✪✪✪✪

# ਭਾਗ – 23

ਜੱਸੀ :– ਮੈਨੂੰ ਖੁਦ ਨਾਲ ਨਫ਼ਰਤ ਹੋ ਗਈ ਆ,ਪਿਆਰ ਤਾਂ ਹੁਣ ਕਿਸੇ ਨਾਲ ਵੀ ਨਹੀਂ ਰਿਹਾ। ਯਕੀਨ ਉੱਠ ਗਿਆ ਮਰਦ ਜਾਤ ਤੋਂ।

ਹਰਪ੍ਰੀਤ :– ਮੈਨੂੰ ਨਫ਼ਰਤ ਵੀ ਨਹੀਂ ਹੋ ਰਹੀ ਇਹਦੇ ਨਾਲ,ਮੈਂਨੂੰ ਫਿਰ ਆਪਣੀਆ ਗੱਲਾਂ ਵਿਚ ਫਸਾ ਲੈਂਦਾ ਆ। ਮੇਰਾ ਪਿਆਰ ਨਹੀਂ ਘੱਟਦਾ ਇਹਦੇ ਲਈ।

ਜੱਸੀ :– ਚਲੋ ਕੋਈ ਨਾ,ਸੁਧਰ ਜਾਊਗਾ ਇਕ ਦਿਨ। ਤੁਸੀ ਕੋਈ ਵੀ ਗੱਲ ਨਾ ਕਰਿਓ ਹਰਜੋਤ ਨਾਲ ਅਜੇ,ਕੇ ਆਪਣੀ ਗੱਲ ਹੋਈ ਆ,ਜਾ ਮੈਨੂੰ ਸਭ ਕੁਝ ਸੱਚ ਪਤਾ ਲੱਗ ਗਿਆ ਆ। ਮੈਂ ਗੱਲ ਕਰਨੀ ਆ ਇਹਦੇ ਨਾਲ ਅਜੇ।

ਹਰਪ੍ਰੀਤ :– ਓਕੇ ਠੀਕ ਆ।

ਜੱਸੀ :– ਅੱਛਾ ਮੇਰੀ ਇਕ ਗੱਲ ਸੁਣੋ,ਮੈਂ ਇਹਦੇ ਨਾਲ ਕਿੰਨੀ ਵਾਰ ਵੀਡਿਓ ਕਾਲ ਤੇ ਗੱਲ ਕੀਤੀ, ਪਰ ਕਿਤੇ ਵੀ ਘਰ ਵਿਚ ਤੁਹਾਡੇ ਵਿਆਹ ਦੀ ਜਾ ਤੁਹਾਡੇ ਦੋਵਾਂ ਦੀ ਕੋਈ ਫੋਟੋ ਨਹੀਂ ਦੇਖੀ ਮੈਂ।

ਹਰਪ੍ਰੀਤ :– ਤੂੰ ਇਹਨੇ ਐਵੇਂ ਸਮਝਦੀ ਆ,ਬਹੁਤ ਪਹੁੰਚੀ ਹੋਈ ਚੀਜ਼ ਆ,ਇਹਨੇ ਤੈਨੂੰ ਚੁਬਾਰੇ ਤੇ ਜਾਂ ਕੇ ਵੀਡਿਓ ਕਾਲ ਨਹੀਂ ਕੀਤੀ ਹੋਣੀ ਕਦੇ। ਸਾਡੇ ਚੁਬਾਰੇ ਵਾਲੇ ਰੂਮ ਵਿਚ ਸਾਡੇ ਵਿਆਹ ਦੀਆ ਫੋਟੋਆ,ਮੇਰੇ ਬੇਟੇ ਦੀਆ ਫੋਟੋਆ ਲੱਗੀਆ ਆ।

ਜੱਸੀ :– ਹਾਏ ਰੱਬਾ...! ਇਹਨੇ ਮੈਨੂੰ ਸਾਰਾ ਘਰ ਦਿਖਾਇਆ,ਕਹਿੰਦਾ ਡਬਲ ਸਟੋਰੀ ਘਰ ਨੀ ਆ ਸਾਡਾ,ਅਜੇ ਬਣਾਉਣਾ ਆ। ਫੋਟੋਆ ਆਪਣੀਆਂ,ਸ਼ਿੰਦੇ ਤੇ ਅਮਨ ਦੀਆ ਦਿਖਾਈਆਂ।

ਹਰਪ੍ਰੀਤ :– ਸੌ ਝੂਠੇ ਮਰੇ ਹੋਣੇ,ਫਿਰ ਇਹ ਜੰਮਿਆ ਹੋਣਾ ,ਏਨਾ ਝੂਠਾ।

ਜੱਸੀ :– ਚਲੋ ਠੀਕ ਆ, ਕੱਢ ਦੇ ਆ ਇਹਦਾ ਝੂਠ ਵੀ।

ਜੱਸੀ ਨੇ ਕਾਫੀ ਦਿਨ ਤਕ ਹਰਜੋਤ ਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਕਿ ਉਹ ਸਭ ਕੁਝ ਜਾਣਦੀ ਆ ਉਹਦੀਆ ਹਰਕਤਾਂ ਬਾਰੇ । ਜੱਸੀ ਤੇ ਬਾਣੀ ਸਭ ਕੁਝ ਜਾਣਕੇ ਵੀ ਚੁੱਪ ਸੀ, ਹਰਜੋਤ ਨੂੰ ਮਿਲ ਕੇ ਸਭ ਗੱਲਾਂ ਦੇ ਜਵਾਬ ਲੈਣੇ ਸੀ ਦੋਵਾਂ ਨੇ । ਜੱਸੀ ਪਹਿਲਾ ਵਾਂਗ ਹੀ ਗੱਲ ਕਰਦੀ ਸੀ...!

ਜੱਸੀ :– ਤੁਸੀ ਕਿੱਥੇ ਬੀਜੀ ਰਹਿੰਦੇ ਹੋ ਅੱਜਕਲ੍ਹ,ਮੈਨੂੰ ਤਾਂ ਭੁੱਲਦੇ ਹੀ ਜਾਂਦੇ ਹੋ ਹੁਣ...?

ਹਰਜੋਤ :– ਸਾਹ ਲੈਣੇ ਕਿਵੇ ਭੁੱਲ ਸਕਦਾ ਕੋਈ ਕਮਲੀਏ। ਬਸ ਘਰ ਚ ਹੀ ਬੀਜੀ ਸੀ ਥੋੜਾ।

ਜੱਸੀ :– ਤੁਸੀ ਆਪਣੇ ਵਿਆਹ ਦੀ ਗੱਲ ਕਦੋਂ ਕਰਨੀ ਘਰੇ...? ਮੇਰੇ ਕੋਲੋ ਰਿਸ਼ਤੇ ਨਹੀ ਮੋੜੇ ਜਾਂਦੇ ਹੁਣ ਐਨੇ।

ਹਰਜੋਤ :– ਚੱਲ ਅੱਜ ਹੀ ਕਰਦਾ ਗੱਲ।

ਜੱਸੀ :– ਅੱਜ ਜੇ ਗੱਲ ਨਾ ਕੀਤੀ ਘਰੇ,ਫਿਰ ਮੈਂ ਕਰਾ ਲੈਣਾ ਜਿੱਥੇ ਘਰਦੇ ਕਰਨਗੇ।

ਹਰਜੋਤ :– ਕਰਾ ਕੇ ਦੇਖ,ਤੈਨੂੰ ਜਾਨੋ ਨਾ ਮਾਰਿਆ ਫਿਰ ਕਹੀ।

ਜੱਸੀ :– ਅੱਛਾ ਨਹੀਂ ਕਰਾਉਂਦੀ,ਤੁਸੀ ਅੱਜ ਹੀ ਗੱਲ ਕਰੋ ਘਰੇ,ਨਹੀਂ ਮੈਂ ਸੱਚੀ ਕਦੇ ਗੱਲ ਨਹੀਂ ਕਰਨੀ,ਤੁਸੀ ਲਾਰੇ ਲਗਾ ਰਹੇ ਹੋ ਮੈਨੂੰ।

ਹਰਜੋਤ :– ਅੱਛਾ ,ਲਾਰੇ ਲਗਦੇ ਤੈਨੂੰ ਪਾਗ਼ਲ ਆ ਮੈਂ ਹਨਾਂ ਜੋਂ ਐਨੇ ਸਾਲਾਂ  ਤੋਂ ਗੱਲ ਕਰ ਰਿਹਾ ਆ,ਦਿਨ ਰਾਤ ਮੈਸੇਜ ਕਰਦਾ ।

ਜੱਸੀ  :– ਠੀਕ ਆ,ਕਰੋ ਫਿਰ ਗੱਲ ਘਰੇ।

ਜੱਸੀ ਖੁਦ ਤੇ ਕਾਬੂ ਕਰ ਰਹੀ ਸੀ ਪਤਾ ਨਹੀਂ ਕਿੱਥੋਂ ਹਿੰਮਤ ਲਿਆ ਰਹੀ ਸੀ ਐਨੀ, ਸਭ ਝੂਠ ਉਹਦੇ ਸਾਹਮਣੇ ਸੱਚ ਬਣ ਕੇ ਪਿਆ ਸੀ, ਪਰ ਫਿਰ ਵੀ ਉਹ ਹਰਜੋਤ ਨਾਲ  ਕਿਵੇਂ ਗੱਲ ਕਰ ਰਹੀ ਸੀ। ਜੱਸੀ ਨੇ ਸਭ ਤੋਂ ਪਹਿਲਾ ਦੀਪ ਨੂੰ ਫੋਨ ਕਰਕੇ ਪੁੱਛੀ ਸਾਰੀ ਗੱਲ,ਕਿਉਂ ਕੇ ਜੱਸੀ ਜਾਣਦੀ ਸੀ ਹਰਜੋਤ ਨੇ ਬਲੋਕ ਕੀਤਾ ਹੋਇਆ ਆ ਦੀਪ ਨੂੰ,ਤੇ ਦੀਪ ਹੁਣ ਕਿਸੇ ਨਾਲ ਵੀ ਗੱਲ ਨਹੀਂ ਕਰਦਾ ਸੀ। ਜੱਸੀ ਨੇ ਦੀਪ ਨੂੰ ਫੋਨ

ਲਗਾਇਆ ...!

ਜੱਸੀ :– ਕਿਵੇਂ ਆ ਦੀਪ...?

ਦੀਪ :– ਹਾਂ ਵਧੀਆ ਜੱਸੀ ਮੈਂ,ਤੂੰ ਸੁਣਾ ਕਿੱਦਾ,ਅੱਜ ਕਿਵੇ ਯਾਦ ਆ ਗਈ ਮੇਰੀ ਐਨੇ ਦਿਨਾਂ ਬਾਅਦ...?

ਜੱਸੀ :– ਤੂੰ ਭੁੱਲ ਗਿਆ ਸੀ ਮੈਨੂੰ,ਸੋਚਿਆ ਯਾਦ ਦਵਾ ਦਿਆ ਆਪਣੀ।

ਦੀਪ :– ਅੱਛਾ ਹੀ, ਚੱਲ ਵਧੀਆ ਕੀਤਾ।

ਜੱਸੀ :– ਹਮਮਮ ... ਮੈਨੂੰ ਯਾਦ ਆ ਤੂੰ ਕਿਹਾ ਸੀ ਆਪਣਾ ਸਭ ਦਾ ਐਨਾ ਪਿਆਰ ਪੈ ਗਿਆ ਆ, ਕਦੇ ਆਪਾ ਅਲੱਗ ਹੋ ਗਏ ਕਿਵੇ ਰਹਾਂਗੇ,ਮੈਂ ਸੋਚਿਆ ਅਲੱਗ ਹੋਣਾ ਹੀ ਕਿਉਂ।

ਦੀਪ :– ਅੱਛਾ ! ਤੈਨੂੰ ਯਾਦ ਆ ਸਭ।

ਜੱਸੀ :– ਹਾਂ ਦੋਸਤੀ ਆ ਦਿਲੋ ਰੱਖੀ ਆ,ਸਭ ਗੱਲਾਂ ਯਾਦ ਰਹਿੰਦੀਆ,ਕਿਸ ਦੋਸਤ ਨੂੰ ਕਿਸ ਗੱਲ ਨਾਲ ਦੁੱਖ ਹੁੰਦਾ,ਕਿੱਦਾ ਖੁਸ਼ ਹੁੰਦਾ ਸਭ ਯਾਦ ਆ।

ਦੀਪ :– ਕਿੰਨੀ ਚੰਗੀ ਆ ਜੱਸੀ ਤੂੰ । ਕਿੰਨਾ ਖਿਆਲ ਰੱਖਦੀ ਸਭ ਦਾ। ਸੱਚੀ ਤੇਰੀ ਦਿਲੋ ਕਦਰ ਕਰਦਾ ਮੈਂ।

ਜੱਸੀ :– ਜੇ ਐਨੀ ਚੰਗੀ ਸੀ ਮੈਂ ਦੀਪ,ਫਿਰ ਮੇਰੇ ਨਾਲ ਐਨੀ ਮਾੜੀ ਕਿਉਂ ਕੀਤੀ ਤੂੰ.?

ਦੀਪ :– ਮੈ....ਮਾੜੀ ਕੀਤੀ, ਕੀ ਮਾੜੀ ਕੀਤੀ ਜੱਸੀ ਮੈਂ...?

ਜੱਸੀ :– ਤਿੰਨ ਸਾਲ ਬੀਤ ਗਏ,ਤੂੰ ਇੱਕ ਵਾਰ ਵੀ ਦੱਸਣਾ ਜਰੂਰੀ ਨਹੀਂ ਸਮਝਿਆ ਕੇ ਹਰਜੋਤ ਵਿਆਹਿਆ ਆ...? ਦੱਸ ਇਹ ਸੀ ਤੇਰੀ ਦੋਸਤੀ ,ਤੂੰ ਕਿਹਾ ਸੀ ਤੂੰ ਬਹੁਤ ਚੰਗੀ ਆ,ਮੈਂ ਤੇਰੀ ਦੋਸਤੀ ਖੋਣਾ ਨਹੀਂ ਚਾਹੁੰਦਾ। ਇਹਨੂੰ ਦੋਸਤੀ ਕਹਿੰਦੇ ਆ ਦੀਪ ਕੇ ਦੋਸਤ ਦੀ ਜ਼ਿੰਦਗੀ ਖਰਾਬ ਕਰਨ ਵਾਲੇ ਦਾ ਸਾਥ ਦਈ ਜਾਓ ਤੇ ਦੋਸਤ ਨੂੰ ਦਸੋ ਵੀ ਨਾ।

ਚੀਖ ਚੀਖ ਰੋ ਰਹੀ ਜੱਸੀ ਦੀਆ ਅਵਾਜ਼ਾ ਦੀਪ ਨੂੰ ਸ਼ਰਮਿੰਦਾ ਕਰ ਰਹੀਆ ਸੀ। ਉੱਚੀ ਉੱਚੀ ਰੋ ਰਹੀ ਜੱਸੀ ਆਪਣੇ ਨਾਲ ਹੋਈ ਨਾਇਨਸਾਫੀ ਦੀ ਵਜ੍ਹਾ ਪੁੱਛ ਰਹੀ ਸੀ।

ਦੀਪ :– ਹਰਜੋਤ ਵਿਆਹਿਆ ਆ...? ਮੈਨੂੰ ਵੀ ਨਹੀਂ ਪਤਾ। ਤੂੰ ਚੁੱਪ ਕਰਜਾ ਪਲੀਜ, ਚੁੱਪ ਹੋ ਕੇ ਗੱਲ ਕਰ ।

ਜੱਸੀ :– ਝੂਠ ਨਾ ਬੋਲ ਦੀਪ ਸਭ ਪਤਾ ਆ ਮੈਨੂੰ,ਹੁਣ ਇਹ ਮਖੌਟੇ ਉਤਾਂਰ ਦੇ ਦੋਸਤੀ ਵਾਲੇ। ਮੇਰੇ ਕੋਲੋ ਚੁੱਪ ਨੀ ਹੋਇਆ ਜਾਣਾ,ਮੇਰਾ ਅੰਦਰ ਚੀਖ ਰਿਹਾ ਆ,ਮੈਨੂੰ ਵਾਰ ਵਾਰ ਪੁੱਛ ਰਿਹਾ ਮੇਰਾ ਦਿਲ ਤੂੰ ਬੇਗਾਨਿਆ ਤੇ ਯਕੀਨ ਕੀਤਾ ,ਮੈਨੂੰ ਟੁੱਟਣ ਲਈ ਮਜਬੂਰ ਕੀਤਾ। ਦੱਸ ਦੀਪ ਕਿਉਂ ਕੀਤਾ ਮੇਰੇ ਨਾਲ ਐਦਾ,ਤੂੰ ਸੱਚ ਕਿਉਂ ਨੀ ਦੱਸਿਆ ਮੈਨੂੰ...?

ਦੀਪ :– ਮੈਨੂੰ ਸੱਚ ਨਹੀਂ ਪਤਾ ,ਬਸ ਮੈਨੂੰ ਸ਼ੱਕ ਸੀ,ਇਸ ਲਈ ਮੈਂ ਹਰਜੋਤ ਨਾਲ ਲੜਾਈ ਕੀਤੀ ਸੀ ਕਿ ਜੱਸੀ ਨੂੰ ਧੋਖਾ ਨਾ ਦੇ,ਤਾਂ ਓਹਨੇ ਮੈਨੂੰ ਬਲੋਕ ਕਰ ਦਿੱਤਾ ਸੀ। ਨਾਲੇ ਤੂੰ ਮੇਰੇ ਤੇ ਯਕੀਨ ਨਹੀਂ ਕਰਨਾ ਸੀ ਮੇਰੇ ਦੱਸਣ ਦਾ ਕੋਈ ਫਾਇਦਾ ਨਹੀਂ ਹੋਣਾ ਸੀ,ਤੂੰ ਹਰਜੋਤ ਦੇ ਪਿਆਰ ਵਿਚ ਐਨੀ ਫਸੀ ਹੋਈ ਸੀ ਮੈਂ ਚੁੱਪ ਰਹਿਣ ਸਮਝਿਆ,ਮੈਂ ਬਾਣੀ ਨੂੰ ਵੀ ਕਿਹਾ ਸੀ ਕੇ ਇਹਨਾਂ ਦਾ ਵਿਆਹ ਨਹੀਂ ਹੋਣਾ ਕਦੇ ਵੀ,ਤਾਂ ਬਾਣੀ ਨੇ ਕਿਹਾ ਸੀ ਤੇਰੇ ਸਾਹਮਣੇ ਹੋਣਾ ਦੇਖੀ,ਫਿਰ ਤੂੰ ਕਿੱਥੇ ਸਮਝਣੀ ਸੀ ਮੇਰੀ ਗੱਲ ਜਦੋਂ ਉਹ ਨਹੀਂ ਸਮਝੀ।

ਜੱਸੀ :– ਤੈਨੂੰ ਪਤਾ ਹਨਾਂ ਮੈਂ ਹਰਜੋਤ ਤੇ ਸ਼ਿੰਦੇ ਨਾਲੋ ਵੀ ਜਿਆਦਾ ਯਕੀਨ ਤੇਰੇ ਤੇ ਕਰਦੀ ਸੀ। ਮੈਨੂੰ ਕਦੇ ਕੋਈ ਵੀ ਸਮਝ ਨਾ ਆਉਣੀ ਤਾਂ ਮੈਂ ਤੇਰੇ ਕੋਲੋ ਹੀ ਸਲਾਹ ਲੈਂਦੀ ਸੀ। ਜਦੋਂ ਮੈਂ ਕਿਸੇ ਬਿਗਾਨੇ ਤੇ ਯਕੀਨ ਕਰ ਸਕਦੀ ਆ,ਫਿਰ ਤੇਰੇ ਤੇ ਕਿਉਂ ਨਹੀਂ ਕਰਨਾ ਸੀ,ਇਕ ਵਾਰ ਬੋਲਦਾ ਤਾਂ ਸਹੀ,ਤਿੰਨ ਸਾਲ ਦੀ ਦੋਸਤੀ ਤੇ ਤਿੰਨ ਸਾਲ ਦੇ ਪਿਆਰ ਵਿਚ ਕਿੱਥੇ ਕਮੀ ਰਹਿ ਗਈ ਜੋ ਦੋਨੋ ਧੋਖਾ ਦੇ ਗਏ। ਪਿਆਰ ਨਾਲੋਂ ਵੀ ਜਿਆਦਾ ਮੈਨੂੰ ਤੇਰੀ ਦੋਸਤੀ ਨੇ ਤੋੜਿਆ ਦੀਪ। ਤੂੰ ਕਹਿੰਦਾ ਆ ਚੁੱਪ ਹੋਜਾ,ਕਿੱਦਾ

ਹੋਵਾ ਚੁੱਪ ਮੇਰੇ ਜ਼ਿੰਦਗੀ ਦੇ ਤਿੰਨ ਸਾਲ ਬਰਬਾਦ ਕੀਤੇ ਝੂਠੇ ਯਕੀਨ ਵਿਚ ਲੈਕੇ ਤੁਸੀ ।

ਦੀਪ :– ਮੈਨੂੰ ਮਾਫ਼ ਕਰ ਦੇ ਜੱਸੀ,ਪਲੀਜ,ਰੋਣਾ ਬੰਦ ਕਰ,ਤੈਨੂੰ ਪਤਾ ਮੈਂ ਤੈਨੂੰ ਰੋਂਦਿਆ ਨਹੀਂ ਦੇਖ ਸਕਦਾ,ਤੂੰ ਮੇਰੇ ਲਈ ਬਹੁਤ ਖਾਸ ਦੋਸਤ ਆ। ਮੇਰੀ ਗਲਤੀ ਆ ਮੈਂ ਤੇਰੇ ਤੋ ਲਕੋ ਰੱਖਿਆ, ਪਰ ਮੈਨੂੰ ਸਚੀ ਲਗਦਾ ਸੀ ਹਰਜੋਤ ਨੇ ਪਿੱਛੇ ਹੋ ਜਾਣਾ ਜਲਦੀ,ਸੱਚੀ ਮੈਨੂੰ ਨਹੀਂ ਪਤਾ ਸੀ ਏਨੇ ਸਾਲ ਖੇਡ ਖੇਡੇਗਾ।

ਜੱਸੀ :– ਸਭ ਖੇਡ ਹੀ ਖੇਡ ਦੇ ਰਹੇ,ਮੈਂ ਕੋਈ ਗੇਮ ਸੀ ਦੀਪ। ਮੈਂ ਵੀ ਇਨਸਾਨ ਸੀ, ਮੇਰੇ ਸੀਨੇ ਵਿਚ ਵੀ ਦਿਲ ਸੀ, ਓਹਨੂੰ ਵੀ ਦਰਦ ਹੋਣਾ ਸੀ,ਮੇਰਾ ਦਿਲ ਉੱਚੀ ਉੱਚੀ ਰੋਣੇ ਨੂੰ ਕਰਦਾ ਕਿੱਥੇ ਜਾ ਕੇ ਰੋਵਾ ਕੀਹਦੇ ਕੋਲ ਜਾ ਕੇ ਰੋਵਾ,ਤੂੰ ਥਾਂ ਦੱਸ ਦੇ । ਮੇਰਾ ਦਿਲ ਤੈਨੂੰ ਬਦ ਦੁਆ ਵੀ ਨਹੀਂ ਦੇ ਸਕਦਾ,ਮੇਰਾ ਦਿਲ ਹੀ ਐਦਾ ਦਾ ਆ। ਤਾਹੀ ਤੁਸੀ ਤੋੜ ਦਿੱਤਾ ਸਭ ਨੇ।

✪✪✪✪✪✪✪

# ਭਾਗ – 24

ਜੱਸੀ ਦੇ ਦੁੱਖ ਦੀਆਂ ਹੱਦਾਂ ਟੱਪੀਆਂ ਹੋਈਆਂ ਸੀ,ਜਿਸ ਪੀੜ ਵਿਚੋ ਇਹ ਲੰਘ ਰਹੀ ਸੀ,ਸਿਰਫ ਉਹੀ ਜਾਣਦੀ ਸੀ ਉਸ ਪੀੜ ਨੂੰ,ਬਾਕੀ ਸਭ ਚਲ ਕੋਈ ਨਾ ਕਹਿ ਕੇ ਦਿਲਾਸੇ ਦੇ ਰਹੇ ਸੀ। ਇਕ ਬਾਣੀ ਦੀ ਉਸ ਨਾਲ ਜੋ ਸਾਂਭ ਰਹੀ ਸੀ ਉਸ ਨੂੰ। ਕਦੇ ਕਦੇ ਬਾਣੀ ਖੁਦ ਨੂੰ ਕੋਸਦੀ ,ਤੇ ਖੁਦ ਨੂੰ ਹੀ ਜੱਸੀ ਦੇ ਹੰਝੂਆਂ ਦੀ ਗੁਨੇਗਾਰ ਸਮਝਦੀ। ਬਾਣੀ ਖੁਦ ਨੂੰ ਹੀ ਬਦ ਦੁਆਵਾ ਦਿੰਦੀ ਕੇ ਬਾਣੀ ਰੱਬ ਤੈਨੂੰ ਕਦੇ ਮਾਫ਼ ਨਹੀਂ ਕਰੇਗਾ, ਜੱਸੀ ਦੀ ਇਸ ਹਾਲਤ ਦੀ ਤੂੰ ਹੀ ਜਿੰਮੇਵਾਰ  ਹੈ। ਤੇਰੇ ਹੀ ਕਹਿਣ ਤੇ ਜੱਸੀ ਨੇ ਹਰਜੋਤ ਨਾਲ ਗੱਲ ਕਰਨੀ ਸ਼ੁਰੂ ਕੀਤੀ। ਬਾਣੀ ਦਾ ਦਿਲ ਸਭ ਨੂੰ ਸਾਹਮਣੇ ਬਿਠਾ ਕੇ ਕੁੱਤੇਖਾਣੀ ਕਰਨ ਨੂੰ ਕਰ ਰਿਹਾ ਸੀ, ਪਰ ਉਹ ਇਹ ਮੌਕਾ ਜੱਸੀ ਨੂੰ ਹੀ ਦੇਣਾ ਚਾਹੁੰਦੀ ਸੀ। ਪਰ ਫਿਰ ਵੀ ਬਾਣੀ ਨੇ ਦੀਪ ਤੇ ਸ਼ਿੰਦੇ ਦੀ ਦਿਲ ਖੋਲ ਕੇ ਕੁੱਤੇਖਾਣੀ ਕੀਤੀ।

ਬਾਣੀ :– ਮੈਨੂੰ ਤੇਰੇ ਤੋ ਇਹ ਉਮੀਦ ਨਹੀਂ ਸੀ ਦੀਪ,ਜੱਸੀ ਨੂੰ ਸਭ ਤੋਂ ਵੱਧ ਤੇਰੇ ਤੇ ਯਕੀਨ ਸੀ। ਤੂੰ ਉਸ ਯਾਰ ਦਾ ਹੀ ਬਣ ਗਿਆ, ਜੋ ਕੁੜੀਆ ਦੀ ਜ਼ਿੰਦਗੀ ਨਾਲ ਖੇਡ ਦਾ ਆ,ਰੱਬ ਨੇ ਤੈਨੂੰ ਭੈਣ ਨਹੀਂ ਦਿੱਤੀ,ਤੈਨੂੰ ਕੀ ਪਤਾ ਕੀ ਦੁੱਖ ਹੁੰਦੇ ਭੈਣਾ ਦੇ। ਕੀ ਦੁੱਖ ਹੁੰਦੇ ਕੁੜੀਆਂ ਦੇ,ਤੁਸੀ ਤਾਂ ਕੁੜੀਆਂ ਨੂੰ ਗੇਮ ਸਮਝਦੇ ਹੋ।

ਦੀਪ :– ਮੈਂ ਤੈਨੂੰ ਆਗਾਹ ਕੀਤਾ ਸੀ ਬਾਣੀ,ਤੂੰ ਕੀ ਕਿਹਾ ਸੀ ਤੇਰੇ ਸਾਹਮਣੇ ਹੋਵੇਗਾ ਵਿਆਹ। ਤੂੰ ਵੀ ਦੇਖੀ।

ਬਾਣੀ :– ਸ਼ਰਮ ਤਾਂ ਨੀ ਆਉਂਦੀ ਇਹ ਗੱਲ ਕਹਿੰਦਿਆ ਨੂੰ। ਤੂੰ ਸਿੱਧਾ ਦੱਸਦਾ ਕੇ ਹਰਜੋਤ ਵਿਆਹਿਆ ਆ,ਤੈਨੂੰ ਕੋਈ ਡਰ ਸੀ ਤਾਂ ਤੂੰ ਕਹਿ ਸਕਦਾ ਸੀ ਕੇ ਮੇਰਾ ਨਾਮ ਨਾ ਲਿਉ ਪਰ ਇਹ ਸੱਚ ਆ,ਮੈਂ ਦੋਸਤ ਹੋਣ ਦੇ ਨਾਮ ਤੇ ਦੱਸ ਰਿਹਾ ਆ।

ਦੀਪ :– ਤੂੰ ਅੱਜ ਇਹ ਗੱਲ ਕਹਿ ਰਹੀ ਆ,ਪਰ ਤੂੰ ਉਸ ਦਿਨ ਯਕੀਨ ਨਹੀਂ ਕਰਨਾ ਸੀ। ਫਿਰ ਮੈਂ ਸਭ ਤੋਂ ਪਿੱਛੇ ਹੋਣਾ ਸਹੀ ਸਮਝਿਆਂ।

ਬਾਣੀ :– ਹਾਂ ! ਜਦੋਂ ਸੱਚ ਨਾ ਬੋਲ ਸਕੋ ਤਾਂ ਪਿੱਛੇ ਹੋਣਾ ਹੀ ਸਹੀ ਸਮਝਦੇ ਲੋਕ, ਜੋਂ ਇਨਸਾਨ ਹੈ ਹੀ ਗਲਤ ਉਹਦੇ ਬਾਰੇ ਦੱਸਣ ਨਾਲ ਤੁਹਾਨੂੰ ਕੀ ਨੁਕਸਾਨ ਹੋਣਾ ਸੀ। ਕੀ ਬਿਗਾੜ ਲੈਂਦਾ ਉਹ ਤੁਹਾਡਾ। ਖ਼ੈਰ ਛੱਡੋ। ਤੁਸੀ ਆਪਣੀ ਔਕਾਤ ਦਿਖਾ ਦਿੱਤਾ। ਸ਼ਰਮ ਆਉਂਦੀ ਕੇ ਤਿੰਨ ਸਾਲ ਤੁਹਾਡੇ ਵਰਗੇ ਗਿਰੇ ਹੋਏ ਬੰਦਿਆ ਨਾਲ ਦੋਸਤੀ ਰੱਖੀ , ਤਾਹੀ ਦੁਸ਼ਮਣਾ ਦੀ ਵੀ ਲੋੜ ਨਹੀਂ ਪਈ।

ਜੱਸੀ ਨੇ ਸ਼ਿੰਦੇ ਨੂੰ ਫੋਨ ਕੀਤਾ, ਬੜਾ ਭਾਬੀ ਭਾਬੀ ਕਰਦਾ ਸੀ,ਕਿੰਨੀ ਸਫਾਈ ਨਾਲ ਝੂਠ ਬੋਲਦਾ ਸੀ,....

ਸ਼ਿੰਦਾ :– ਹੈਲੋ ਭਾਬੀ,ਕਿਵੇਂ ਆ,ਮੈਨੂੰ ਭੁੱਲਦੇ ਜਾਂਦੇ ਹੋ ਤੁਸੀ। ਮੇਰਾ ਫੋਨ ਵੀ ਨਹੀਂ ਚੁੱਕਦੇ ਤੁਸੀ ਐਨੇ ਦਿਨਾਂ ਦੇ ।

ਜੱਸੀ :– ਭਾਬੀ....! ਕਿੰਨੀਆ ਕੇ ਭਾਬੀਆਂ ਆ ਤੇਰੀਆ ਸ਼ਿੰਦੇ...?

ਸ਼ਿੰਦਾ :– ਇਕੋ ਹੀ ਤਾਂ ਹੈ ਮੇਰੀ ਭਾਬੀ ਪਿਆਰੀ ਜਿਹੀ ਉਹ ਤੁਸੀ ਹੋ।

ਜੱਸੀ :– ਅੱਛਾ ! ਤੇ ਜਿਹੜੀ ਘਰ ਬੈਠੀ ਆ ਓਹ ਕੌਣ ਆ ਫਿਰ...?

ਸ਼ਿੰਦਾ :– ਕੌਣ ਆ ਘਰ ਬੈਠੀ...?

ਜੱਸੀ :– ਤੇਰੀ ਭਾਬੀ... ਹੋਰ ਕੌਣ।

ਸ਼ਿੰਦਾ :– ਬਾਹਲਾ ਮਜ਼ਾਕ ਕਰਦੇ ਹੋ ਤੁਸੀ ਵੀ,ਭਾਬੀ ਤਾਂ ਮੇਰੀ ਅਜੇ ਲੈਕੇ ਆਉਣੀ ਅਸੀਂ, ਉਹ ਤੇ ਆਪਣੇ ਮੰਮੀ ਘਰ ਬੈਠੀ ਆ ਅਜੇ।

ਜੱਸੀ :– ਮਜ਼ਾਕ ਤਾਂ ਤੂੰ ਕਰਦਾ ਰਿਹਾ ਭਾਬੀ ਭਾਬੀ ਕਹਿ ਕੇ ਉਹ ਵੀ ਇਕ ਦੋ ਦਿਨ ਨਹੀਂ ਤਿੰਨ ਸਾਲ। ਹਰਜੋਤ ਵਿਆਹਿਆ ਆ ਤੂੰ ਮੈਨੂੰ ਇਸ ਗੱਲ ਦਾ ਪਤਾ ਆ,ਹੋਰ ਕਿੰਨਾ ਕੇ ਝੂਠ ਬੋਲਣਾ ਤੂੰ।

ਸ਼ਿੰਦਾ :– ਉਹ ਨਹੀਂ ਜੀ,ਕਿਸੇ ਨੇ ਮਜ਼ਾਕ ਕੀਤਾ ਹੋਣਾ ਤੁਹਾਡੇ ਨਾਲ।

ਜੱਸੀ :– ਸਭ ਤੁਹਾਡੇ ਦੋਵਾਂ ਭਰਾਵਾਂ ਵਰਗੇ ਨਹੀਂ ਜੋਂ ਮਜ਼ਾਕ ਕਰਦੇ ਆ। ਚੱਲ ਆਪਣਾ ਵ੍ਹਟਸਐਪ ਦੇਖ,ਇਕ ਫੋਟੋ ਭੇਜੀ ਆ।

ਜੱਸੀ ਨੇ ਸ਼ਿੰਦੇ ਨੂੰ ਵ੍ਹਟਸਐਪ ਤੇ ਹਰਜੋਤ ਤੇ ਉਸਦੀ ਘਰਵਾਲੀ ਦੀ ਫੋਟੋ ਭੇਜੀ ਸੀ, ਜਿਸ ਨੂੰ ਦੇਖ ਕੇ ਸ਼ਿੰਦੇ ਦੇ ਹੋਸ਼ ਉੱਡ ਗਏ।

ਸ਼ਿੰਦਾ :– ਇਹ ਕਿਸ ਨੇ ਭੇਜੀ ਤੁਹਾਨੂੰ ...?

ਜੱਸੀ :– ਇਹ ਕੌਣ ਆ ਭਾਬੀ ਆ ਤੇਰੀ ਨਾਲ ਤੇਰੇ ਭਰਾ ਦੇ ਕੇ ਇਹਨੂੰ ਸ਼ੌਂਕ ਆ ਜਨਾਨੀਆ ਨਾਲ ਘੁੰਮਣ ਦਾ..?

ਸ਼ਿੰਦਾ :– ਭੇਜੀ ਕਿਹਨੇ ਆ ਇਹ ਫੋਟੋ ਇਹ ਦਸੋ...?

ਜੱਸੀ :– ਰੁੱਕ ਜਾ ਬਾਣੀ ਦੀ ਕਾਲ ਆਉਂਦੀ, ਕਾਨਫਰੰਸ ਲਗਾ ਲੈਣ ਦੇ। ਇਹ ਦੱਸੁਗੀ ਕਿੱਥੋਂ ਮਿਲੀ ਫੋਟੋ।

ਜੱਸੀ :– ਬਾਣੀ ਸ਼ਿੰਦਾ ਆ ਕਾਲ ਤੇ,ਪੁੱਛਦਾ ਆ ਫੋਟੋ ਕਿੱਥੋਂ ਮਿਲੀ।

ਬਾਣੀ :– ਫੋਟੋ ਹੀ ਨਹੀਂ ਪੁੱਤ ਸਾਰਾ ਕੁਝ ਮਿਲ ਗਿਆ, ਪ੍ਰੋਪਰ ਐਡਰੈੱਸ ,ਤੁਹਾਡੇ ਡੈਡੀ ਦਾ ਫੋਨ ਨੰਬਰ,ਤੁਹਾਡੇ ਡੈਡੀ ਦਾ ਮੈਡੀਕਲ ਆ,ਹਰਜੋਤ ਦੀ ਘਰਵਾਲੀ ਦਾ ਨੰਬਰ ਵੀ ਮਿਲ ਗਿਆ। ਹੁਣ ਅਸੀ ਤੁਹਾਡੇ ਨਾਲ ਥੋੜੀ ਗੱਲ ਕਰਨੀ,ਓਹਨਾ ਨਾਲ ਕਰਨੀ।

ਸ਼ਿੰਦਾ :– ਗਲਤੀ ਆ ਹਰਜੋਤ ਦੀ,ਮੇਰੀ ਵੀ ਆ,ਪਰ ਮੇਰੇ ਡੈਡੀ ਨਾਲ ਨੀ ਗੱਲ ਕਰਨੀ ਤੁਸੀ। ਬੇਨਤੀ ਆ।

ਬਾਣੀ :– ਕਿਉਂ...? ਕੀ ਹੋ ਜਾਏਗਾ ਜੇ ਉਹਨਾ ਨਾਲ ਗੱਲ ਕੀਤੀ ਅਸੀ...?

ਸ਼ਿੰਦਾ :– ਪਲੀਜ,ਸਾਡੀ ਗਲਤੀ ਦੀ ਸਜ਼ਾ ਉਹਨਾਂ ਨੂੰ ਨਹੀਂ ਮਿਲਣੇ ਚਾਹੀਦੀ।

ਜੱਸੀ :– ਮੈਂ ਤਾਂ ਕਰਨੀ ਆ ਗੱਲ ਉਹਨਾਂ ਨਾਲ। ਮੈਨੂੰ ਚੈਨ ਨਹੀਂ ਮਿਲਣਾ ਓਨਾ ਟਾਈਮ।

ਸ਼ਿੰਦਾ :– ਅੱਛਾ। ਹਰਜੋਤ ਮਰ ਗਿਆ ਫਿਰ ਮਿਲ ਜਾਊਗਾ ਚੈਨ , ਜੇ ਉਹਨੇ ਕੁਛ ਕਰ ਲਿਆ ਫਿਰ...?

ਬਾਣੀ :– ਜੇ ਜੱਸੀ ਕੁਝ ਕਰ ਲਵੇ ਫਿਰ...? ਹਰਜੋਤ ਨੂੰ ਕੀਹਨੇ ਧੋਖਾ ਦਿੱਤਾ ਜਿਹੜਾ

ਉਹ ਕੁਛ ਕਰੂਗਾ,ਜਾ ਮਰੂੰਗਾ।

ਸ਼ਿੰਦਾ :– ਉਹਦਾ ਘਰ ਪੱਟ ਹੋਣਾ, ਉਹਦੀ ਘਰ ਵਿਚ ਇੱਜ਼ਤ ਜਾਂਦੀ ਲੱਗਣੀ। ਫਿਰ ਉਹਨੇ ਜੀਅ ਕੇ ਕੀ ਕਰਨਾ ।

ਜੱਸੀ :– ਕਿੰਨਾ ਪਿਆਰ ਕਰਦਾ ਹਨਾਂ ਤੂੰ ਆਪਣੇ ਭਰਾ ਨੂੰ,ਕਿੰਨੀ ਫ਼ਿਕਰ ਆ ਤੈਨੂੰ ਆਪਣੇ ਘਰ ਦੀ,ਆਪਣੇ ਘਰ ਦੀ ਇੱਜ਼ਤ ਦੀ। ਮੈਂ ਨਹੀਂ ਸੀ ਕਿਸੇ ਦੇ ਘਰ ਦੀ ਇੱਜ਼ਤ , ਕੀ ਮੈਂ ਨਹੀਂ ਪਿਆਰੀ ਸੀ ਆਪਣੇ ਘਰ ਦਿਆ ਦੀ, ਜੇ ਮੈਂ ਮਰ ਜਾਵਾਂ ਮੇਰੇ ਘਰ ਦਿਆ ਨੂੰ ਕੋਈ ਫਰਕ ਨਹੀਂ ਪੈਣਾ ਹਨਾਂ। ਤੁਸੀ ਵੱਡੇ ਲੋਕ ਤੁਹਾਨੂੰ ਹੀ ਫਰਕ ਪੈਂਦਾ, ਤੁਹਾਡੀ ਹੀ ਇੱਜ਼ਤ ਆ ਅਸੀਂ ਤਾਂ ਛੋਟੇ ਘਰਾਂ ਦੇ ਛੋਟੀਆਂ ਜਾਤਾਂ ਦੇ ਬੇਇਜ਼ਤੇ ਲੋਕ ਆ।

ਬਾਣੀ :– ਹਾਂ ,ਸਹੀ ਗੱਲ ਆ,ਅੱਜ ਘਰ ਪੱਟ ਹੁੰਦੇ ਦਾ ਖਿਆਲ ਆਉਂਦਾ,ਇੱਜ਼ਤ ਦਾ ਖਿਆਲ ਆਉਂਦਾ, ਮਰਨ ਦਾ ਵੀ ਖਿਆਲ ਆ ਗਿਆ । ਜਦੋਂ ਕਿਸੇ ਦੀ ਧੀ ਨਾਲ ਝੂਠੇ ਪਿਆਰ ਦੀਆ ਪੀਂਘਾ ਪਾਈਆਂ ਸੀ ਉਦੋਂ ਖਿਆਲ ਨੀ ਆਇਆ ਘਰ ਦਾ, ਇੱਜ਼ਤ ਦਾ। ਕਿਨੇ ਬੇਸ਼ਰਮ ਲੋਕ ਆ ਤੁਸੀ । ਐਨੇ ਗਿਰੇ ਹੋਏ ।

ਸ਼ਿੰਦਾ :– ਸੋਚ ਸਮਝ ਕੇ ਬੋਲੋ,ਮੰਨਿਆ ਗਲਤੀ ਆ ਇਸਦਾ ਇਹ ਮਤਲਬ ਨਹੀਂ ਮੇਰੇ ਘਰ ਤੱਕ ਬੋਲੋ।

ਜੱਸੀ :– ਕਿੰਨਾ ਬੇਸ਼ਰਮ ਆ ਯਾਰ ਤੂੰ,ਕਿਸੇ ਵੀ ਕੁੜੀ ਨੂੰ ਭਾਬੀ ਕਹੀਂ ਜਾਂਦਾ ਤੂੰ, ਆਪਣੀ ਭਾਬੀ ਦਾ ਘਰ ਪੱਟ ਰਿਹਾ ਆ। ਉਦੋ ਖਿਆਲ ਨਹੀਂ ਆਇਆ ਤੈਨੂੰ ਤੁਹਾਡਾ ,ਜੇ ਐਨਾ ਹੀ ਪਿਆਰ ਸੀ ਭਰਾ ਨਾਲ ਤਾਂ ਉਹਨੂੰ ਰੋਕਦਾ ਕਿਉਂ ਕਿਸੇ ਦੀਆਂ ਭਾਵਨਾਵਾਂ,ਜ਼ਜ਼ਬਾਤਾਂ,ਸੁਪਨਿਆ,ਦਿਲ ਨਾਲ ਖੇਡ ਦਾ ਸੀ। ਮੈਂ ਕਰਨੀ ਆ ਕਾਲ ਤੇਰੇ ਡੈਡੀ ਨੂੰ। ਸਭ ਦੱਸਣਾ, ਮੈਂ ਮਰਨਾ ਵੀ ਆ ਤੇਰੇ ਤੇ ਤੇਰੇ ਭਰਾ ਦਾ ਨਾਮ ਥਾਣੇ ਵਿਚ ਲਿਖਵਾ ਕੇ,ਅਕਲ ਦੇ ਕੇ ਜਾਣੀ ਤੁਹਾਨੂੰ। ਤੁਹਾਡੇ ਸਿਰ ਚੜ ਕੇ ਮਰਨਾ।

ਬਾਣੀ :– ਮਰਨ ਤੇ ਤੈਨੂੰ ਦਿੰਦੀ ਨੀ ਮੈਂ, ਪਰ ਇਹਨਾਂ ਦੋਵਾਂ ਭਰਾਵਾਂ ਨੂੰ ਅਕਲ ਦੇਣੀ ਆ,ਇਹਨਾਂ ਦੇ ਘਰ ਜਾਣਾ ਆ,ਸਾਰੇ ਟੱਬਰ ਦੇ ਸਾਹਮਣੇ ਗੱਲ ਕਰਨੀ।

ਐਨਾ ਸੁਣ ਕੇ ਸ਼ਿੰਦੇ ਨੇ ਫੋਨ ਕੱਟ ਦਿੱਤਾ।

ਜੱਸੀ ਨੇ ਹਰਜੋਤ ਨੂੰ ਬਹੁਤ ਮੈਸੇਜ ਕੀਤੇ,ਬਹੁਤ ਵਾਰ ਫੋਨ ਲਗਾਇਆ ਪਰ ਹਰਜੋਤ ਦਾ ਕੋਈ ਜਵਾਬ ਨਹੀਂ ਆ ਰਿਹਾ ਸੀ,ਜੱਸੀ ਤੇ ਬਾਣੀ ਨੂੰ ਸ਼ੱਕ ਹੋਇਆ ਕੇ ਸ਼ਿੰਦੇ ਨੇ ਸਭ ਕੁਝ ਦੱਸ ਦਿੱਤਾ ਹੈ ਹਰਜੋਤ ਨੂੰ।

✪✪✪✪✪✪✪

# ਭਾਗ –25

ਜੱਸੀ :– ਅੱਛਾ ਜੀ ! ਫਿਰ ਕੀ ਸੱਚ ਆ ਤੁਸੀ ਦੱਸ ਦਵੋ। ਫੋਟੋਆਂ ਵੀ ਝੂਠ ਆ,ਇਹ ਬੱਚਾ ਵੀ,ਤੁਸੀ ਦਸੋ ਸੱਚ ਕੀ ਆ।

ਹਰਜੋਤ :– ਯਾਰ ਬਸ ਤੈਨੂੰ ਮੇਰੇ ਤੋ ਦੂਰ ਕਰਨ ਲਈ ਇਹ ਸਭ ਕਰੀ ਜਾਂਦੇ ਨੇ,ਜੋਂ ਵੀ ਤੈਨੂੰ ਇਹ ਸਭ ਭੇਜ ਰਹੇ ਨੇ।

ਜੱਸੀ :– ਹੱਦ ਹੁੰਦੀ ਆ ਹਰ ਇਕ ਚੀਜ਼ ਦੀ,ਹਰ ਇਕ ਗੱਲ ਦੀ,ਪਰ ਤੁਹਾਡੇ ਝੂਠ ਦੀ ਕੋਈ ਹੱਦ ਹੀ ਨਹੀਂ ਹਰਜੋਤ। ਬਸ ਕਰੋ ਹੁਣ ਪਲੀਜ। ਸੱਚ ਸਾਹਮਣੇ ਆ ਸਵੀਕਾਰ ਕਰਲੋ ਹੁਣ ਤੇ।

ਹਰਜੋਤ :– ਕੋਈ ਸੱਚ ਨਹੀਂ ਆ,ਮੇਰਾ ਵਿਆਹ ਹੋਇਆ ਆ ਹਰਪ੍ਰੀਤ ਨਾਲ, ਪਰ ਮੈਂ ਖੁਸ਼ ਨਹੀਂ ਆ,ਮਜਬੂਰ ਆ ਬਸ ਉਹਦੇ ਨਾਲ ਰਿਸ਼ਤਾ ਰੱਖਣ ਲਈ।

ਜੱਸੀ :– ਅੱਛਾ ! ਖੁਸ਼ ਨਹੀਂ ਹੋ , ਪਰ ਫੋਟੋਆਂ ਵਿਚ ਤਾਂ ਬੜੇ ਖੁਸ਼ ਹੋ, ਹੱਸ ਹੱਸ ਫੋਟੋਆਂ ਕਰਾ ਰਹੇ ਹੋ ਇਕੱਠੇ ਹੱਥ ਫੜ ਕੇ ਵੀਡਿਓ ਬਣਾ ਰਹੇ ਹੋ। ਹੋਰ ਖੁਸ਼ ਕਿੱਦਾ ਦੇ ਹੁੰਦੇ ਆ...?

ਹਰਜੋਤ :– ਬਸ ਫੋਟੋਆਂ ਤੇ ਹੀ ਖੁਸ਼ ਹਾਂ । ਉਦਾ ਮੈਂ ਆਪਣੀ ਜ਼ਿੰਦਗੀ ਵਿੱਚ ਖੁਸ਼ ਨਹੀਂ ਆ। ਮੈਂ ਹਰਪ੍ਰੀਤ ਨਾਲ ਮਜਬੂਰੀ ਨੂੰ ਵਿਆਹ ਕਰਾਇਆ ਸੀ,ਘਰਦੇ ਨਹੀਂ ਹਟੇ ,ਕਰਾਉਣਾ ਪਿਆ ਵਿਆਹ।

ਜੱਸੀ :– ਅੱਛਾ ! ਘਰਦੇ ਤਿਆਰ ਨਹੀਂ ਸੀ ਵਿਆਹ ਲਈ,ਤੁਸੀ ਮਰਨ ਦੀਆ ਧਮਕੀਆਂ ਦਿੰਦੇ ਸੀ, ਜੇਂ ਵਿਆਹ ਨਾ ਕੀਤਾ ਮੇਰਾ ਹਰਪ੍ਰੀਤ ਨਾਲ ਤਾਂ ਮੈਂ ਕੁਛ ਖਾ ਕੇ ਮਰ ਜਾਣਾ,ਹੁਣ ਮਜਬੂਰੀ ਲਗਦੀ ਆ ਤੁਹਾਨੂੰ ਉਹ, ਓਹਦੇ ਨਾਲ ਰਹਿਣਾ ਜ਼ਿੰਦਗੀ ਕੱਟਣਾ ਮਜਬੂਰੀ ਲਗਦੀ ਆ। ਬੱਲੇ ਜੱਟਾਂ ਤੇਰੇ।

ਹਰਜੋਤ :– ਉਦੋਂ ਪਤਾ ਨਹੀਂ ਸੀ ਮਜਬੂਰੀ ਬਣ ਕੇ ਰਹਿ ਜਾਣੀ। ਪਰ ਮੈਂ ਖੁਸ਼ ਨਹੀਂ

ਆ ਉਹਦੇ ਨਾਲ।

ਜੱਸੀ :– ਚੱਲ ਮੰਨ ਲਿਆ ,ਮਜਬੂਰੀ ਆ ਉਹਦੇ ਨਾਲ ਰਹਿਣਾ,ਫਿਰ ਬੱਚਾ ਕਿਵੇਂ ਆ ਗਿਆ,ਮਜਬੂਰੀ ਹੀ ਸੀ ਬੱਚੇ ਨੂੰ ਦੁਨੀਆ ਤੇ ਲੈਕੇ ਆਉਣ ਦੀ ਕੀ ਲੋੜ ਸੀ।

ਹਰਜੋਤ :– ਮੇਰੀ ਜ਼ਿੰਦਗੀ ਨਰਕ ਆ ਜੱਸੀ,ਮੈਂ ਨਿਕਲਣਾ ਚਾਹੁੰਦਾ ਹਾਂ ਇਸ ਚੋ ਪਲੀਜ।

ਜੱਸੀ :– ਜ਼ਿੰਦਗੀ ਨਰਕ ਕਦੋ ਆ ਹਰਜੋਤ ...? ਘਰ ਵਿਚ ਘਰਵਾਲੀ ਤੇ ਬਾਹਰ ਮੈਨੂੰ ਪਾਗ਼ਲ ਬਣਾ ਰਿਹਾ ਆ,ਐਨੀ ਸੋਹਣੀ ਤਾਂ ਗੇਮ ਖੇਡ ਰਹੇ ਹੋ,ਹੋਰ ਪਤਾ ਨਹੀਂ ਕਿੰਨੀਆਂ ਕੇ ਹੋਣੀਆ ਆ,ਜਿਨ੍ਹਾਂ ਨੂੰ ਵਿਆਹ ਦੇ ਲਾਰੇ ਲਗਾਏ ਹੋਣੇ। ਸੱਚੇ ਸੁਚੇ ਬਣੇ ਸੀ,ਨਾਲ ਸ਼ਿੰਦਾ ਵੀ ਓਹੋ ਜਿਹਾ,ਮੈਂ ਪਹਿਲਾ ਭਰਾ ਦੇਖਿਆ ਜੋਂ ਆਪਣੇ ਹੀ ਭਰਾ ਦਾ ਮਾੜੇ ਕੰਮਾਂ ਵਿਚ ਸਾਥ ਦੇ ਕੇ ਆਪਣੀ ਭਾਬੀ ਦਾ ਘਰ ਪੱਟ ਰਿਹਾ ਆ।

ਹਰਜੋਤ :– ਮੈਂ ਕਿਸੇ ਨੂੰ ਲਾਰੇ ਨਹੀਂ ਲਗਾਏ ਵਿਆਹ ਦੇ,ਤੈਨੂੰ ਸੱਚੀ ਮੈਂ ਬਹੁਤ ਪਿਆਰ ਕਰਦਾ ਆ ਜੱਸੀ ਪਲੀਜ ਯਕੀਨ ਕਰ।

ਜੱਸੀ :– ਅੱਛਾ। ਲਾਰੇ ਨਹੀਂ ਤਾਂ ਹੋਰ ਕੀ ਆ,ਵਿਆਹੇ ਹੋਏ ਆ ਤੁਸੀ ਫਿਰ ਮੇਰੇ ਨਾਲ ਕਿਵੇਂ ਵਿਆਹ ਕਰਾ ਲੈਣਾ ਸੀ,ਤੁਸੀ ਆਪਣੀ ਮਾਂ ਦੀ ਵੀ ਝੂਠੀ ਸੌਂਹ ਖਾ ਗਏ,ਤੁਸੀ ਆਪਣੀ ਮਾਂ ਦੇ ਨਹੀਂ ਹੋਏ ਹੋਰ ਕਿਸੇ ਦੇ ਕੀ ਹੋਣਾ ਸੀ ।

ਹਰਜੋਤ :– ਆਪਾ ਦੋਨੇ ਵਿਆਹ ਕਰਾ ਲੈਂਦੇ ਆ ਜੱਸੀ,ਮੈਂ ਨਹੀਂ ਰਹਿਣਾ ਤੇਰੇ ਬਿਨਾ।

ਜੱਸੀ :– ਅੱਛਾ ਕਿਵੇਂ ਹਊਗਾ ਵਿਆਹ,ਇਕ ਬੱਚਾ ਆ ਇਕ ਘਰਵਾਲੀ ਆ,ਫਿਰ ਕਿਵੇਂ ਹਊਗਾ ਵਿਆਹ ਮੇਰੇ ਨਾਲ...?? ਇਹ ਇੰਡੀਆ ਆ,ਪਾਕਿਸਤਾਨ ਨਹੀਂ ਕੇ ਦੋ ਦੋ ਘਰਵਾਲੀਆਂ ਰੱਖ ਸੱਕੋ ਤੁਸੀ।

ਹਰਜੋਤ :– ਅੱਜ ਕਲ ਸਭ ਕੁਝ ਹੋ ਜਾਂਦਾ ਆ , ਦਸ– ਦਸ ਸਾਲ ਬਾਅਦ ਲੋਕ ਇਕ ਦੂਜੇ ਕੋਲੋ ਤਲਾਕ ਲੈ ਲੈਂਦੇ ਆ। ਮੈਂ ਹਰਪ੍ਰੀਤ ਕੋਲੋ ਤਲਾਕ ਲੈ ਲਵਾਂਗਾ।

ਜੱਸੀ :– ਤੇ ਉਸ ਬੱਚੇ ਦਾ ਕੀ ਕਸੂਰ ਆ,ਜੋਂ ਇਸ ਦੁਨੀਆ ਵਿਚ ਆਇਆ ਆ,ਮੈਂ

ਐਨੀ ਮਤਲਬੀ ਗਿਰੀ ਹੋਈ ਲਗਦੀ ਆ ਕੇ ਮੈਂ ਕਿਸੇ ਦਾ ਰਿਸ਼ਤਾ ਤੁੜਵਾ ਕੇ ਵਸਿਆ ਬਸਾਇਆ ਘਰ ਪੱਟ ਦਵਾ।ਮੈਨੂੰ ਕੋਈ ਲਾਲਚ ਨਹੀਂ ਆ ਕੇ ਮੈਂ ਕਿਸੇ ਦਾ ਘਰ ਬਰਬਾਦ ਕਰਾ,ਤੁਹਾਡੇ ਜਿਨਾ ਜਿਗਰਾ ਨੀ ਮੇਰਾ ਕੇ ਮੈਂ ਘਰ ਪੱਟ ਦੀ ਫਿਰਾ ਮੇਰਾ ਜ਼ਮੀਰ ਨਹੀਂ ਮਰਿਆ ਤੁਹਾਡੇ ਵਾਂਗ,ਤੁਸੀ ਤਾਂ ਆਪਣੇ ਹੀ ਘਰ ਪੱਟ ਲਿਆ ।

ਹਰਜੋਤ :– ਮੈਨੂੰ ਨਹੀਂ ਪਤਾ ਕੁਝ ਵੀ,ਮੈਂ ਨੀ ਰਹਿਣਾ ਓਹਨਾ ਦੇ ਨਾਲ,ਮੈਂ ਘਰੇ ਗੱਲ ਕਰ ਲੈਂਦਾ ਆ, ਆਪਾ ਵਿਆਹ ਕਰਾਉਣਾ ਆ।

ਜੱਸੀ :– ਐਨੀ ਕੇ ਹੀ ਪਾਗ਼ਲ ਸੀ ਬਸ ਮੈਂ ਕੇ ਅਨਜਾਣੇ ਵਿਚ ਤੁਹਾਡੇ ਪਿੱਛੇ ਤਿੰਨ ਸਾਲ ਖਰਾਬ ਕਰ ਦਿੱਤੇ । ਜਿੰਨੀ ਤੁਸੀ ਸਮਝ ਲਿਆ ਓਨੀ ਪਾਗ਼ਲ ਨਹੀਂ ਕੇ ਕਿਸੇ ਵਿਆਹੇ ਬੰਦੇ ਨਾਲ ਇਕ ਬੱਚੇ ਦੇ ਬਾਪ ਨਾਲ ਵਿਆਹ ਕਰਵਾ ਲੈਣਾ ਮੈਂ। ਐਨੇ ਗਿਰੇ ਹੋਏ ਇਨਸਾਨ ਨਾਲ,ਜੋਂ ਅੱਜ ਆਪਣੇ ਬੱਚੇ ਆਪਣੇ ਘਰਵਾਲੀ ਨੂੰ ਮੇਰੇ ਲਈ ਛੱਡ ਰਿਹਾ ਆ,ਕਲ ਨੂੰ ਕਿਸੇ ਹੋਰ ਨਾਲ ਪਿਆਰ ਹੋ ਗਿਆ ਤਾਂ ਮੈਨੂੰ ਵੀ ਛੱਡ ਦਵੇਗਾ।

ਹਰਜੋਤ :– ਨਹੀਂ ਐਦਾ ਕਦੇ ਵੀ ਨਹੀਂ ਹੋ ਸਕਦਾ। ਯਕੀਨ ਕਰ ਜੱਸੀ ਇਕ ਵਾਰ । ਮੈਂ ਮੰਨਦਾ ਹਾਂ ਕਿ ਮੈਂ ਝੂਠ ਬੋਲਿਆਂ, ਪਰ ਇਹ ਵੀ ਤਾਂ ਸੋਚ ਮੈਂ ਤੇਰੇ ਲਈ ਬੋਲਿਆ ਤੇਰੇ ਪਿਆਰ ਲਈ ।

ਜੱਸੀ :– ਦਿਮਾਗ ਖਰਾਬ ਨਾ ਕਰੋ ਮੇਰਾ,ਕਦੇ ਸੋਚਿਆ ਤੁਹਾਡਾ ਝੂਠ ਕਿਸੇ ਦੀ ਜ਼ਿੰਦਗੀ ਖਰਾਬ ਕਰ ਸਕਦਾ। ਕਿੰਨੀ ਸਫਾਈ ਨਾਲ ਝੂਠ ਬੋਲਦੇ ਰਹੇ ਦੋਨੋ ਭਰਾ। ਕੀ ਕਿਹਾ ਸੀ ਤੁਸੀ .. ਮੈਂ ਤੇਰੇ ਘਰਦੇ ਮਨਾਂ ਲਵਾਂਗਾ,ਨਾ ਵੀ ਮੰਨਦੇ ਹੋਏ ਮੈਂ ਓਹਨਾ ਦੇ ਪੈਰਾਂ ਵਿਚ ਡਿੱਗ ਕੇ ਮੰਗ ਲਵਾਂਗਾ ਤੈਨੂੰ। ਆਹੀ ਕਿਹਾ ਸੀ ਨਾ, ਹੁਣ ਮੈਨੂੰ ਦਸੋ ਵੀ ਦਸੋ ਮੈਂ ਕਿਸ ਕੋਲੋ ਮੰਗ ਜਾਂ ਕੇ ਤੁਹਾਨੂੰ ਹਰਪ੍ਰੀਤ ਕੋਲੋ ਮੰਗਾ ਕੇ ਆਪਣਾ ਪਤੀ ਮੈਨੂੰ ਦੇਦੇ,ਕੇ ਤੁਹਾਡੇ ਘਰ ਦਿਆ ਕੋਲੋ ਮੰਗ ਕੇ ਆਪਣਾ ਵਿਆਹਿਆ ਮੁੰਡਾ ਮੈਨੂੰ ਦੇਦੋ। ਕਿੰਨੀਆ ਵੱਡੀਆ ਗੱਲਾਂ ਕਰਦੇ ਸੀ,ਸ਼ਰਮ ਨਹੀਂ ਆਉਂਦੀ ਸੀ ਐਨੇ ਝੂਠ ਬੋਲਦੇ ਸੀ।

ਹਰਜੋਤ :– ਮੈਨੂੰ ਮਾਫ਼ ਕਰਦੇ ਜੱਸੀ।ਮੈਂ ਇਸ ਕਾਬਿਲ ਵੀ ਨਹੀਂ ਕੇ ਤੂੰ ਮੈਨੂੰ ਮਾਫ਼ ਕਰੇ। ਤੇਰੇ ਪੈਰ ਫੜ ਕੇ ਮਾਫੀ ਮੰਗਦਾ,ਹੱਥ ਜੋੜ ਕੇ ।

ਜੱਸੀ :– ਜੇ ਇਹੀ ਸਭ ਜੋਂ ਤੁਸੀ ਮੇਰੇ ਨਾਲ ਕੀਤਾ ਤੁਹਾਡੀ ਭੈਣ ਨਾਲ ਹੁੰਦਾਂ ਤਾਂ ਕੀ ਤੁਸੀ ਮਾਫ਼ ਕਰ ਦਿੰਦੇ ਉਸ ਇਨਸਾਨ ਨੂੰ...? ਜੇ ਇਹੀ ਸਭ ਮੈਂ ਕੀਤਾ ਹੁੰਦਾ ਤੁਹਾਡੇ

ਨਾਲ ਫਿਰ ਮੈਨੂੰ ਮਾਫ਼ ਕਰ ਦਿੰਦੇ..? ਐਨੇ ਪਾਪ ਕਰਕੇ ਮਾਫੀ ਦੀ ਉਮੀਦ ਰੱਖਦੇ ਹੋ ।

ਹਰਜੋਤ :– ਮੈਂ ਤੈਨੂੰ ਪਿਆਰ ਕਰਦਾ ਆ,ਸਭ ਤੋਂ ਜਾਦਾ ਤੂੰ ਮੰਨ ਜਾਂ ਨਾ, ਲਵ ਯੂ। ਨਹੀਂ ਮੈਂ ਮਰ ਜਾਣਾ। ਜੇ ਤੂੰ ਦੂਰ ਗਈ,ਦੇਖ ਮੈਂ ਫੋਟੋ ਭੇਜੀ ਮੈਂ ਇਹ ਦਵਾਈ ਪੀ ਲੈਣੀ ਕੇ ਤੂੰ ਮੈਨੂੰ ਛੱਡਿਆ।

ਜੱਸੀ :– ਮੈਨੂੰ ਕੋਈ ਫਰਕ ਨਹੀਂ ਪੈਂਦਾ,ਜੋਂ ਮਰਜੀ ਪੀਓ,ਮੇਰੇ ਕੋਲੋ ਵੀ ਹੈ,ਮੈਂ ਵੀ ਖਾ ਲੈਣੀ ਆ ਮਰਨ ਲਈ ਵੀ ਜਿਗਰਾ ਚਾਹੀਦਾ ਹੁੰਦਾ,ਕੋਈ ਦਸ ਕੇ ਨਹੀਂ ਮਰਦਾ।

ਜੱਸੀ :– ਮੈਂ ਸਭ ਤੋਂ ਪਹਿਲਾ ਤੁਹਾਨੂੰ ਖਾਸ ਰੱਖਦੀ ਸੀ ਆਪਣੀ ਜ਼ਿੰਦਗੀ ਵਿੱਚ, ਆਪਣੇ ਪਰਿਵਾਰ ਦਾ ਹਿੱਸਾ ਸਮਝ ਕੇ।

ਹਰਜੋਤ :– ਮੇਰੇ ਲਈ ਵੀ ਤੂੰ ਹੀ ਖਾਸ ਆ,ਕਲ ਵੀ ਸੀ ਅੱਜ ਵੀ ਸਭ ਤੋਂ ਪਹਿਲਾਂ, ਯਾਰ ਵਿਆਹੇ ਬੰਦੇ ਦੀ ਕੋਈ ਜ਼ਿੰਦਗੀ ਨਹੀਂ ਹੁੰਦੀ, ਕੀ ਉਹ ਨਹੀਂ ਜੀਅ ਸਕਦਾ ਆਪਣੀ ਮਰਜੀ ਨਾਲ, ਕੀ ।

ਜੱਸੀ :– ਤੁਹਾਡੀ ਘਰਵਾਲੀ ਤੋਂ ਪਹਿਲਾ...?

ਹਰਜੋਤ :– ਹਾਂ ! ਉਹਦੇ ਨਾਲੋਂ ਵੀ ਪਹਿਲਾਂ,ਤੂੰ ਸੋਚ ਜੱਸੀ ਜੇ ਮੈਂ ਤੇਰੇ ਨਾਲ ਟਾਈਮ ਪਾਸ ਕਰਦਾ ਹੁੰਦਾ ਤਾਂ ਮੈਂ ਵੀ ਹੋਰ ਮੁੰਡਿਆ ਵਾਂਗ ਤੈਨੂੰ ਰੂਮ ਵਿਚ ਮਿਲਦਾ,ਵਾਰ ਵਾਰ ਮਜਬੂਰ ਕਰਦਾ । ਪਰ ਮੈਂ ਕਦੇ ਵੀ ਤੈਨੂੰ ਲੈਕੇ ਨਹੀਂ ਗਿਆ ਕਿਸੇ ਹੋਟਲ,ਜਾ ਰੂਮ ਵਿਚ।

ਜੱਸੀ :– ਕਿਉਂ ਕੇ ਉਹ ਸਭ ਮੈਂ ਪਹਿਲਾ ਹੀ ਕਲੀਅਰ ਕਰ ਦਿੱਤਾ ਸੀ,ਕੇ ਮੇਰੇ ਕੋਲੋ ਉਮੀਦ ਨਾ ਰੱਖਿਓ ਵਿਆਹ ਤੋਂ ਪਹਿਲਾਂ ਕੋਈ ਵੀ ਇਹੋ ਜਹੀ,ਨਹੀਂ ਅੱਜ ਹੀ ਰਿਸ਼ਤਾ ਤੋੜ ਦਿਉ,ਕਿਹਾ ਸੀ ਨਾ ਮੈਂ ਏਦਾ,ਨਹੀਂ ਤੁਸੀ ਐਨੇ ਸ਼ਰੀਫ਼ ਤਾਂ ਨਹੀਂ ।

ਹਰਜੋਤ :– ਲਵ ਯੂ ਜੱਸੀ। ਮੈਂ ਚੰਡੀਗੜ ਰਹਿੰਦਾ ਜੇ ਐਨਾ ਹੀ ਪਿਆਰ ਹੋਵੇ ਹਰਪ੍ਰੀਤ ਦੇ ਨਾਲ ਨਾ ਰਹਿੰਦਾ ਮੈਂ, ਦੋ –ਦੋ ਮਹੀਨੇ ਮੈਂ ਘਰ ਨਹੀਂ ਜਾਂਦਾ।

ਜੱਸੀ :– ਜੇ ਪਿਆਰ ਨਹੀਂ ਸੀ ਤਾਂ ਬੇਟਾ ਕਿੱਥੋਂ ਆ ਗਿਆ,ਤੁਹਾਡਾ ਹੀ ਆ ਨਾ,ਕੇ ਕਿਸੇ ਹੋਰ ਦਾ ਆ।

ਹਰਜੋਤ :– ਬਸ ਯਾਰ ਉਹ ਹੋ ਗਿਆ,ਬਸ ਵੀ ਕਰ ਉਸ ਗੱਲ ਨੂੰ ਫੜਿਆ ਆ।

ਜੱਸੀ :– ਕਿੱਦਾ ਬਸ ਕਰਾ,ਤੁਸੀ ਤਾਂ ਸ਼ਰਾਬ ਵੀ ਨਹੀਂ ਪੀਂਦੇ,ਜਿਹੜਾ ਕਹਿ ਦਿਓ ਕੇ ਖਾਂਧੀ ਪੀਤੀ ਵਿਚ ਹੋ ਗਿਆ। ਕਿਹੋ ਜਿਹਾ ਬਾਪ ਆ,ਆਪਣੇ ਹੀ ਖ਼ੂਨ ਨੂੰ ਪਿਆਰ ਨਹੀਂ ਕਰ ਰਿਹਾ,ਤਰਸ ਨਹੀਂ ਕਰ ਰਿਹਾ।

ਹਰਜੋਤ :– ਪਲੀਜ ਜੱਸੀ ਬਸ ਕਰ,ਮੈਂ ਨਹੀਂ ਜੀਣਾ ਹੋਰ। ਮੈਨੂੰ ਮਾਫ਼ ਕਰ ਦਵੀ,ਮੈਨੂੰ ਰੱਬ ਵੀ ਮਾਫ ਨਹੀ ਕਰੇਗਾ ਪਲੀਜ ਤੂੰ ਕਰ ਦਵੀ ਤੇਰੇ ਪੈਰਾਂ ਵਿਚ ਮੇਰਾ ਸਿਰ ਆ ਜੱਸੀ ਤੂੰ ਬਹੁਤ ਚੰਗੀ ਕੁੜੀ ਆ।ਮੇਰੀ ਜ਼ਿੰਦਗੀ ਦਾ ਤੂੰ ਸੱਚਾ ਪਿਆਰ ਸੀ, ਲਵ ਯੂ । ਖੁਸ਼ ਰਹਿ ਬਾਏ....!

✪✪✪✪✪✪✪

# ਭਾਗ –26

ਜੱਸੀ :– ਅੱਛਾ ਜੀ ! ਫਿਰ ਕੀ ਸੱਚ ਆ ਤੁਸੀ ਦੱਸ ਦਵੋ। ਫੋਟੋਆਂ ਵੀ ਝੂਠ ਆ,ਇਹ ਬੱਚਾ ਵੀ,ਤੁਸੀ ਦਸੋ ਸੱਚ ਕੀ ਆ।

ਹਰਜੋਤ :– ਯਾਰ ਬਸ ਤੈਨੂੰ ਮੇਰੇ ਤੋ ਦੂਰ ਕਰਨ ਲਈ ਇਹ ਸਭ ਕਰੀ ਜਾਂਦੇ ਨੇ,ਜੋਂ ਵੀ ਤੈਨੂੰ ਇਹ ਸਭ ਭੇਜ ਰਹੇ ਨੇ।

ਜੱਸੀ :– ਹੱਦ ਹੁੰਦੀ ਆ ਹਰ ਇਕ ਚੀਜ਼ ਦੀ,ਹਰ ਇਕ ਗੱਲ ਦੀ,ਪਰ ਤੁਹਾਡੇ ਝੂਠ ਦੀ ਕੋਈ ਹੱਦ ਹੀ ਨਹੀਂ ਹਰਜੋਤ। ਬਸ ਕਰੋ ਹੁਣ ਪਲੀਜ। ਸੱਚ ਸਾਹਮਣੇ ਆ ਸਵੀਕਾਰ ਕਰਲੋ ਹੁਣ ਤੇ।

ਹਰਜੋਤ :– ਕੋਈ ਸੱਚ ਨਹੀਂ ਆ,ਮੇਰਾ ਵਿਆਹ ਹੋਇਆ ਆ ਹਰਪ੍ਰੀਤ ਨਾਲ, ਪਰ ਮੈਂ ਖੁਸ਼ ਨਹੀਂ ਆ,ਮਜਬੂਰ ਆ ਬਸ ਉਹਦੇ ਨਾਲ ਰਿਸ਼ਤਾ ਰੱਖਣ ਲਈ।

ਜੱਸੀ :– ਅੱਛਾ ! ਖੁਸ਼ ਨਹੀਂ ਹੋ , ਪਰ ਫੋਟੋਆਂ ਵਿਚ ਤਾਂ ਬੜੇ ਖੁਸ਼ ਹੋ, ਹੱਸ ਹੱਸ ਫੋਟੋਆਂ ਕਰਾ ਰਹੇ ਹੋ ਇਕੱਠੇ ਹੱਥ ਫੜ ਕੇ ਵੀਡਿਓ ਬਣਾ ਰਹੇ ਹੋ। ਹੋਰ ਖੁਸ਼ ਕਿੱਦਾ ਦੇ ਹੁੰਦੇ ਆ...?

ਹਰਜੋਤ :– ਬਸ ਫੋਟੋਆਂ ਤੇ ਹੀ ਖੁਸ਼ ਹਾਂ । ਉਦਾ ਮੈਂ ਆਪਣੀ ਜ਼ਿੰਦਗੀ ਵਿੱਚ ਖੁਸ਼ ਨਹੀਂ ਆ। ਮੈਂ ਹਰਪ੍ਰੀਤ ਨਾਲ ਮਜਬੂਰੀ ਨੂੰ ਵਿਆਹ ਕਰਾਇਆ ਸੀ,ਘਰਦੇ ਨਹੀਂ ਹਟੇ ,ਕਰਾਉਣਾ ਪਿਆ ਵਿਆਹ।

ਜੱਸੀ :– ਅੱਛਾ ! ਘਰਦੇ ਤਿਆਰ ਨਹੀਂ ਸੀ ਵਿਆਹ ਲਈ,ਤੁਸੀ ਮਰਨ ਦੀਆ ਧਮਕੀਆਂ ਦਿੰਦੇ ਸੀ, ਜੇਂ ਵਿਆਹ ਨਾ ਕੀਤਾ ਮੇਰਾ ਹਰਪ੍ਰੀਤ ਨਾਲ ਤਾਂ ਮੈਂ ਕੁਛ ਖਾ ਕੇ ਮਰ ਜਾਣਾ,ਹੁਣ ਮਜਬੂਰੀ ਲਗਦੀ ਆ ਤੁਹਾਨੂੰ ਉਹ, ਓਹਦੇ ਨਾਲ ਰਹਿਣਾ ਜ਼ਿੰਦਗੀ ਕੱਟਣਾ ਮਜਬੂਰੀ ਲਗਦੀ ਆ। ਬੱਲੇ ਜੱਟਾਂ ਤੇਰੇ।

ਹਰਜੋਤ :– ਉਦੋਂ ਪਤਾ ਨਹੀਂ ਸੀ ਮਜਬੂਰੀ ਬਣ ਕੇ ਰਹਿ ਜਾਣੀ। ਪਰ ਮੈਂ ਖੁਸ਼ ਨਹੀਂ ਆ ਉਹਦੇ ਨਾਲ।

ਜੱਸੀ :– ਚੱਲ ਮੰਨ ਲਿਆ ,ਮਜਬੂਰੀ ਆ ਉਹਦੇ ਨਾਲ ਰਹਿਣਾ,ਫਿਰ ਬੱਚਾ ਕਿਵੇਂ ਆ ਗਿਆ,ਮਜਬੂਰੀ ਹੀ ਸੀ ਬੱਚੇ ਨੂੰ ਦੁਨੀਆ ਤੇ ਲੈਕੇ ਆਉਣ ਦੀ ਕੀ ਲੋੜ ਸੀ।

ਹਰਜੋਤ :– ਮੇਰੀ ਜ਼ਿੰਦਗੀ ਨਰਕ ਆ ਜੱਸੀ,ਮੈਂ ਨਿਕਲਣਾ ਚਾਹੁੰਦਾ ਹਾਂ ਇਸ ਚੋ ਪਲੀਜ।

ਜੱਸੀ :– ਜ਼ਿੰਦਗੀ ਨਰਕ ਕਦੋ ਆ ਹਰਜੋਤ ...? ਘਰ ਵਿਚ ਘਰਵਾਲੀ ਤੇ ਬਾਹਰ ਮੈਨੂੰ ਪਾਗ਼ਲ ਬਣਾ ਰਿਹਾ ਆ,ਐਨੀ ਸੋਹਣੀ ਤਾਂ ਗੇਮ ਖੇਡ ਰਹੇ ਹੋ,ਹੋਰ ਪਤਾ ਨਹੀਂ ਕਿੰਨੀਆਂ ਕੇ ਹੋਣੀਆ ਆ,ਜਿਨ੍ਹਾਂ ਨੂੰ ਵਿਆਹ ਦੇ ਲਾਰੇ ਲਗਾਏ ਹੋਣੇ। ਸੱਚੇ ਸੁਚੇ ਬਣੇ ਸੀ,ਨਾਲ ਸ਼ਿੰਦਾ ਵੀ ਓਹੋ ਜਿਹਾ,ਮੈਂ ਪਹਿਲਾ ਭਰਾ ਦੇਖਿਆ ਜੋਂ ਆਪਣੇ ਹੀ ਭਰਾ ਦਾ ਮਾੜੇ ਕੰਮਾਂ ਵਿਚ ਸਾਥ ਦੇ ਕੇ ਆਪਣੀ ਭਾਬੀ ਦਾ ਘਰ ਪੱਟ ਰਿਹਾ ਆ।

ਹਰਜੋਤ :– ਮੈਂ ਕਿਸੇ ਨੂੰ ਲਾਰੇ ਨਹੀਂ ਲਗਾਏ ਵਿਆਹ ਦੇ,ਤੈਨੂੰ ਸੱਚੀ ਮੈਂ ਬਹੁਤ ਪਿਆਰ ਕਰਦਾ ਆ ਜੱਸੀ ਪਲੀਜ ਯਕੀਨ ਕਰ।

ਜੱਸੀ :– ਅੱਛਾ। ਲਾਰੇ ਨਹੀਂ ਤਾਂ ਹੋਰ ਕੀ ਆ,ਵਿਆਹੇ ਹੋਏ ਆ ਤੁਸੀ ਫਿਰ ਮੇਰੇ ਨਾਲ ਕਿਵੇਂ ਵਿਆਹ ਕਰਾ ਲੈਣਾ ਸੀ,ਤੁਸੀ ਆਪਣੀ ਮਾਂ ਦੀ ਵੀ ਝੂਠੀ ਸੌਂਹ ਖਾ ਗਏ,ਤੁਸੀ ਆਪਣੀ ਮਾਂ ਦੇ ਨਹੀਂ ਹੋਏ ਹੋਰ ਕਿਸੇ ਦੇ ਕੀ ਹੋਣਾ ਸੀ ।

ਹਰਜੋਤ :– ਆਪਾ ਦੋਨੇ ਵਿਆਹ ਕਰਾ ਲੈਂਦੇ ਆ ਜੱਸੀ,ਮੈਂ ਨਹੀਂ ਰਹਿਣਾ ਤੇਰੇ ਬਿਨਾ।

ਜੱਸੀ :– ਅੱਛਾ ਕਿਵੇਂ ਹਊਗਾ ਵਿਆਹ,ਇਕ ਬੱਚਾ ਆ ਇਕ ਘਰਵਾਲੀ ਆ,ਫਿਰ ਕਿਵੇਂ ਹਊਗਾ ਵਿਆਹ ਮੇਰੇ ਨਾਲ...?? ਇਹ ਇੰਡੀਆ ਆ,ਪਾਕਿਸਤਾਨ ਨਹੀਂ ਕੇ ਦੋ ਦੋ ਘਰਵਾਲੀਆਂ ਰੱਖ ਸੱਕੋ ਤੁਸੀ।

ਹਰਜੋਤ :– ਅੱਜ ਕਲ ਸਭ ਕੁਝ ਹੋ ਜਾਂਦਾ ਆ , ਦਸ– ਦਸ ਸਾਲ ਬਾਅਦ ਲੋਕ ਇਕ ਦੂਜੇ ਕੋਲੋ ਤਲਾਕ ਲੈ ਲੈਂਦੇ ਆ। ਮੈਂ ਹਰਪ੍ਰੀਤ ਕੋਲੋ ਤਲਾਕ ਲੈ ਲਵਾਂਗਾ।

ਜੱਸੀ :– ਤੇ ਉਸ ਬੱਚੇ ਦਾ ਕੀ ਕਸੂਰ ਆ,ਜੋਂ ਇਸ ਦੁਨੀਆ ਵਿਚ ਆਇਆ ਆ,ਮੈਂ ਐਨੀ ਮਤਲਬੀ ਗਿਰੀ ਹੋਈ ਲਗਦੀ ਆ ਕੇ ਮੈਂ ਕਿਸੇ ਦਾ ਰਿਸ਼ਤਾ ਤੁੜਵਾ ਕੇ ਵਸਿਆ

ਬਸਾਇਆ ਘਰ ਪੱਟ ਦਵਾ।ਮੈਨੂੰ ਕੋਈ ਲਾਲਚ ਨਹੀਂ ਆ ਕੇ ਮੈਂ ਕਿਸੇ ਦਾ ਘਰ ਬਰਬਾਦ ਕਰਾ,ਤੁਹਾਡੇ ਜਿਨਾ ਜਿਗਰਾ ਨੀ ਮੇਰਾ ਕੇ ਮੈਂ ਘਰ ਪੱਟ ਦੀ ਫਿਰਾ ਮੇਰਾ ਜ਼ਮੀਰ ਨਹੀਂ ਮਰਿਆ ਤੁਹਾਡੇ ਵਾਂਗ,ਤੁਸੀ ਤਾਂ ਆਪਣੇ ਹੀ ਘਰ ਪੱਟ ਲਿਆ ।

ਹਰਜੋਤ :– ਮੈਨੂੰ ਨਹੀਂ ਪਤਾ ਕੁਝ ਵੀ,ਮੈਂ ਨੀ ਰਹਿਣਾ ਓਹਨਾ ਦੇ ਨਾਲ,ਮੈਂ ਘਰੇ ਗੱਲ ਕਰ ਲੈਂਦਾ ਆ, ਆਪਾ ਵਿਆਹ ਕਰਾਉਣਾ ਆ।

ਜੱਸੀ :– ਐਨੀ ਕੇ ਹੀ ਪਾਗ਼ਲ ਸੀ ਬਸ ਮੈਂ ਕੇ ਅਨਜਾਣੇ ਵਿਚ ਤੁਹਾਡੇ ਪਿੱਛੇ ਤਿੰਨ ਸਾਲ ਖਰਾਬ ਕਰ ਦਿੱਤੇ । ਜਿੰਨੀ ਤੁਸੀ ਸਮਝ ਲਿਆ ਓਨੀ ਪਾਗ਼ਲ ਨਹੀਂ ਕੇ ਕਿਸੇ ਵਿਆਹੇ ਬੰਦੇ ਨਾਲ ਇਕ ਬੱਚੇ ਦੇ ਬਾਪ ਨਾਲ ਵਿਆਹ ਕਰਵਾ ਲੈਣਾ ਮੈਂ। ਐਨੇ ਗਿਰੇ ਹੋਏ ਇਨਸਾਨ ਨਾਲ,ਜੋਂ ਅੱਜ ਆਪਣੇ ਬੱਚੇ ਆਪਣੇ ਘਰਵਾਲੀ ਨੂੰ ਮੇਰੇ ਲਈ ਛੱਡ ਰਿਹਾ ਆ,ਕਲ ਨੂੰ ਕਿਸੇ ਹੋਰ ਨਾਲ ਪਿਆਰ ਹੋ ਗਿਆ ਤਾਂ ਮੈਨੂੰ ਵੀ ਛੱਡ ਦਵੇਗਾ।

ਹਰਜੋਤ :– ਨਹੀਂ ਐਦਾ ਕਦੇ ਵੀ ਨਹੀਂ ਹੋ ਸਕਦਾ। ਯਕੀਨ ਕਰ ਜੱਸੀ ਇਕ ਵਾਰ । ਮੈਂ ਮੰਨਦਾ ਹਾਂ ਕਿ ਮੈਂ ਝੂਠ ਬੋਲਿਆਂ, ਪਰ ਇਹ ਵੀ ਤਾਂ ਸੋਚ ਮੈਂ ਤੇਰੇ ਲਈ ਬੋਲਿਆ ਤੇਰੇ ਪਿਆਰ ਲਈ ।

ਜੱਸੀ :– ਦਿਮਾਗ ਖਰਾਬ ਨਾ ਕਰੋ ਮੇਰਾ,ਕਦੇ ਸੋਚਿਆ ਤੁਹਾਡਾ ਝੂਠ ਕਿਸੇ ਦੀ ਜ਼ਿੰਦਗੀ ਖਰਾਬ ਕਰ ਸਕਦਾ। ਕਿੰਨੀ ਸਫਾਈ ਨਾਲ ਝੂਠ ਬੋਲਦੇ ਰਹੇ ਦੋਨੋ ਭਰਾ। ਕੀ ਕਿਹਾ ਸੀ ਤੁਸੀ .. ਮੈਂ ਤੇਰੇ ਘਰਦੇ ਮਨਾਂ ਲਵਾਂਗਾ,ਨਾ ਵੀ ਮੰਨਦੇ ਹੋਏ ਮੈਂ ਓਹਨਾ ਦੇ ਪੈਰਾਂ ਵਿਚ ਡਿੱਗ ਕੇ ਮੰਗ ਲਵਾਂਗਾ ਤੈਨੂੰ। ਆਹੀ ਕਿਹਾ ਸੀ ਨਾ, ਹੁਣ ਮੈਨੂੰ ਦਸੋ ਵੀ ਦਸੋ ਮੈਂ ਕਿਸ ਕੋਲੋ ਮੰਗ ਜਾਂ ਕੇ ਤੁਹਾਨੂੰ ਹਰਪ੍ਰੀਤ ਕੋਲੋ ਮੰਗਾ ਕੇ ਆਪਣਾ ਪਤੀ ਮੈਨੂੰ ਦੇਦੇ,ਕੇ ਤੁਹਾਡੇ ਘਰ ਦਿਆ ਕੋਲੋ ਮੰਗ ਕੇ ਆਪਣਾ ਵਿਆਹਿਆ ਮੁੰਡਾ ਮੈਨੂੰ ਦੇਦੋ। ਕਿੰਨੀਆ ਵੱਡੀਆ ਗੱਲਾਂ ਕਰਦੇ ਸੀ,ਸ਼ਰਮ ਨਹੀਂ ਆਉਂਦੀ ਸੀ ਐਨੇ ਝੂਠ ਬੋਲਦੇ ਸੀ।

ਹਰਜੋਤ :– ਮੈਨੂੰ ਮਾਫ਼ ਕਰਦੇ ਜੱਸੀ।ਮੈਂ ਇਸ ਕਾਬਿਲ ਵੀ ਨਹੀਂ ਕੇ ਤੂੰ ਮੈਨੂੰ ਮਾਫ਼ ਕਰੇ। ਤੇਰੇ ਪੈਰ ਫੜ ਕੇ ਮਾਫੀ ਮੰਗਦਾ,ਹੱਥ ਜੋੜ ਕੇ ।

ਜੱਸੀ :– ਜੇ ਇਹੀ ਸਭ ਜੋਂ ਤੁਸੀ ਮੇਰੇ ਨਾਲ ਕੀਤਾ ਤੁਹਾਡੀ ਭੈਣ ਨਾਲ ਹੁੰਦਾਂ ਤਾਂ ਕੀ ਤੁਸੀ ਮਾਫ਼ ਕਰ ਦਿੰਦੇ ਉਸ ਇਨਸਾਨ ਨੂੰ...? ਜੇ ਇਹੀ ਸਭ ਮੈਂ ਕੀਤਾ ਹੁੰਦਾ ਤੁਹਾਡੇ ਨਾਲ ਫਿਰ ਮੈਨੂੰ ਮਾਫ਼ ਕਰ ਦਿੰਦੇ..? ਐਨੇ ਪਾਪ ਕਰਕੇ ਮਾਫੀ ਦੀ ਉਮੀਦ ਰੱਖਦੇ ਹੋ ।

ਹਰਜੋਤ :– ਮੈਂ ਤੈਨੂੰ ਪਿਆਰ ਕਰਦਾ ਆ,ਸਭ ਤੋਂ ਜਾਦਾ ਤੂੰ ਮੰਨ ਜਾਂ ਨਾ, ਲਵ ਯੂ। ਨਹੀਂ ਮੈਂ ਮਰ ਜਾਣਾ। ਜੇ ਤੂੰ ਦੂਰ ਗਈ,ਦੇਖ ਮੈਂ ਫੋਟੋ ਭੇਜੀ ਮੈਂ ਇਹ ਦਵਾਈ ਪੀ ਲੈਣੀ ਕੇ ਤੂੰ ਮੈਨੂੰ ਛੱਡਿਆ।

ਜੱਸੀ :– ਮੈਨੂੰ ਕੋਈ ਫਰਕ ਨਹੀਂ ਪੈਂਦਾ,ਜੋਂ ਮਰਜੀ ਪੀਓ,ਮੇਰੇ ਕੋਲੋ ਵੀ ਹੈ,ਮੈਂ ਵੀ ਖਾ ਲੈਣੀ ਆ ਮਰਨ ਲਈ ਵੀ ਜਿਗਰਾ ਚਾਹੀਦਾ ਹੁੰਦਾ,ਕੋਈ ਦਸ ਕੇ ਨਹੀਂ ਮਰਦਾ।

ਜੱਸੀ :– ਮੈਂ ਸਭ ਤੋਂ ਪਹਿਲਾ ਤੁਹਾਨੂੰ ਖਾਸ ਰੱਖਦੀ ਸੀ ਆਪਣੀ ਜ਼ਿੰਦਗੀ ਵਿੱਚ, ਆਪਣੇ ਪਰਿਵਾਰ ਦਾ ਹਿੱਸਾ ਸਮਝ ਕੇ।

ਹਰਜੋਤ :– ਮੇਰੇ ਲਈ ਵੀ ਤੂੰ ਹੀ ਖਾਸ ਆ,ਕਲ ਵੀ ਸੀ ਅੱਜ ਵੀ ਸਭ ਤੋਂ ਪਹਿਲਾਂ, ਯਾਰ ਵਿਆਹੇ ਬੰਦੇ ਦੀ ਕੋਈ ਜ਼ਿੰਦਗੀ ਨਹੀਂ ਹੁੰਦੀ, ਕੀ ਉਹ ਨਹੀਂ ਜੀਅ ਸਕਦਾ ਆਪਣੀ ਮਰਜੀ ਨਾਲ, ਕੀ ।

ਜੱਸੀ :– ਤੁਹਾਡੀ ਘਰਵਾਲੀ ਤੋਂ ਪਹਿਲਾ...?

ਹਰਜੋਤ :– ਹਾਂ ! ਉਹਦੇ ਨਾਲੋਂ ਵੀ ਪਹਿਲਾਂ,ਤੂੰ ਸੋਚ ਜੱਸੀ ਜੇ ਮੈਂ ਤੇਰੇ ਨਾਲ ਟਾਈਮ ਪਾਸ ਕਰਦਾ ਹੁੰਦਾ ਤਾਂ ਮੈਂ ਵੀ ਹੋਰ ਮੁੰਡਿਆ ਵਾਂਗ ਤੈਨੂੰ ਰੂਮ ਵਿਚ ਮਿਲਦਾ,ਵਾਰ ਵਾਰ ਮਜਬੂਰ ਕਰਦਾ । ਪਰ ਮੈਂ ਕਦੇ ਵੀ ਤੈਨੂੰ ਲੈਕੇ ਨਹੀਂ ਗਿਆ ਕਿਸੇ ਹੋਟਲ,ਜਾ ਰੂਮ ਵਿਚ।

ਜੱਸੀ :– ਕਿਉਂ ਕੇ ਉਹ ਸਭ ਮੈਂ ਪਹਿਲਾ ਹੀ ਕਲੀਅਰ ਕਰ ਦਿੱਤਾ ਸੀ,ਕੇ ਮੇਰੇ ਕੋਲੋ ਉਮੀਦ ਨਾ ਰੱਖਿਓ ਵਿਆਹ ਤੋਂ ਪਹਿਲਾਂ ਕੋਈ ਵੀ ਇਹੋ ਜਹੀ,ਨਹੀਂ ਅੱਜ ਹੀ ਰਿਸ਼ਤਾ ਤੋੜ ਦਿਉ,ਕਿਹਾ ਸੀ ਨਾ ਮੈਂ ਏਦਾ,ਨਹੀਂ ਤੁਸੀ ਐਨੇ ਸ਼ਰੀਫ਼ ਤਾਂ ਨਹੀਂ ।

ਹਰਜੋਤ :– ਲਵ ਯੂ ਜੱਸੀ। ਮੈਂ ਚੰਡੀਗੜ ਰਹਿੰਦਾ ਜੇ ਐਨਾ ਹੀ ਪਿਆਰ ਹੋਵੇ ਹਰਪ੍ਰੀਤ ਦੇ ਨਾਲ ਨਾ ਰਹਿੰਦਾ ਮੈਂ, ਦੋ –ਦੋ ਮਹੀਨੇ ਮੈਂ ਘਰ ਨਹੀਂ ਜਾਂਦਾ।

ਜੱਸੀ :– ਜੇ ਪਿਆਰ ਨਹੀਂ ਸੀ ਤਾਂ ਬੇਟਾ ਕਿੱਥੋਂ ਆ ਗਿਆ,ਤੁਹਾਡਾ ਹੀ ਆ ਨਾ,ਕੇ ਕਿਸੇ ਹੋਰ ਦਾ ਆ।

ਹਰਜੋਤ :– ਬਸ ਯਾਰ ਉਹ ਹੋ ਗਿਆ,ਬਸ ਵੀ ਕਰ ਉਸ ਗੱਲ ਨੂੰ ਫੜਿਆ ਆ।

ਜੱਸੀ :– ਕਿੱਦਾ ਬਸ ਕਰਾ,ਤੁਸੀ ਤਾਂ ਸ਼ਰਾਬ ਵੀ ਨਹੀਂ ਪੀਂਦੇ,ਜਿਹੜਾ ਕਹਿ ਦਿਓ ਕੇ ਖਾਂਧੀ ਪੀਤੀ ਵਿਚ ਹੋ ਗਿਆ। ਕਿਹੋ ਜਿਹਾ ਬਾਪ ਆ,ਆਪਣੇ ਹੀ ਖ਼ੂਨ ਨੂੰ ਪਿਆਰ ਨਹੀਂ ਕਰ ਰਿਹਾ,ਤਰਸ ਨਹੀਂ ਕਰ ਰਿਹਾ।

ਹਰਜੋਤ :– ਪਲੀਜ ਜੱਸੀ ਬਸ ਕਰ,ਮੈਂ ਨਹੀਂ ਜੀਣਾ ਹੋਰ। ਮੈਨੂੰ ਮਾਫ਼ ਕਰ ਦਵੀ,ਮੈਨੂੰ ਰੱਬ ਵੀ ਮਾਫ ਨਹੀ ਕਰੇਗਾ ਪਲੀਜ ਤੂੰ ਕਰ ਦਵੀ ਤੇਰੇ ਪੈਰਾਂ ਵਿਚ ਮੇਰਾ ਸਿਰ ਆ ਜੱਸੀ ਤੂੰ ਬਹੁਤ ਚੰਗੀ ਕੁੜੀ ਆ।ਮੇਰੀ ਜ਼ਿੰਦਗੀ ਦਾ ਤੂੰ ਸੱਚਾ ਪਿਆਰ ਸੀ, ਲਵ ਯੂ । ਖੁਸ਼ ਰਹਿ ਬਾਏ....!

✪✪✪✪✪✪✪

# ਭਾਗ – 27

ਗੁੱਸੇ ਵਿਚ ਜੱਸੀ ਨੇ ਨੈੱਟ ਬੰਦ ਕਰ ਦਿੱਤਾ,ਥੋੜੇ ਟਾਈਮ ਬਾਅਦ ਫਿਰ ਤੋਂ ਔਨ ਤਾਂ ਹਰਜੋਤ ਦੇ ਮੈਸੇਜ ਦੀ ਲੰਬੀ ਲਾਈਨ ਲੱਗੀ ਹੋਈ ਸੀ....!

ਹਰਜੋਤ :– ਮੈਨੂੰ ਮਾਫ਼ ਕਰਦੇ ਜੱਸੀ,ਮੈਂ ਉਹ ਗੁਨਾਹ ਕੀਤਾ ,ਤੈਨੂੰ ਪਿਆਰ ਕਰਨ ਦਾ, ਉਹ ਵੀ ਸੱਚੇ ਦਿੱਲੋ ,ਜਿਸ ਦੀ ਕੋਈ ਮੁਆਫੀ ਨਹੀ ਆ,ਫਿਰ ਵੀ ਤੂੰ ਕਦੇ ਪਿਆਰ ਕੀਤਾ ਸੀ ਤਾਂ ਮਾਫ ਕਰ ਦਵੀ,ਤੈਨੂੰ ਹੋਰ ਵੀ ਵਧੀਆ ਮੁੰਡੇ ਮਿਲ ਜਾਣੇ,ਪਰ ਮੈਨੂੰ ਤੇਰੇ ਵਰਗੀ ਕੁੜੀ ਨਹੀਂ ਮਿਲਣੀ। ਸੱਚੀ ਤੂੰ ਬਹੁਤ ਚੰਗੀ ਸੀ। ਮੇਰੀ ਸ਼ਾਇਦ ਆਖਰੀ ਰਾਤ ਆ ਇਸ ਦੁਨੀਆ ਤੇ।

ਮੌਤ ਵਾਲੀ ਸਜ਼ਾ ਤਾਂ ਬਣਦੀ ਆ ਮੇਰੀ,ਏਨਾ ਵੱਡਾ ਪਾਪ ਕੀਤਾ,ਕਿਸੇ ਦਾ ਦਿਲ ਦੁਖਾਇਆ, ਪਰ ਸੱਚੀ ਦੱਸਾ ਮੈਂ ਹਰਪ੍ਰੀਤ ਨਾਲ ਖੁਸ਼ ਨਹੀਂ ਆ,ਮੈਨੂੰ ਤੇਰੇ ਨਾਲ ਰਹਿਣ ਚ ਖੁਸੀ ਮਿਲਦੀ ਆ। ਪਰ ਤੂੰ ਇਹ ਗੱਲ ਨਹੀਂ ਸਮਝਣੀ ,ਤੇਰੇ ਦਿਲ ਵਿਚ ਲੋਕਾ ਨੇ ਨਫਰਤ ਦੇ ਬੀਜ ਬੀਜੇ ਨੇ,ਹੁਣ ਤੂੰ ਨਫਰਤ ਕਰਦੀ ਆ ਮੇਰੇ ਨਾਲ। ਫ਼ਿਰ ਮੇਰਾ ਤੇਰੀ ਜ਼ਿੰਦਗੀ ਜਾ ਫੇਸਬੁੱਕ ਤੇ ਰਹਿਣ ਦਾ ਹੁਣ ਕੋਈ ਮਤਲਬ ਨਹੀਂ ਰਹਿ ਗਿਆ।

ਮੈਂ ਚੱਲਾ ਹਾਂ ਤੇਰੀ ਜ਼ਿੰਦਗੀ ਵਿਚੋਂ,ਆਪਣਾ ਖਿਆਲ ਰੱਖੀਂ,ਤੇ ਖੁਸ਼ ਰਹਿ,ਪਲੀਜ ਹੋ ਸਕਿਆ ਤਾਂ ਮਾਫ਼ ਕਰੀ,ਮੇਰੇ ਦਿਲ ਵਿਚ ਅੱਜ ਵੀ ਤੁਹੀ ਆ। ਤੇ ਕਲ ਵੀ ਤੁਹੀ ਰਹਿਣਾ। ਰੋਜ ਤੇਰੇ ਨਾਲ ਗੱਲ ਕਰਕੇ ਸੌਣ ਦੀ ਆਦਤ ਸੀ,ਹੁਣ ਮੇਰੀਆ ਨੀਂਦਾ ਉੱਡ ਗਈਆਂ। ਮੇਰੀਆ ਅੱਖਾ ਹਰ ਰੋਜ ਤੇਰੇ ਮੈਸੇਜ ਦਾ ਨੂੰ ਉਡੀਕਦੀਆਂ ਸੀ,ਹੁਣ ਇਹ ਉਡੀਕਾਂ ਖਤਮ ਹੋ ਗਈਆਂ ਜੱਸੀ ।

ਮੈਨੂੰ ਪਤਾ ਆ ਹੁਣ ਤੂੰ ਮੇਰੀ ਜ਼ਿੰਦਗੀ ਵਿਚ ਨਹੀਂ ਰਹਿਣਾ ,ਤੂੰ ਚਲੀ ਜਾਵੇਂਗੀ, ਮੇਰਾ ਦਿਲ ਤੜਫ਼ਣੇ ਲਈ ਛੱਡ ਜਾਣਾ ਤੂੰ । ਤੈਨੂੰ ਪਿਆਰ ਕੀਤਾ ਸੀ ਜੱਸੀ ਸੱਚੀ ਦਿਲੋ,ਕੋਈ ਕਸੂਰ ਨਹੀਂ ਮੇਰਾ। ਇਸ ਤੋਂ ਪਹਿਲਾਂ ਤੂੰ ਬਲੋਕ ਕਰੇਂ,ਮੈਂ ਖੁਦ ਹੀ ਚਲਾ ਜਾਂਦਾ ਹਾਂ ਤੇਰੀ

ਜ਼ਿੰਦਗੀ ਵਿਚੋਂ। ਤੇਰੀਆਂ ਨਜ਼ਰਾਂ ਵਿਚ ਗੁਨਾਹ ਆ ਪਰ ਮੈਂ ਤੈਨੂੰ ਪਿਆਰ ਕੀਤਾ ਆ। ਰੱਬ ਦਾ ਵਾਸਤਾ ਆ ਜੱਸੀ ਤੈਨੂੰ ,ਮੈਨੂੰ ਮਾਫ਼ ਕਰ ਦਵੀ। ਮੈਨੂੰ ਪਤਾ ਆ ਮੇਰੀ ਜੱਸੀ ਦਾ ਦਿਲ ਬਹੁਤ ਵੱਡਾ ਆ, ਮੈਨੂੰ ਮਾਫ਼ ਕਰ ਦੇਣਾ।

ਐਨਾ ਸਭ ਬੋਲ ਹਰਜੋਤ ਨੇ ਜੱਸੀ ਨੂੰ ਬਲੋਕ ਕਰ ਦਿੱਤਾ।

ਕੁਝ ਟਾਈਮ ਬਾਅਦ ਜੱਸੀ ਨੇ ਨੈੱਟ ਔਨ ਕੀਤਾ ਤਾਂ ਦੇਖਿਆ ਹਰਜੋਤ ਨੇ ਜੱਸੀ ਨੂੰ ਬਲੋਕ ਕੀਤਾ ਹੋਇਆ ਸੀ। ਦੇਖਿਆ ਸਾਰ ਹੀ ਜੱਸੀ ਦੀਆਂ ਅੱਖਾਂ ਚੋ ਹੰਝੂਆਂ ਦਾ ਸੈਲਾਬ ਤੁਰ ਵਗਿਆ।  ਜੱਸੀ ਪਿਛਲੇ ਤਿੰਨ ਸਾਲਾਂ ਦਾ ਸੋਚ ਸੋਚ ਰੋਣ ਲੱਗੀ ,ਦਿਲ ਵਿਚ ਹੌਲ ਪੈਣ ਲੱਗੇ। ਕਿਸੇ ਨੂੰ ਐਨਾ ਚਾਅ ਕੇ ਉਸ ਇਨਸਾਨ ਬਿਨਾ ਰਹਿਣਾ ਬਹੁਤ ਔਖਾ ਲੱਗ ਰਿਹਾ ਸੀ ਜੱਸੀ ਨੂੰ,ਮੰਨਿਆ ਜੱਸੀ ਨੂੰ ਨਫ਼ਰਤ ਹੋ ਗਈ ਸੀ ,ਪਿਆਰ ਦਾ ਨਾਮੋ ਨਿਸ਼ਾਨ ਨਹੀਂ ਰਿਹਾ ਸੀ ਜੱਸੀ ਦੇ ਦਿਲ ਵਿਚ ਹਰਜੋਤ ਲਈ, ਪਰ ਫਿਰ ਵੀ ਕਿਸੇ ਨੂੰ ਐਨਾ ਪਿਆਰ ਕਰਕੇ ਭੁੱਲਣਾ ਜੱਸੀ ਲਈ ਮੁਸ਼ਕਿਲ ਦੀ ਘੜੀ ਸੀ।

ਜੱਸੀ ਪੱਲ ਪੱਲ ਟੁੱਟਣ ਲੱਗੀ,ਕੁਝ ਬੀਤੇ ਵੇਲੇ ਦੀਆਂ ਯਾਦਾਂ ਕੁਝ ਖੁਦ ਨਾਲ ਹੋਏ ਧੋਖਾ ਇਹ ਸਹਿਣ ਨਹੀਂ ਕਰ ਪਾ ਰਹੀ ਸੀ। ਉਸ ਨੂੰ ਆਪਣਾ ਘਰ ,ਆਪਣਾ ਰੂਮ,ਆਪਣਾ ਵੀ ਵੱਢ ਵੱਢ ਖਾਣ ਲੱਗਾ । ਕੁੜੀ ਹੋਣ ਕਰਕੇ ਉਹ ਘਰੋਂ ਬਾਹਰ ਜਾ ਕੇ ਕਿਤੇ ਰੋ ਵੀ ਨਹੀਂ ਸਕਦੀ ਸੀ। ਰੋਂਦੇ ਰੋਂਦੇ ਕਿਸੇ ਦੇ ਆਉਣ ਤੇ ਇਕ ਦਮ ਚੁੱਪ ਕਰਕੇ ਹੱਸਣਾ ਕਿਹੜਾ ਸੌਖਾ ਹੁੰਦਾਂ,ਆਪਣੇ ਆਪ ਵਿੱਚ ਗੁੰਮ ਹੋਏ ਰਹਿਣਾ ਤੇ ਰੋਂਦੇ ਰੋਂਦੇ ਹੋਏ ਵੀ ਹੰਝੂ ਲੁਕਾਉਣੇ ਜੱਸੀ ਨੂੰ ਡਿਪਰੈੱਸ਼ਨ ਦਾ ਸ਼ਿਕਾਰ ਬਣਾਉਣ ਲੱਗੇ।

ਜੌਬ ਛੱਡ ਜੱਸੀ ਘਰੇ ਰਹਿਣ ਲੱਗੀ। ਬਾਣੀ ਦੇ ਨਾਲ ਗੱਲ ਕਰਦਿਆਂ ਵੀ ਜੱਸੀ ਫੁੱਟ ਫੁੱਟ ਰੋਣ ਲਗਦੀ। ਜੱਸੀ ਨੂੰ ਐਨਾ ਰੋਂਦਾ ਦੇਖ ਬਾਣੀ ਵੀ ਖੁਦ ਨੂੰ ਰੋਕ ਨਾ ਪਾਉਂਦੀ, ਕਿਉਂ ਕੇ ਜੱਸੀ ਦੀ ਇਸ ਹਾਲਤ ਲਈ ਬਾਣੀ ਖੁਦ ਨੂੰ ਦੋਸ਼ੀ ਸਮਝਦੀ ਸੀ।  ਪਰ ਫਿਰ ਵੀ ਬਾਣੀ ਜੱਸੀ ਦਾ ਹੌਸਲਾ ਬਣ ਹਮੇਸ਼ਾ ਨਾਲ ਰਹਿੰਦੀ। ਜੱਸੀ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦੀ । ਪਰ ਫਿਰ ਵੀ  ਜੱਸੀ ਨੂੰ ਡਿਪਰੈੱਸ਼ਨ ਨੇ ਆਣ ਘੇਰਾ ਹੀ ਲਿਆ । ਜੱਸੀ ਨਾਲ  ਉਸਦੇ ਦੋਸਤ ਬਾਣੀ,ਸਤਿੰਦਰ,ਰਾਜਵਿੰਦਰ,ਬੇਅੰਤ ,ਗੋਪੀ,ਇਥੋਂ ਤੱਕ ਹਰਜੋਤ ਦੇ ਘਰਵਾਲੀ ਹਰਪ੍ਰੀਤ ਵੀ ਉਸਦੇ ਸੀ।  ਨਿੱਕੀ ਨਿੱਕੀ ਗੱਲ ਰੋ ਦੇਣਾ ਜੱਸੀ ਦਾ ਸੁਬਾਹ ਹੋ ਗਿਆ ਸੀ। ਅਕਸਰ ਗਰੁੱਪ ਵਿਚ ਜੱਸੀ ਨੇ ਕਹਿਣਾ ਮੇਰੇ ਨਾਲ э∀ ਮੇਰੇ ਨਾਲ ਹੀ ਐਦਾ ਕਿਉਂ ਕੀਤੀ ਰੱਬ ਨੇ∀ ਜੱਸੀ ਦੀ ਇਸ ਗੱਲ ਨੇ ਸਾਰਿਆ ਦੇ

ਦਿਲ ਚੀਰ ਕੇ ਰੱਖ ਦੇਣੇ। ਸਭ ਦੇ ਸਮਝੌਣ ਤੇ ਜੱਸੀ ਨੇ ਬਸ ਇਕੋ ਗੱਲ ਕਹਿਣੀ .... ਦਿਲ ਦੁੱਖਦਾ,ਜਿਵੇਂ ਚੀਰੇ ਆਏ ਹੋਣ,ਜਿਵੇਂ ਕੋਈ ਟੋਟੇ – ਟੋਟੇ ਕਰ ਕੇ ਕੇ ਲਹੂ ਤਾਂ ਕਤਰਾ – ਕਤਰਾ  ਕਰ ਸਭ ਲਹੂ ਵਹਿਣ ਵਾਸਤੇ ਛੱਡ ਗਿਆ ਹੋਵੇ। ਮੈਨੂੰ ਚੈਨ ਨਹੀਂ ਮਿਲਦੀ,ਮੇਰਾ ਕੀ ਕਸੂਰ ਸੀ ਮੈਂ ਆਪਣਾ ਕਸੂਰ ਹੀ ਲਭਦੀ ਰਹਿੰਦੀ ਆ ਕੇ ਰੱਬ ਐਨੀ ਸਜ਼ਾ ਦਿੱਤੀ ਮੈਨੂੰ ਕਸੂਰ ਵੀ ਦੱਸ ਦਿੰਦਾ।

ਜੱਸੀ ਦੀ ਇਹ ਹਾਲਤ ਓਹਦੇ ਦੋਸਤਾ ਕੋਲੋ ਦੇਖ ਨਹੀਂ ਹੁੰਦੀ ਸੀ। ਫਿਰ ਗੋਪੀ ਤੇ ਸਤਿੰਦਰ ਨੇ ਸੋਚਿਆ ਕਿ ਹਰਜੋਤ ਨੂੰ ਜਾ ਕੇ ਇੱਕ ਵਾਰ ਅਕਲ ਦੇਣੀ ਤਾਂ ਬਣਦੀ ਆ, ਨਹੀਂ ਜੱਸੀ ਨੂੰ ਕਦੇ ਚੈਨ ਨਹੀਂ ਮਿਲਣੀ। ਇਕ ਦਿਨ ਗੋਪੀ ,ਸਤਿੰਦਰ ,ਬਾਣੀ ਤੇ ਨਾਲ ਜੱਸੀ ਨੂੰ ਲੈਕੇ ਹਰਜੋਤ ਦੇ ਪਿੰਡ ਚਲੇ ਗਏ।  ਕਿਉਂ ਕੇ ਹਰਜੋਤ ਦੇ ਕਾਰਨਾਮੇ ਹਰਜੋਤ ਦੇ ਡੈਡੀ ਕੋਲੋ ਗੁੱਝੇ ਸਨ । ਉਹ ਆਪਣੇ ਪਿਉ ਦੀ ਨਜ਼ਰ ਵਿਚ ਇਕ ਚੰਗਾ ਪੁੱਤ ਸੀ । ਤੇ ਇਹਨਾ ਗੱਲਾਂ ਦੇ ਜਵਾਬ ਉਹ ਪਿਉ ਦੇ ਸਾਹਮਣੇ ਲੈਣਾ ਚਾਉਂਦੇ ਸਨ।  ਐਤਵਾਰ ਦਾ ਦਿਨ ਸੀ,ਤੇ ਸਭ ਘਰ ਹੀ ਹੁੰਦੇ ਇਹ ਗੱਲ ਹਰਪ੍ਰੀਤ ਨੇ ਪਹਿਲਾਂ ਹੀ ਦੱਸ ਦਿੱਤੀ ਸੀ।

ਗੇਟ ਖੜਕਦਿਆ ਸਾਰ ਸੀ ਹਰਜੋਤ ਦੀ ਮੰਮੀ ਗੇਟ ਖੋਲਣ ਲਈ ਆਈ ਤਾਂ,ਐਨੇ ਜਾਣਿਆ ਨੂੰ ਦੇਖ ਪੁੱਛਣ ਲੱਗੀ ਹਾਂਜੀ ਭਾਈ ਕੌਣ ਤੁਸੀ...?

ਸਤਿੰਦਰ :– ਸਤਿ ਸ੍ਰੀ ਆਕਾਲ ਆਂਟੀ ਜੀ । ਹਰਜੋਤ ਤੇ ਸ਼ਿੰਦਾ ਹੈਗੇ ਘਰੇ ਕੇ ਨਹੀਂ... ਅਸੀ ਉਹਨਾ ਨੂੰ ਮਿਲਣ ਆਏ ਆ ?

ਆਂਟੀ :– ਹੈਗੇ ਆ ਭਾਈ ਘਰ ਹੀ ਨੇ । ਆਜੋ ਲੰਘ ਆਓ । ਮੈਂ ਬੁਲਾਉਂਦੀ ਆ ਦੋਨਾਂ ਨੂੰ।

ਪੌੜੀਆਂ ਉਤਰਦੀ ਹੋਈ ਹਰਪ੍ਰੀਤ ਦੀ ਨਜ਼ਰ ਜੱਸੀ ਦੇ ਉਤਰੇ ਜਿਹੇ ਮੂੰਹ ਤੇ ਪਈ,ਤੇ ਹਰਪ੍ਰੀਤ ਜੱਸੀ ਨੂੰ ਦੇਖ ਮੁਸਕਰਾਉ ਲੱਗੀ ਤੇ ਸਮਾਇਲ ਕਰਨ ਲਈ ਇਸ਼ਾਰਾ ਕਰਨ ਲੱਗੀ। ਹਰਪ੍ਰੀਤ ਨੇ ਹੱਥ ਜੋੜ ਸਭ ਨੂੰ ਸਤਿ ਸ੍ਰੀ ਆਕਾਲ ਬੁਲਾਈ। ਉਹ ਸਭ ਪਰਿਵਾਰ ਅੱਗੇ  ਨਹੀਂ ਦਿਖਾ ਸਕਦੀ ਸੀ ਕਿ ਉਹ ਇਹਨਾਂ ਸਭ ਨੂੰ ਜਾਣਦੀ ਹੈ।  ਪਰ ਫਿਰ ਵੀ ਜਿਨਾ ਟਾਈਮ ਘਰ ਦਾ ਕੋਈ ਮੈਂਬਰ ਵੇਹੜੇ ਵਿਚ ਨਹੀਂ ਆਇਆ ਤਾਂ

ਹਰਪ੍ਰੀਤ ਨੇ ਜਲਦੀ ਜਲਦੀ ਜਾ ਕੇ ਜੱਸੀ ਨੂੰ ਘੁੱਟ ਗਲਵੱਕੜੀ ਪਾਂ ਲਈਤੇ ਕਹਿਣ ਲੱਗੀ...

ਹਰਪ੍ਰੀਤ :– ਵੱਡਾ ਦਿਲ ਰੱਖ ਭੈਣ,ਇਹੋ ਜਿਹੇ ਬੰਦੇ ਲਈ ਰੋ ਰੋ ਕੇ ਆਪਣਾ ਆਪ ਗੁਆਉਣਾ ਕੋਈ ਫਾਇਦਾ ਨਹੀਂ ਮਿਲਣਾ। ਤੂੰ ਸੱਚੀ ਬਹੁਤ ਚੰਗੀ ਆ।

ਜੱਸੀ :– ਹਮਮਮਮ। ਮੈਨੂੰ ਆਪਣਾ ਬੇਟਾ ਤਾਂ ਦਿਖਾ ਦਿਓ।

ਹਰਪ੍ਰੀਤ :– ਹਾਂ ਦਿਖਾ ਦਊਗੀ,ਕੋਠੇ ਤੇ ਆ,ਮੈਂ ਲੈਕੇ ਆਵਾਂਗੀ ਨੀਚੇ । ਨਾਲੇ ਹੁਣ ਆਏ ਹੋ ਤਾਂ ਇਹਦੀ ਚੰਗੀ ਤਰਾ ਖੁੰਬ ਠੱਪ ਕੇ ਜਾਇਉ। ਮੇਰੇ ਵੀ ਦਿਲ ਨੂੰ ਸਕੂਨ ਮਿਲੇਗਾ। ਤੂੰ ਅੱਜ ਰੋਈ ਆ ਹਨਾਂ,ਮੈਂ ਬਹੁਤ ਸਾਲਾ ਤੋਂ ਰੋ ਰਹੀ ਆ। ਆਪਣੀ ਕਿਸਮਤ ਨੂੰ ।

ਚਲੋ ਜਾਓ ਤੁਸੀ ਬੈਠੋ ਜਾ ਕੇ, ਡੈਡੀ ਵੀ ਆ ਗਏ ਨੇ ਕਲੀਨਿਕ ਤੋਂ ਹੁਣੇ ਹੀ,ਬਸ ਫਰੈਸ਼ ਹੋ ਰਹੇ ਨੇ।

ਵਿਹੜੇ ਵਿਚ ਖੜੀ ਜੱਸੀ ਨੂੰ ਦੇਖ ਹਰਜੋਤ ਦੇ ਹੋਸ਼ ਉੱਡ ਗਏ।

✪✪✪✪✪✪✪

# ਭਾਗ – 28

ਜੱਸੀ ਨੂੰ ਦੇਖ ਕੇ ਤਾਂ ਹਰਜੋਤ ਦੇ ਹੋਸ਼ ਉੱਡਣੇ ਹੀ ਸੀ,ਨਾਲ ਸਤਿੰਦਰ,ਗੋਪੀ ਤੇ ਬਾਣੀ ਦੇਖ ਕੇ ਹਰਜੋਤ ਦੇ ਪੈਰਾਂ ਹੇਠੋਂ ਜ਼ਮੀਨ ਵੀ ਜਿਵੇਂ ਨਿਕਲ ਗਈ ਹੋਵੇ। ਉਹਨੇ ਕਦੇ ਸੋਚਿਆ ਵੀ ਨਹੀਂ ਸੀ ਕੇ ਜੱਸੀ ਹਰਜੋਤ ਦੇ  ਘਰ ਵੀ ਆ ਸਕਦੀ।

ਆਪਣੇ ਡੈਡੀ ਅੱਗੇ ਬਣਾਈ ਹੋਈ ਇੱਜ਼ਤ ਅੱਜ ਹਰਜੋਤ ਨੂੰ ਤਾਰ ਤਾਰ ਹੁੰਦੀ ਨਜ਼ਰ ਆਉਣ ਲੱਗੀ। ਫਟਾਫਟ ਹਰਜੋਤ ਜੱਸੀ ਦੇ ਕੋਲ ਆਣ ਖਲੋਇਆ.....!

ਹਰਜੋਤ :– ਤੂੰ ਇੱਥੇ ਕੀ ਕਰਦੀ ਆ,ਨਾਲੇ ਆਹ ਐਨੇ ਜਾਣੇ ਨਾਲ ਕਿਉਂ ਲੈਕੇ ਆਈ ਆ...?

ਜੱਸੀ ਕੁਝ ਬੋਲਦੀ ਇਸ ਤੋਂ ਪਹਿਲਾਂ ਬਾਣੀ ਦਾ ਗੁੱਸਾ ਹੀ ਮੂੰਹ ਚੜ੍ਹ ਬੋਲ ਪਿਆ...!

ਬਾਣੀ :– ਕਿਉਂ ! ਉਹ ਪਿਆਰ ਕਰਦੀ ਆ ,ਤੇਰੇ ਘਰ ਨਹੀਂ ਆ ਸਕਦੀ ,ਓਦਾ ਵੀ ਵਿਆਹ ਕੇ ਤੇਰੇ ਘਰ ਹੀ ਆਉਣਾ ਸੀ,ਤੂੰ ਨਹੀਂ ਵਿਆਹ ਦੀ ਗੱਲ ਕਰਦਾ ਘਰੇ ,ਅਸੀਂ ਕਹਿ ਤੂੰ ਸਾਡੇ ਨਾਲ ਤੁਰ,ਅਸੀਂ ਆਪੇ ਜਾ ਕੇ ਗੱਲ ਤੋਰ ਲੈਂਦੇ ਆ। ਠੀਕ ਕੀਤਾ ਅਸੀਂ ਹਨਾਂ ਆ ਕੇ...?

ਹਰਜੋਤ :– ਬਕਵਾਸ ਬੰਦ ਕਰ ਬਾਣੀ... ਇਹ ਘਰ ਆ ਮੇਰਾ,ਫੇਸਬੁੱਕ ਦਾ ਚੈਟ ਗਰੁੱਪ ਨਹੀਂ।

ਸਤਿੰਦਰ :– ਪੁੱਤ ਜੱਸੀ ਦਾ ਵੀ ਦਿਲ ਸੀ ਫਿਰ ,ਕੋਈ ਫੇਸਬੁੱਕ ਦਾ ਚੈਟ ਗਰੁੱਪ ਨਹੀਂ , ਜਿਸ ਚ ਆ ਕੇ ਗੰਦ ਪਾਉਣ ਲੱਗ ਗਿਆ,।

ਹਰਜੋਤ :– ਯਾਰ ਤੁਸੀ ਜਾਓ ਇਥੋਂ ਮੈਂ ਬਾਹਰ ਆ ਕੇ ਕਰਦਾ ਗੱਲ ਤੁਸੀ ਜਾਓ ਪਲੀਜ਼...! ਹੱਥ ਜੋੜ ਦਾ ਮੈਂ ਤੁਹਾਡੇ ਅੱਗੇ । ਜੱਸੀ ਜੇ ਕਦੇ ਮੈਨੂੰ ਪਿਆਰ ਕੀਤਾ ਤਾਂ ਪਲੀਜ ਲੈ  ਜਾ ਇਹਨਾ ਨੂੰ ਇਥੋਂ...।

ਜੱਸੀ :– ਨਹੀਂ ਜਾਣਾ,ਮੈਂ ਕਦੇ ਨਹੀਂ ਕੀਤਾ ਪਿਆਰ ਬਸ ਇਹੀ ਸੋਚ ਲਓ। ਮੈਂ ਤਾਂ

ਹਰਪ੍ਰੀਤ ਨੂੰ ਮਿਲਣ ਆਈ ਆ,ਨਾਲੇ ਕਾਕੇ ਨੂੰ।

ਹਰਜੋਤ :– ਪਲੀਜ ਜੱਸੀ ਮੈਂ ਤੇਰੇ ਪੈਰ ਫੜ ਲੈਂਦਾ ਪਲੀਜ ਜਾਓ ਇਥੋਂ।

ਗੋਪੀ :– ਬਾਈ ਗੱਲ ਕਰਨ ਆਏ ਆ,ਗੱਲ ਕਰਕੇ ਚਲੇ ਹੀ ਜਾਣਾ ,ਅਸੀਂ ਕਿਹੜਾ ਰਹਿਣ ਆਏ ਆ।

ਹਰਜੋਤ ਦੀ ਕੋਈ ਪੇਸ਼ ਨਾ ਚੱਲੀ ਤਾਂ ਹਰਜੋਤ ਨੇ ਸ਼ਿੰਦੇ ਨੂੰ ਫੋਨ ਲਗਾਇਆ ਤੇ ਸਭ ਦੱਸਿਆ ਕੇ ਆਏ ਹੋਏ ਨੇ ਇਕੱਠੇ ਹੋ ਕੇ,ਫਿਰ ਸ਼ਿੰਦੇ ਨੇ ਜੱਸੀ ਨੂੰ ਫੋਨ ਕੀਤਾ.....!

ਸ਼ਿੰਦਾ :– ਜੱਸੀ ਪਲੀਜ਼ ਚਲੇ ਜਾਓ ਸਾਡੇ ਘਰੋ,ਹਰਜੋਤ ਦਾ ਘਰ ਨਾ ਪੱਟ।

ਜੱਸੀ :– ਪੱਟ ਹੋ ਲੈਣ ਦਿਓ,ਓਦਾ ਵੀ ਉਹ ਖੁਸ਼ ਨਹੀਂ ਆ ਹਰਪ੍ਰੀਤ ਨਾਲ।

ਸ਼ਿੰਦਾ :– ਤੂੰ ਉਹਦੇ ਛੋਟੇ ਬੱਚੇ ਦਾ ਹੀ ਖਿਆਲ ਕਰ ਲਾ ।

ਜੱਸੀ :– ਅੱਛਾ ! ਬੱਚੇ ਦੇ ਬਾਪ ਨੇ ਤਾਂ ਖਿਆਲ ਆਪਣੇ ਬੱਚੇ ਦਾ ਖਿਆਲ ਕੀਤਾ ਨਹੀਂ ਸੀ,ਫਿਰ ਮੈਨੂੰ ਕੀ ਲੋੜ ਆ ਕਿਸੇ ਦੇ ਬੱਚੇ ਦੀ ਫ਼ਿਕਰ ਕਰਨ ਦੀ...?

ਸ਼ਿੰਦਾ :– ਦੇਖ ਤੇਰੀ ਇਸ ਗਲਤੀ ਨਾਲ ਹਰਜੋਤ ਨੇ ਕੁਝ ਕਰ ਲਿਆ ਫਿਰ...? ਜੇ ਉਹ ਮਰ ਗਿਆ ਫਿਰ, ਉਹਦੇ ਬੱਚੇ ਤੇ ਭਾਬੀ ਦਾ ਕੀ ਹਉ...?

ਜੱਸੀ :– ਜੋਂ ਮਰਜੀ ਕਰੇ, ਮਰੇ,ਘਰ ਪੱਟ ਹੋਵੇ, ਮੈਨੂੰ ਕੋਈ ਫਰਕ ਨਹੀਂ ਪੈਂਦਾ। ਜਦੋਂ ਓਹਨੂੰ ਕੋਈ ਫ਼ਿਕਰ ਨਹੀਂ ਸੀ ਆਪਣੇ ਬੱਚੇ,ਤੇ ਘਰਵਾਲ਼ੀ ਦੀ ,ਯਾਰ ਮੈਂ ਵੀ ਕਿਉਂ ਪਰਵਾਹ ਕਰਾ ...? ਅੱਜ ਤਾਂ ਗੱਲ ਕਰਕੇ ਹੀ ਜਾਣਾ,ਮੇਰੀ ਜ਼ਿੰਦਗੀ ਦੇ ਤਿੰਨ ਸਾਲ ਬਰਬਾਦ ਕੀਤੇ,ਤੂੰ ਤੇ ਤੇਰੇ ਭਰਾ ਨੇ,ਤੂੰ ਕਹਿੰਦਾ ਮੈਂ ਇਥੋਂ ਚਲੀ ਜਾਵਾਂ,ਕਿਉਂ ਜਾਵਾ । ਤੈਨੂੰ ਅੱਜ ਖਿਆਲ ਆ ਰਿਹਾ ਤੇਰੇ ਭਰਾ ਦੇ ਘਰ ਦਾ,ਜਦੋਂ ਉਹ ਕਿਸੇ ਦੀ ਜ਼ਿੰਦਗੀ ਤੇ ਦਿਲ ਨਾਲ ਖੇਡ ਰਿਹਾ ਦੀ ਤੂੰ ਉਸਨੂੰ ਰੋਕਣ ਦੀ ਵਜਾਏ ਉਸਦਾ ਸਾਥ ਦੇ ਰਿਹਾ ਸੀ .. ਉਦੋਂ ਨੀ ਖਿਆਲ ਆਇਆ ਸੀ ਭਰਾ ਦੇ ਘਰ ਦਾ...? ਜਿਨਾ ਟਾਈਮ ਪਿਆਰ ਸੀ , ਬਹੁਤ ਫ਼ਿਕਰ ਕੀਤੀ,ਹੁਣ ਉਹ ਮਰੇ ਜਾ ਜੀਵੇਂ ਮੈਨੂੰ ਕੋਈ ਫ਼ਕਰ ਨਹੀਂ ਪੈਂਦਾ। ਮਰ ਗਈ ਮੇਰੇ ਵਿਚ ਵੀ ਇਨਸਾਨੀਅਤ ਸੀ ਜਿਹੜੀ । ਫੋਨ ਕੱਟ ਤੇਰੇ ਨਾਲ ਤਾਂ ਬਥੇਰੀਆ ਗੱਲਾਂ ਕੀਤੀਆਂ ਤਿੰਨ ਸਾਲ ,ਹੁਣ ਤੇਰੇ ਘਰ ਦਿਆ ਨਾਲ ਕਰ ਲਵਾਂ। ਤੂੰ ਬੜਾ ਭਾਬੀ ਭਾਬੀ ਕਰਦਾ ਹੁੰਦਾ ਸੀ ,ਅਫਸੋਸ ਭਾਬੀ ਅੱਜ ਘਰ ਆਈ ਆ ਤੇ ਤੂੰ ਵੈਲ

ਕਮ ਕਰਨ ਲਈ ਵੀ ਨੀ ਹੈਗਾ ।

ਐਨਾ ਕਹਿ ਕੇ ਜੱਸੀ ਨੇ ਫੋਨ ਕੱਟ ਦਿੱਤਾ ਤੇ ਹਰਜੋਤ ਵੱਲ ਦੇਖਦੀ ਰਹੀ,ਹਰਜੋਤ ਜੱਸੀ ਅੱਗੇ ਹੱਥ ਜੋੜ ਰਿਹਾ ਸੀ, ਪਰ ਹੁਣ ਜੱਸੀ ਤੇ ਹਰਜੋਤ ਦੀ ਕਿਸੇ ਵੀ ਗੱਲ ਦਾ ਕੋਈ ਅਸਰ ਨਹੀਂ ਹੋ ਰਿਹਾ ਸੀ। ਹਰਜੋਤ ਦੀ ਮੰਮੀ ਬਰਾਂਡੇ ਵਿੱਚ ਆਈ ਤੇ ਕਹਿੰਦੀ ਬੈਠੋ ਚਾਹ ਪਾਣੀ ਪੀਓ,ਇਹਨਾਂ ਦੇ ਡੈਡੀ ਵੀ ਆਉਂਦੇ ਆ। ਨਾਲ ਦੀ ਨਾਲ ਹਰਜੋਤ ਨੂੰ ਕਹਿਣ ਲੱਗੇ....!

ਹਰਜੋਤ ਦੀ ਮੰਮੀ :– ਹਰਜੋਤ ਤੂੰ ਪਹਿਲਾਂ ਨਹੀਂ ਦੱਸਿਆ ਕਿ ਤੇਰੇ ਦੋਸਤਾਂ ਨੇ ਆਉਣਾ ...?

ਹਰਜੋਤ :– ਮੰਮੀ ਮੈਨੂੰ ਵੀ ਨਹੀਂ ਪਤਾ ਸੀ।

ਹਰਜੋਤ ਦੀ ਮੰਮੀ :– ਪੁੱਤ ਤੁਸੀ ਹਰਜੋਤ ਨਾਲ ਕੰਮ ਕਰਦੇ ਹੋ, ਚੰਡੀਗੜ੍ਹ ...?

ਸਤਿੰਦਰ :– ਨਹੀਂ ਆਂਟੀ ਜੀ ,ਅਸੀਂ ਅੱਜ ਮਿਲੇ ਵੀ ਪਹਿਲੀ ਵਾਰ ਆ ਇਹਨੂੰ।

ਹਰਜੋਤ ਦੀ ਮੰਮੀ :– ਪਹਿਲੀ ਵਾਰੀ ਮਿਲੇ ਮਤਲਬ ਪੁੱਤ...?

ਗੋਪੀ :– ਅਸੀਂ ਤਾਂ ਸਭ ਤੁਹਾਡੇ ਤੇ ਅੰਕਲ ਹੋਣਾ ਨਾਲ ਜਰੂਰੀ ਗੱਲ ਕਰਨ ਆਏ ਆ।

ਹਰਜੋਤ ਦੀ ਮੰਮੀ :– ਪੁੱਤ ਸੁਖ ਸਾਂਦ ਤਾਂ ਹੈ।

ਬਾਣੀ :– ਆਂਟੀ ਜੀ ਇਹ ਗੱਲ ਤੁਸੀ ਆਪਣੇ ਮੁੰਡੇ ਨੂੰ ਪੁੱਛੋ..।

ਹਰਜੋਤ ਦੀ ਮੰਮੀ ਥੋੜੀ ਜਹੀ ਘਬਰਾ ਗਈ ਬਾਣੀ ਹੋਣਾ ਦੀਆਂ ਗੱਲਾਂ ਸੁਣ ਕੇ। ਤੇ ਹਰਜੋਤ ਦੇ ਡੈਡੀ ਨੂੰ ਆਵਾਜ਼ ਲਗਾਉਣ ਲੱਗੀ.... ਹਰਜੋਤ ਦੇ ਪਾਪਾ ਬਾਹਰ ਆਇਓ। ਹਰਜੋਤ ਦੇ ਡੈਡੀ ਵੀ ਬਾਹਰ ਆ ਗਏ,ਸਭ ਨੇ ਬੜੇ ਪਿਆਰ ਨਾਲ ਆਦਰ ਸਤਿਕਾਰ ਨਾਲ ਹਰਜੋਤ ਦੇ ਡੈਡੀ ਨੂੰ ਸਤਿ ਸ੍ਰੀ ਆਕਾਲ ਬੁਲਾਇਆ ।

✪✪✪✪✪✪✪

# ਭਾਗ – 29

ਹਰਜੋਤ ਦੇ ਡੈਡੀ ਨੇ ਸਭ ਨੂੰ ਬੁਲਾਇਆ , ਤੇ ਆਣ ਕੇ ਕੁਰਸੀ ਤੇ ਬੈਠ ਗਏ...ਆਪਣੇ ਡੈਡੀ ਨੂੰ ਦੇਖ ਕੇ ਹਰਜੋਤ ਦੇ ਦਿਲ ਦੀ ਧੜਕਨ ਤੇਜ਼ ਹੋ ਗਈ। ਹਰਜੋਤ ਦੇ ਡੈਡੀ ਕੁਝ ਪੁੱਛਦੇ ਪਹਿਲਾ ਹੀ ਹਰਜੋਤ ਦੇ ਮੰਮੀ ਬੋਲ ਪਏ....!

ਹਰਜੋਤ ਦੇ ਮੰਮੀ :– ਇਹ ਨਿਆਣੇ ਆਏ ਨੇ ਕਹਿੰਦੇ ਅਸੀ ਕੋਈ ਜਰੂਰੀ ਗੱਲ ਕਰਨੀ ਤੁਹਾਡੇ ਨਾਲ। ਮੈਨੂੰ ਤਾਂ ਸੁਣ ਕੇ ਫ਼ਿਕਰ ਜਹੀ ਹੋਣ ਲੱਗ ਗਈ।

ਹਰਜੋਤ ਦੇ ਡੈਡੀ :– ਹਾਂਜੀ ਬੱਚਿਓ ਤੁਸੀਂ ਗੱਲ ਸ਼ੁਰੂ ਕਰੋ ਜਿਹੜੀ ਕਰਨੀ ਆ। ਹਰਪ੍ਰੀਤ ਚਾਹ ਪਾਣੀ ਵੀ ਪੁੱਛਿਆ ਬਚਿਆ ਨੂੰ, ਬਣਾ ਮੇਰਾ ਪੁੱਤ ਚਾਹ ।

ਹਰਪ੍ਰੀਤ :– ਹਾਂਜੀ ਡੈਡੀ ਜੀ ,ਬਣਾ ਰਹੀ ਆ।

ਸਤਿੰਦਰ :– ਅੰਕਲ ਜੀ , ਅਸੀਂ ਚਾਹ ਨਹੀਂ ਪੀਣੀ ਬਸ ਗੱਲ ਕਰਨ ਆਏ ਹਾਂ,ਤੇ ਬਸ ਜਲਦੀ ਮੁੜਨਾ ਵੀ ਆ।

ਹਰਜੋਤ ਦੇ ਡੈਡੀ :– ਪੁੱਤ ਗੱਲ ਵੀ ਕਰਲੋ,ਉਦੋਂ ਤੱਕ ਚਾਹ ਵੀ ਬਣ ਜਾਣੀ।

ਗੋਪੀ :– ਅੰਕਲ ਜੀ ਅਸੀਂ ਤੁਹਾਡੇ ਮੁੰਡੇ ਲਈ ਰਿਸ਼ਤਾ ਲੈਕੇ ਆਏ ਹਾਂ।

ਹਰਜੋਤ ਦੀ ਮੰਮੀ :– ਪੁੱਤ ਕਿਸਦਾ ਰਿਸ਼ਤਾ ਤੇ ਕੀਹਦੇ ਲਈ ਲੈਕੇ ਆਏ ਹੋ..?

ਸਤਿੰਦਰ :– ( ਜੱਸੀ ਵੱਲ ਨੂੰ ਇਸ਼ਾਰਾ ਕਰਦਾ ਹੋਇਆ ) ਆਂਟੀ ਜੀ ਇਸ ਕੁੜੀ ਦਾ ਰਿਸ਼ਤਾ ਹਰਜੋਤ ਲਈ ਆ।

ਹਰਜੋਤ ਦੀ ਮੰਮੀ :– ਪੁੱਤ ਅਸੀਂ ਜਵਾਕ ਲਗਦੇ ਆ ਤੈਨੂੰ,ਤੂੰ ਸਿਆਣਿਆ ਬਿਆਣਿਆ ਨਾਲ ਮਜ਼ਾਕ ਕਰੀ ਜਾਂਦਾ ਆ ।

ਬਾਣੀ :– ਆਂਟੀ ਜੀ ਅਸੀਂ ਕੋਈ ਮਜ਼ਾਕ ਨਹੀਂ ਕਰ ਰਹੇ।

ਹਰਜੋਤ ਦੇ ਡੈਡੀ :– ਪੁੱਤਰ ਜੀ ਮਜ਼ਾਕ ਹੀ ਆ,ਹਰਜੋਤ ਤਾਂ ਵਿਆਹਿਆ ਆ। ਜਵਾਕ ਵਾਲਾ ਆ। ਉਹ ਕਿਹੜਾ ਕੁਵਾਰਾ ਆ ਜਿਹੜਾ ਤੁਸੀਂ ਉਹਦੇ ਲਈ ਰਿਸ਼ਤਾ ਲੈਕੇ ਆਏ ਆ।

ਗੋਪੀ :– ਪਰ ਅੰਕਲ ਜੀ ! ਇਹਨੇ ਤੇ ਕਿਹਾ ਸੀ ਇਹ ਕੁਵਾਰਾ ਆ। ਅਸੀ ਤਾਂ ਹੀ ਆ ਗਏ ਰਿਸ਼ਤਾ ਲੈਕੇ,ਵੀ ਖੌਰੇ ਮੁੰਡਾ ਸੰਗਦਾ ਆ ਘਰੇ ਗੱਲ ਨਹੀਂ ਕਰ ਰਿਹਾ ਜਿਹੜਾ।

ਹਰਜੋਤ :– ਯਾਰ ਬਸ ਵੀ ਕਰੋ, ਆਪਾ ਬਾਹਰ ਜਾ ਕੇ ਕਰਦੇ ਆ ਗਲ,ਐਵੇਂ ਮੰਮੀ ਤੇ ਡੈਡੀ ਨਾਲ ਮਜ਼ਾਕ ਕਰਨ ਲਗੇ ਆ ।

ਜੱਸੀ :– ਤੁਸੀ ਸਭ ਨੂੰ ਆਪਣੇ ਵਰਗਾ ਸਮਝਿਆ ਆ ਕੇ ਹਰ ਵਕਤ ਮਜ਼ਾਕ ਕਰੀਂ ਜਾਓ। ਆਂਟੀ ਜੀ ਇਹਨਾਂ ਨੇ ਏਹੀ ਕਿਹਾ ਸੀ ਮੈਨੂੰ ਕੇ ਮੈਂ ਕੁਵਾਰਾ ਆ,ਵਿਆਹ ਤੇਰੇ ਨਾਲ ਕਰਾਉਣਾ।

ਹਰਜੋਤ ਦੀ ਮੰਮੀ :– ਕੀੜੇ ਹੋਸ਼ ਕਰ ਪੁੱਤ ,ਇਹ ਵਿਆਹਿਆ ਆ,ਤੂੰ ਕਿਹੋ ਜਿਹੀਆਂ ਗੱਲਾਂ ਕਰਦੀ ਆ।

ਹਰਪ੍ਰੀਤ :– ਮੰਮੀ ਜੀ ਇਹ ਉਹੀ ਕੁੜੀ ਆ ਜਿਸ ਵਾਰੇ ਇਕ ਵਾਰ ਅਮਨ ਦੀਦੀ ਗਲ ਕਰਦੇ ਸੀ,ਕੇ ਬਰਾੜਾ ਦੀ ਨੂੰਹ ਬਣਨ ਵਾਲੀ ਆ।

ਹਰਜੋਤ ਦੀ ਮੰਮੀ :– ਹਾਅ ਇਹ ਓਹੋ ਆ। ਜਿਹਨੂੰ ਮੈਂ ਗਾਲਾ ਕੱਢ ਦੀ ਸੀ, ਮੇਰਾ ਕਲੇਜਾ ਫੂਕ ਹੋਇਆ ਸੀ ਉਦੋਂ।

ਜੱਸੀ :– ਕੋਈ ਨਾ ਆਂਟੀ ਜੀ ਮੈਂ ਮਾਫੀ ਮੰਗਦੀ ਆ ਤੁਹਾਡੇ ਕੋਲੋ ਉਸ ਵੇਲੇ ਲਈ ਜਦੋਂ ਮੈਂ ਤੁਹਾਡਾ ਦਿਲ ਦੁਖਾਇਆ ਸੀ । ਮੈਂ ਸਮਝ ਸਕਦੀ ਆ ਤੁਹਾਨੂੰ ਤਾਂ ਇਹੀ ਲਗਦਾ ਸੀ ਕਿ ਮੈਂ ਤੁਹਾਡਾ ਮੁੰਡਾ ਮਗਰ ਲਾਇਆ ਆ ਤੇ ਤੁਹਾਡਾ ਘਰ ਬਰਬਾਦ ਕਰ ਰਹੀ ਆ । ਪਤ ਸੱਚ ਇਹ ਨਹੀਂ ਸੀ । ਸੱਚ ਤਾਂ ਇਹ ਸੀ ਕਿ ਤੁਹਾਡਾ ਮੁੰਡਾ ਖੁਦ ਹੀ ਆਪਣਾ ਘਰ ਪੱਟ ਰਿਹਾ ਸੀ,ਨਾਲ ਤੁਹਾਡਾ ਛੋਟਾ ਮੁੰਡਾ ਵੀ ਇਸਦਾ ਪੂਰਾ ਸਾਥ ਦਿੰਦਾ ਸੀ।

ਹਰਜੋਤ ਦੇ ਡੈਡੀ :– ਹਰਜੋਤ  ਇਹ ਕੀ ਕਹਿ ਰਹੇ ਨੇ ਬੱਚੇ, ਕੀ ਇਹ ਸੱਚ ਆ...?

ਹਰਜੋਤ :– ਡੈਡੀ ਬਸ ਓਦਾ ਹੀ ਕਰੀ ਜਾਂਦੇ ਨੇ,ਐਵੇਂ ਕੁਝ ਹਾਸੇ ਚ ਕਹਿ ਦਿੱਤਾ ਹੋਣਾ ਓਹੀ ਗੱਲ ਫ਼ੜੀ ਬੈਠੇ ਆ।

ਗੋਪੀ :– ਕੋਈ ਹਾਸਾ ਨਹੀਂ ਆ ਲੱਗੀ ਸਮਝ। ਜਵਾਕ ਵਾਲਾ ਆ ਸ਼ਰਮ ਕਰ ਹੁਣ ਤਾਂ ਸੁਧਰ ਜਾ।

ਸਤਿੰਦਰ :– ਅੰਕਲ ਜੀ ਇਹਨੇ ਇਸ ਜੱਸੀ ਨਾਮ ਦੀ ਕੁੜੀ ਨੂੰ ਲਾਰੇ ਲਗਾਏ ਵਿਆਹ ਦੇ,ਉਹ ਵੀ ਇਕ ਦੋ ਦਿਨ ਨਹੀਂ ਪੂਰੇ ਤਿੰਨ ਸਾਲ। ਤਿਨ ਸਾਲ ਵਿਚਾਰੀ ਨੂੰ ਇਹੀ ਕਹਿੰਦਾ ਰਿਹਾ ਘਰੇ ਗੱਲ ਕਰਦਾ ਆ,ਤੂੰ ਕਿਤੇ ਹੋਰ ਵਿਆਹ ਨਹੀਂ ਕਰਾਉਣਾ,ਨਹੀਂ ਦੇਖੀ ਫਿਰ ਕੀ ਹੁੰਦਾ।

ਹਰਜੋਤ ਦੇ ਡੈਡੀ :– ਹਰਜੋਤ  ਜੋਂ ਵੀ ਇਹ ਕੁੜੀ ਕਹਿ ਰਹੀ ਆ ਕੀ ਇਹ ਸੱਚ ਆ?

ਹਰਜੋਤ :– ਡੈਡੀ ਜੀ ਅਸੀਂ ਬਸ ਦੋਸਤ ਸੀ ਵਧੀਆ। ਇਸ ਤੋਂ ਜਿਆਦਾ ਕੁਛ ਵੀ ਨਹੀ।

ਜੱਸੀ :– ਸਾਰੇ ਸਬੂਤ ਹੈਗੇ ਨੇ ਮੇਰੇ ਕੋਲ ਹਰਜੋਤ, ਸਾਰੀ ਚੈਟ ਪਈ ਆ। ਮੁੱਕਰ ਨਹੀਂ ਸਕਦੇ ਤੁਸੀ। ਅੰਕਲ ਜੀ ਅਸੀਂ ਕੋਈ ਪਾਗ਼ਲ ਨਹੀਂ ਆ ਜੋਂ ਸਿਰਫ ਦੋਸਤ ਹੋਣ ਤੇ ਹੀ ਮੂੰਹ ਚੁੱਕ ਏਥੇ ਆ ਗਏ।  ਤਿੰਨ ਸਾਲ ਤੋਂ ਮੈਨੂੰ ਇਕੋ ਗੱਲ ਕਹੀ ਗਿਆ, ਮੈਂ ਅੱਜ ਕਰਦਾ ਆਪਣੇ ਵਿਆਹ ਦੀ ਗੱਲ ਘਰੇ, ਮੈਂ ਜੇਂ ਤੁਹਾਡੀ ਬੇਟੀ ਨਾਲ ਗੱਲ ਨਾ ਕਰਦੀ ਤਾਂ ਮੈਨੂੰ ਕਦੇ ਪਤਾ ਹੀ ਨਹੀਂ ਚੱਲਣਾ ਸੀ ਇਹ ਵਿਆਹਿਆ ਆ। ਇਹ ਤਾਂ ਆਪਣੀ ਘਰਵਾਲੀ ਨੂੰ ਵੀ ਮੇਰੇ ਅੱਗੇ ਕਦੇ ਭੈਣ ਤੇ ਕਦੇ ਭਾਬੀ ਦੱਸਦਾ ਰਿਹਾ। ਐਨਾ ਜ਼ਮੀਰ ਮਰ ਚੁੱਕਾ ਆ ਇਹਦਾ ਆਪਣੇ ਬੱਚੇ ਨੂੰ ਵੀ ਛੱਡ ਸਕਦਾ ਆ।

ਹਰਜੋਤ ਦੀ ਮੰਮੀ :– ਹਾਏ ਵੇਂ ਤੂੰ ਐਨਾ ਗਿਰ ਗਿਆ ,ਸਾਡਾ ਨਾਮ ਡੋਂਵਦਾ ਫਿਰਦਾ, ਐਨੀ ਸੋਹਣੀ ਤੇਰੀ ਘਰਵਾਲੀ ਆ,ਏਨਾ ਸੋਹਣਾ ਰੱਬ ਨੇ ਤੈਨੂੰ ਜੀਅ ਦਿੱਤਾ ਆ,ਬਾਹਰ ਮੂੰਹ ਮਾਰਦਾ ਫਿਰਦਾ ਕੰਜਰਾ ਤੂੰ ਜੰਮਿਆ ਹੀ ਕਿਉਂ ਸੀ। ਤੂੰ ਤੇ ਮੇਰੀ ਕੁੱਖ ਨੂੰ ਵੀ ਦਾਗੀ ਕਰ ਦਿੱਤਾ ।

ਹਰਜੋਤ ਦੇ ਡੈਡੀ :– ਮੈਂ ਤਾਂ ਤੈਨੂੰ ਬਹੁਤ ਹੋਣਹਾਰ ਸਮਝਦਾ ਸੀ ,ਤੂੰ ਮੇਰੀ ਨੀਮੀ ਪਵਾ ਕੇ ਰੱਖ ਦਿੱਤੀ। ਮੇਰੇ ਦੋਨੋ ਪੁੱਤ ਐਨੇ ਮਾੜੀ ਸੋਚ ਦੇ ਕਿਵੇਂ ਹੋ ਸਕਦੇ ਕੇ ਕਿਸੇ ਘਰ ਦੀਆ ਇੱਜ਼ਤਾਂ ਨਾਲ ਖਿਲਵਾੜ ਕਰਨ ਲੱਗ ਗਏ। ਮੈਂ ਤਾਂ ਇਹੋ ਜਹੀ ਸ਼ਿਖਸ਼ਾ ਨਹੀਂ ਦਿੱਤੀ ਸੀ ਤੁਹਾਨੂੰ । ਕੋਈ ਨਾ ਪੁੱਤ ਤੂੰ ਦੱਸ ਤੂੰ ਜੋਂ ਵੀ ਕਹੇਂਗੀ ਇਹਨੂੰ ਓਹੀ ਸਜ਼ਾ ਦਵਾਂਗਾ।

ਜੱਸੀ :– ਹਰ ਸਜਾ ਛੋਟੀ ਆ ਇਹਦੇ ਲਈ। ਪਹਿਲਾ ਇਹਨੂੰ ਅਕਲ ਦਿਓ, ਬੇਗਾਨੀ ਧੀ ਨੂੰ ਵਿਆਹ ਕੇ ਲੈਕੇ ਆਇਆ ਆ, ਇਹ ਕਿਸੇ ਲਈ ਵੀ ਛੱਡ ਸਕਦਾ ਉਹਨੂੰ। ਮੇਰੇ ਲਈ ਵੀ ਛੱਡਣ ਨੂੰ ਤਿਆਰ ਆ ਉਹਨੂੰ। ਕੇ ਮੈਂ ਤੇਰੇ ਨਾਲ ਵਿਆਹ ਕਰਾਉਣਾ,ਹਰਪ੍ਰੀਤ ਨੂੰ ਤਲਾਕ ਦੇ ਦਿੰਦਾ ਆ।

ਹਰਪ੍ਰੀਤ :– ਮੈਨੂੰ ਵੀ ਦਿਖਾ ਦਿਓ ਇਕ ਵਾਰੀ ਕਦੋ ਕਹੀ ਇਹ ਗੱਲ ਇਹਨੇ,ਫਿਰ ਮੈਂ ਆਪ ਛੱਡਾਂਗੀ ਇਹਨੂੰ ਇਹ ਕੀ ਛੱਡੇਗਾ ਮੈਨੂੰ ।

ਜੱਸੀ ਨੇ ਸੋਚਿਆ ਕਿਉਂ ਘਰ ਬਰਬਾਦ ਕਰਨਾ ਕਿਸੇ ਦਾ,ਇਹੀ ਸੋਚ ਜੱਸੀ ਚੁੱਪ ਹੋ ਗਈ।

ਜੱਸੀ :– ਕਿਹਾ ਸੀ ਭੈਣੇ,ਹੁਣ ਤੁਸੀ ਦੇਖਣ ਨੂੰ ਰਹਿਣ ਹੀ ਦਵੋ।

ਸਤਿੰਦਰ :– ਸਜਾ ਤਾਂ ਅੰਕਲ ਜੀ ਹੁਣ ਇਹਦੇ ਨਾਲ ਥਾਣੇ ਚ ਗੱਲ ਕਰਕੇ ਹੀ ਮਿਲਣੀ ਇਹਨੂੰ ਇਹਦੇ ਕੀਤੇ ਦੀ।

ਹਰਜੋਤ :– ਥਾਣੇ ਦਾ ਕੀ ਮਤਲਬ, ਏਡਾ ਕੀ ਮੈਂ ਗੁਨਾਹ ਕਰ ਦਿੱਤਾ ਵੀ ਮੈਂ ਇਹਨੂੰ ਹੱਥ ਲਾਇਆ ਜਾ ਰੇਪ ਕੀਤਾ ਜਿਹੜਾ ਥਾਣੇ ਚ ਗੱਲ ਕਰਨੀ ਤੁਸੀ।

ਹਰਜੋਤ ਦੀ ਐਨੀ ਗੱਲ ਸੁਣ ਜੱਸੀ ਜੋਰ ਨਾਲ ਹਰਜੋਤ ਦੇ ਮੂੰਹ ਤੇ ਥੱਪੜ ਮਾਰਦੀ....!

ਜੱਸੀ :– ਤੂੰ ਤਿੰਨ ਸਾਲ ਖਰਾਬ ਕੀਤੇ ਮੇਰੇ,ਮੈਨੂੰ ਵਿਆਹ ਦੇ ਲਾਰੇ ਲਗਾਏ, ਤੇਰੇ ਕਰਕੇ ਮੈਂ ਘਰ ਦਿਆ ਨੂੰ ਮਨਾ ਕਰਦੀ ਰਹੀ ਵਿਆਹ ਲਈ ਰਿਸ਼ਤਿਆ ਲਈ। ਤੂੰ ਮੇਰੇ ਜਜ਼ਬਾਤਾ ਦਾ,ਸੁਪਨਿਆ ਦਾ,ਮੇਰੇ ਦਿਲ ਦਾ,ਮੇਰੇ ਪਿਆਰ ਦਾ ,ਮੇਰੇ ਯਕੀਨ ਦਾ ਮੇਰੇ ਅਰਮਾਨਾਂ ਦਾ ਰੇਪ ਕੀਤਾ, ਅਜੇ ਪੁੱਛਦਾ ਮੈਂ ਕਿਹੜਾ ਰੇਪ ਕਰ ਦਿੱਤਾ। ਤੂੰ ਅਪਣੀ

ਜੀਵਨਸਾਥੀ ਨਾਲ ਧੋਖਾ ਕਰਦਾ ਰਿਹਾ,ਆਪਣੀ ਔਲਾਦ ਨੂੰ ਛੱਡਣ ਤੱਕ ਲਈ ਤਿਆਰ ਹੋ ਗਿਆ ,ਆਪਣੇ ਖੂਨ ਦਾ ਨਹੀਂ ਬਣਿਆ, ਕੁੜੀਆ ਕੋਲੋ ਪੈਸੇ ਖਾਂਦਾ ਰਿਹਾ ਪਿਆਰ ਦੇ ਦਿਖਾਵੇ ਕਰਕੇ ਅਜੇ ਪੁੱਛਦਾ ਮੈਂ ਕੀ ਰੇਪ ਕੀਤਾ। ਤੇਰੇ ਨਾਲੋ ਵੱਡਾ ਦਰਿੰਦਾ ਨਹੀਂ ਕੋਈ ਹੋਣਾ ਦੁਨੀਆ ਚ। ਸਰੀਰ ਨੂੰ ਨੋਚਣਾ ਹੀ ਰੇਪ ਨਹੀਂ ਹੁੰਦਾਂ , ਕਿਸੇ ਨੂੰ ਜੀਉਂਦੇ ਜੀਅ ਰੂਹ ਤੋਂ ਮਾਰਨਾ ਵੀ ਰੇਪ ਹੁੰਦਾ ਆ,ਤੂੰ ਤੇ ਆਪਣੇ ਘਰਵਾਲੀ ਤੇ ਮੈਨੂੰ ਰੂਹ ਤੋਂ ਨੋਚਿਆ ਆ, ਕਿੱਡਾ ਗੁਨਹੇਗਾਰ ਆ ਤੂੰ । ਤੈਨੂੰ ਲਗਦਾ ਤੇਰਾ ਗੁਨਾਹ ਛੋਟਾ ਆ।

**ਕਰ ਕੇ ਵਿਆਹ ਦੇ ਵਾਅਦੇ ਝੂਠੇ**

**ਪੀੜ੍ਹਾਂ ਦੇ ਲੜ੍ਹ ਲਾ ਕੇ ਤੁਰ ਗਿਆ**

**ਜੰਨਤ ਜੰਨਤ ਆਖਣ ਵਾਲਾ**

**ਜ਼ਿੰਦਗੀ ਨਰਕ ਬਣਾ ਕੇ ਤੁਰ ਗਿਆ**

**ਜਿਹਦੇ ਤੋਂ ਸਭ ਰੰਗ ਵਾਰੇ ਮੈਂ**

**ਬਿਰਹੋਂ ਦੇ ਵਿੱਚ ਰੰਗ ਗਿਆ ਏ**

**ਰੇਪ ਕਰ ਗਿਆ ਜਜ਼ਬਾਤਾਂ ਦਾ**

**ਸੱਧਰਾਂ ਸੂਲੀ ਟੰਗ ਗਿਆ ਏ....**

✪✪✪✪✪✪✪

# ਭਾਗ –30

ਜੱਸੀ ਦੀਆਂ ਗੱਲਾਂ  ਸਭ ਦਾ ਦਿਲ ਚੀਰ ਰਹੀਆਂ ਸੀ,ਹਰਜੋਤ ਦੇ ਡੈਡੀ ਨੂੰ ਹੱਦੋਂ ਵੱਧ ਗੁੱਸਾ ਆਇਆ ਹੋਇਆ ਸੀ ਹਰਜੋਤ ਤੇ, ਤੇ ਗੁੱਸੇ ਵਿਚ ਹਰਜੋਤ ਦੇ ਡੈਡੀ ਨੇ ਵੀ ਹਰਜੋਤ ਦੇ ਇਕ ਜ਼ੋਰ ਨਾਲ ਥੱਪੜ ਮਾਰਿਆ ਤੇ ਬਹੁਤ ਕੁਝ ਬੋਲੇ...!

ਹਰਜੋਤ ਦੇ ਡੈਡੀ :– ਤੇਰੇ ਘਰ ਵੀ ਭੈਣ ਹੈ,ਤੂੰ ਭੁੱਲ ਗਿਆ ...? ਅਗਰ ਉਸ ਨਾਲ ਕੋਈ ਐਦਾ ਕਰਦਾ,ਤੇ ਤੇਰਾ ਕਿੰਨਾ ਖੂਨ ਖੌਲਦਾ ,ਤੂੰ ਮਾਰਨ ਤੱਕ ਜਾਣਾ ਸੀ ਅਗਲੇ ਨੂੰ। ਇਹ ਕੁੜੀ ਨਹੀਂ ਕਿਸੇ ਦੀ ਧੀ ਭੈਣ,ਕੇ ਇਹ ਜੋਂ ਤੂੰ ਗੁਰੂ ਮਹਾਰਾਜ ਦੇ ਅੱਗੇ ਲਾਵਾਂ ਲੈਕੇ ਵਿਆਹ ਕੇ ਲਿਆਂਦੀ ਇਹ ਨਹੀਂ ਕਿਸੇ ਦੀ ਧੀ ਭੈਣ। ਕਿੰਨਾ ਬੇਸ਼ਰਮ ਇਨਸਾਨ ਹੈ ਤੂੰ,ਮੇਰੀ ਔਲਾਦ ਵੀ ਐਨਾ ਗਿਰ ਸਕਦੀ ਮੈਂ ਕਦੇ ਸੋਚਿਆ ਵੀ ਨਹੀਂ ਸੀ ਪੁੱਤ,ਤੂੰ ਇਹਨਾਂ ਬੱਚਿਆ ਅੱਗੇ ਮੇਰੀ ਪੱਗ ਦਾਗ਼ਦਾਰ ਕਰਤੀ । ਬੱਚਿਓ ਤੁਸੀਂ ਜੋਂ ਵੀ ਸਜਾ ਦੇਣੀ ਇਹਨੂੰ ਦਿਓ,ਥਾਣੇ ਜਾਣਾ ਚਲੋ,ਮੈਂ ਖੁਦ ਨਾਲ ਚਲਦਾ ਆ । ਇਹਨੇ ਕੀ ਸੋਚਿਆ ਕਿ ਕਦੇ ਇਹਦੀ ਬੇਸ਼ਰਮੀ ਦਾ ਅੰਤ ਹੀ ਨਹੀਂ ਹੋਣਾ।

ਸਤਿੰਦਰ :– ਠੀਕ ਆ ਅੰਕਲ ਜੀ, ਚੱਲੋ ਫਿਰ ਅਸੀ ਐਨੀ ਦੂਰੋ ਅਕਲ ਦੇਣ ਹੀ ਆਏ ਹਾਂ ਇਹਨੂੰ।

ਗੋਪੀ :– ਯਾਰ ਮੈਂ ਤੇਰੇ ਕੋਲ ਚਾਰ,ਪੰਜ ਦਿਨ ਰਹਿ ਕੇ ਆਇਆ,ਤੂੰ ਮਾਸਾ ਵੀ ਭੇਦ ਨਹੀਂ ਲੱਗਣ ਦਿੱਤਾ ਕੇ ਤੂੰ ਵਿਆਹਿਆ ਆ,ਤੇਰੇ ਜਵਾਕ ਵੀ ਆ। ਕੋਈ ਐਨਾ ਚਲਾਕ ਕਿਵੇਂ ਹੋ ਸਕਦਾ। ਨਾ ਤੂੰ ਮੇਰੇ ਸਾਹਮਣੇ ਗੱਲ ਕੀਤੀ ਹਰਪ੍ਰੀਤ ਨਾਲ ਕਦੇ ਐਨੇ ਦਿਨ। ਮੈਂ ਤਾਂ ਜੱਸੀ ਨੂੰ ਵੀ ਇਹੀ ਕਿਹਾ ਕਿ ਮੁੰਡਾ ਹੀਰਾ ਆ,99.99% ਸਹੀ ਮੁੰਡਾ ਲੱਭਿਆ ਤੂੰ । ਪਰ ਯਾਰ ਤੂੰ ਤਾਂ ਜੰਗਾਲ ਲੱਗਿਆ ਹੋਇਆ ਲੋਹਾ ਨਿਕਲਿਆ।

ਹਰਪ੍ਰੀਤ :– ਪਤਾ ਕਿਵੇਂ ਲਗਦਾ ਮੇਰੇ ਫੋਨ ਦਾ,ਜੇ ਮੈਂ ਕਦੇ ਕਾਲ ਕਰਦੀ ਇਹਨਾ ਨੂੰ ਫਿਰ ਹੀ ਪਤਾ ਲਗਦਾ,ਮੈਂ ਤਾਂ ਆਪਣੇ ਪੇਕੇ ਗਈ ਸੀ ਓਥੇ ਹੀ ਰਹਿੰਦੀ ਸੀ,ਮੈਨੂੰ ਤਾਂ ਬਲੋਕ ਕਰ ਕੇ ਰਖਿਆ ਆ।

ਜੱਸੀ :– ਐਨਾ ਝੂਠਾ ਇਨਸਾਨ ਆ,ਵੀਡਿਓ ਕਾਲ ਤੇ ਵੀ ਬਸ ਆਹ ਨੀਚੇ ਵਾਲਾ ਘਰ ਦਿਖਾਇਆ ,ਉਹ ਉਪਰ ਵਾਲੇ ਕਮਰੇ ਕਦੇ ਨਹੀਂ ਦਿਖਾਏ,ਤਾਂ ਕੇ ਮੈਨੂੰ ਪਤਾ ਨਾ ਲੱਗ ਜਾਵੇ ਇਹਦੇ ਬਾਰੇ ਸੱਚ।

ਬਾਣੀ :– ਉਹ ਦੂਜੇ ਨੂੰ ਵੀ ਬੁਲਾਓ ਕਿੱਥੇ ਆ,ਭਾਬੀ ਭਾਬੀ ਕਹਿੰਦਾ ਸੀ ਇਹਨੂੰ,ਜਮਾ ਸ਼ਰਮ ਨੀ ਆਉਂਦੀ ਸੀ ਉਹਨੂੰ ਕੇ ਭਾਬੀ ਤਾਂ ਘਰ ਬੈਠੀ ਆ। ਆਪਣੀ ਭਾਬੀ ਦਾ ਘਰ ਪੱਟ ਕੇ ਬੇਗਾਨੀ ਕੁੜੀ ਨੂੰ ਭਾਬੀ ਕਹਿ ਰਿਹਾ ਸੀ।  ਚਲੋ ਥਾਣੇ ਚੱਲੀਏ।

ਹਰਜੋਤ ਦੀ ਮੰਮੀ :– ਪੁੱਤ ਮੈਂ ਹੱਥ ਜੋੜ ਦੀ ਸਾਰਿਆ ਅੱਗੇ,ਪੁੱਤ ਸਾਡਾ ਘਰ ਖਰਾਬ ਹੋ ਜਾਣਾ,ਇਹਦੀ ਸਜ਼ਾ ਇਹਦੇ ਜਵਾਕ ਨੂੰ ਮਿਲਣੀ , ਰੁਲ ਜਾਣਾ ਉਹਨੇ ਹਰਪ੍ਰੀਤ ਦੀ ਜ਼ਿੰਦਗੀ ਖਰਾਬ ਹੋਣੀ ਤੁਸੀ ਵੀ ਮੇਰੇ ਲਈ ਮੇਰੇ ਬੱਚਿਆ ਵਰਗੇ ਹੋ,ਇਕ ਮਾਂ ਤੁਹਾਡੇ ਅੱਗੇ ਹੱਥ ਜੋੜ ਦੀ ਆ, ਮੇਰੇ ਪੁੱਤ ਦੀ ਗਲਤੀ ਦੀ ਸਜ਼ਾ ਮੇਰੇ ਪੋਤੇ ਨੂੰ ਨਾ ਦਿਓ । ਮੇਰੀ ਬੇਨਤੀ ਆ ਤੁਹਾਡੇ ਸਭ ਅੱਗੇ ।

ਹਰਜੋਤ ਦੇ ਡੈਡੀ ਖੁਦ ਨੂੰ ਸੰਭਾਲਦੇ ਹੋਏ ਵਾਪਿਸ ਜਾ ਕੁਰਸੀ ਤੇ ਬੈਠ ਗਏ,ਪੁੱਤ ਦੇ ਲੱਛਣ ਦੇਖ ਕੇ ਉਹ ਖੁਦ ਨੂੰ ਸਾਂਭ ਹੀ ਨਾ ਪਾਏ ਤੇ ਆਪਣਾ ਸਿਰ ਫੜ ਕੇ ਬੈਠ ਗਏ।ਗੰਦੀ ਔਲਾਦ ਨੇ ਸਿਰ ਨੀਵਾਂ ਕਰਵਾ ਦਿੱਤਾ ਸੀ।

ਜੱਸੀ :– ਅਸੀਂ ਨਹੀਂ ਜਾਂਦੇ ਥਾਣੇ,ਤੁਸੀ ਚਿੰਤਾ ਨਾ ਕਰੋ ਅੰਕਲ ਜੀ। ਇਹ ਖੁਦ ਗਿਰ ਸਕਦਾ ਆ ਆਪਣਾ ਘਰ ਬਰਬਾਦ ਕਰਨ ਲਈ। ਪਰ ਸਾਡੇ ਜ਼ਮੀਰ ਨਹੀਂ ਮਰੇ। ਅਸੀ ਜਾ ਰਹੇ ਆ । ਤੁਸੀ ਫ਼ਿਕਰ ਨਾ ਕਰੋ,ਆਪਣੀ ਸਿਹਤ ਦਾ ਖਿਆਲ ਰੱਖਿਓ।

ਹਰਪ੍ਰੀਤ ਆਪਣੇ ਮੁੰਡੇ ਨੂੰ ਗੋਦੀ ਚੁੱਕ ਕੇ ਜੱਸੀ ਦੇ ਕੋਲ ਆਣ ਖੜੀ ਹੋਈ ....!

ਹਰਪ੍ਰੀਤ :– ਜੱਸੀ ਤੂੰ ਕਿਹਾ ਸੀ ਮੈਂ ਮਿਲਣਾ ਆ ਕਾਕੇ ਨੂੰ, ਮਿਲ ਲਵੋ।

ਜੱਸੀ ਨੇ ਕਾਕੇ ਨੂੰ ਹੱਥਾਂ ਵਿਚ ਲੈਂਦੇ ਹੋਇਆ ਬਹੁਤ ਘੁੱਟ ਕੇ ਜੱਫੀ ਪਾਈ ਤੇ ਅੱਖਾਂ ਭਰੀਆਂ ਨਾਲ ਹਰਜੋਤ ਵੱਲ ਮੂੰਹ ਕਰਕੇ ਰੌਣ ਲੱਗੀ ...!

ਜੱਸੀ :– ਤੈਨੂੰ ਇਸ ਨੰਨ੍ਹੀ ਜਾਨ ਤੇ ਵੀ ਭੋਰਾ ਤਰਸ ਨਹੀਂ ਆਇਆ ,ਕਿਹੋ ਜਿਹਾ ਬਾਪ ਆ ਤੂੰ,ਮੈਨੂੰ ਇਹਨੂੰ ਹੱਥਾਂ ਵਿੱਚ ਲੈਂਦਿਆ ਹੀ ਪਿਆਰ ਮੋਹ ਆਇਆ,ਤੇਰਾ ਖੂਨ ਆ, ਤੇਰਾ ਆਪਣਾ ਬੱਚਾ,ਤੈਨੂੰ ਜਮਾਂ ਵੀ ਮੋਹ ਨਹੀਂ ਆਉਦਾਂ ਇਹਨੂੰ ਦੇਖ ਕੇ। ਐਨੀ

ਪਿਆਰੀ ਔਲਾਦ ਅੱਗੇ ਤਾਂ ਬੰਦਾ ਸਾਰੀ ਦੁਨੀਆ ਨੂੰ ਠੋਕਰ ਮਾਰ ਦਿੰਦਾ । ਤੂੰ ਕਿਸ ਪਿਆਰ ਨੂੰ ਲੱਭਦਾ ਫਿਰਦਾ। ਇਹ ਸੋਹਣੇ ਫੁੱਲ ਕਰਮਾ ਨਾਲ ਹੀ ਖਿਲਦੇ ਨੇ,ਕਿਉਂ ਆਪਣੀ  ਫੁੱਲਵਾੜੀ ਉਜਾੜਨ ਲੱਗਾ ਆ। ਤਰਸ ਕਰ ਇਹਨਾ ਤੇ। ਤੇਰੇ ਸਾਰੇ ਲੱਛਣਾਂ ਤੋਂ ਜਾਣੂ ਹੋ ਕੇ ਵੀ ਉਹ ਗਲਤ ਰਾਹ ਤੇ ਪੈਰ ਨਹੀਂ ਪਾਉਂਦੀ,ਆਪਣੀ ਘਰਵਾਲੀ ਵੱਲ ਦੇਖ।  ਕਿੰਨਾ ਕੇ ਮਾਫ਼ ਕਰੇ ਉਹ ਤੈਨੂੰ। ਜਿਸ ਦਿਨ ਓਹਨੇ ਕੋਈ ਗਲਤੀ ਕੀਤੀ ਤੇਰੇ ਕੋਲੋ ਜ਼ਰੀ ਨਹੀਂ ਜਾਣੀ ,ਐਨੇ ਵੱਡੇ ਦਿਲ ਬਸ ਔਰਤਾਂ ਦੇ ਹੀ ਹੁੰਦੇ ਆ ਜੋਂ ਹਰ ਦੁੱਖ ਜ਼ਰ ਜਾਂਦੀਆਂ , ਬੰਦਿਆ ਨੂੰ ਰੱਬ ਨੇ ਬਸ ਮਰਦ ਪ੍ਰਧਾਨ ਹੋਣ ਦਾ ਹੰਕਾਰ ਦਿੱਤਾ  ਆ।

ਹਰਪ੍ਰੀਤ :– ਬਹੁਤ ਚੰਗੀ ਆ ਜੱਸੀ ਤੂੰ,ਜਿਸ ਨੇ ਐਨੀ ਸਮਝ ਨਾਲ ਸਭ ਸਾਂਭ ਲਿਆ । ਰੱਬ ਤੈਨੂੰ ਬਹੁਤ ਚੰਗਾ ,ਪਿਆਰ ਕਰਨ ਵਾਲਾ ਜੀਵਨਸਾਥੀ ਦਵੇ।

ਸਤਿੰਦਰ :– ਦੇਖ ਬਾਈ  ਰੱਬ ਨੇ ਜ਼ਿੰਦਗੀ ਦਿਤੀ ਆ,ਇਹਨੂੰ ਸੋਹਣੀ ਤਰ੍ਹਾਂ ਜੀਅ, ਕਿਉਂ ਖਰਾਬ ਕਰਦਾ ਝੂਠੇ ਪਿਆਰ ਚ,ਏਨੀ ਚੰਗੀ ਘਰਵਾਲੀ ਆ,ਏਨਾ ਸੋਹਣਾ ਬੱਚਾ। ਏਨੇ ਪਿਆਰ ਕਰਨ ਵਾਲੇ ਮਾ ਬਾਪ।

ਹਰਜੋਤ ਚੁੱਪ ਚਾਪ ਖੜਾ ਰਿਹਾ। ਕੁਝ ਬੋਲਣ ਦੀ ਹਾਲਤ ਵਿਚ ਨਹੀਂ ਸੀ ਹੁਣ,ਕਿਉਂ ਕੇ ਜਿਸ ਪੀਓ ਦੀਆਂ ਨਜ਼ਰ ਵਿਚ ਚੰਗੇ ਪੰਨ ਦੇ ਪਰਦੇ ਪਾਏ ਸੀ, ਉਹ ਅੱਜ  ਉਤਰ ਗਏ  ਸੀ।

ਜੱਸੀ :– ਅਸੀਂ ਚਲਦੇ ਆ ਹਰਪ੍ਰੀਤ , ਆਪਣੇ ਪਰਿਵਾਰ ਦਾ ਤੇ ਆਪਣਾ ਖਿਆਲ ਰੱਖਣਾ। ਵਾਹਿਗੁਰੂ ਸਭ ਠੀਕ ਕਰੇਗਾ। ਥੋੜਾ ਆਪ ਵੀ ਤੇਜ਼ ਬਣੀਦਾ,ਘਰਵਾਲੇ ਦੀਆ ਲਗਾਮਾਂ ਖਿੱਚ ਕੇ ਰਖਣੇ ਪੈਂਦੀਆਂ। ਮੈਨੂੰ ਮਾਫ਼ ਕਰਦੇ ਭੈਣ ਮੇਰੇ ਕਰਕੇ ਤੇਰੇ ਤੇਰਾ ਦਿਲ ਦੁਖਿਆ,ਮੈਨੂੰ ਪਤਾ ਆ ਕੀ ਬੀਤਦੀ ਜਦੋਂ ਕੋਈ ਆਪਣਾ ਪਿਆਰ ਆਪਣੀ ਜਗ੍ਹਾ ਕਿਸੇ ਹੋਰ ਨੂੰ ਦਿੰਦਾ। ਤੇਰੇ ਲਈ ਰੱਬ ਅੱਗੇ ਅਰਦਾਸ ਕਰਿਆ ਕਰੂ ਕੇ ਤੇਰੀ ਜ਼ਿੰਦਗੀ ਖੁਸ਼ੀਆ ਨਾਲ ਭਰੀ ਰਹੇ।

ਜੱਸੀ ਤੇ ਬਾਕੀ ਦੋਸਤਾ ਨੇ ਹਰਜੋਤ ਦੀ ਮੰਮੀ ਤੇ ਡੈਡੀ ਕੋਲੋ ਵੀ ਹੱਥ ਜੋੜ ਮਾਫੀ ਮੰਗੀ, ਤੇ ਹਰਜੋਤ ਦੇ ਡੈਡੀ ਮੰਮੀ ਨੇ ਵੀ ਸਾਰਿਆ ਕੋਲੋ ਮਾਫੀ ਮੰਗੀ ਕੇ ਓਹਨਾਂ ਦੇ ਪੁੱਤ ਨੇ ਬਹੁਤ ਵੱਡਾ ਗੁਨਾਹ ਕੀਤਾ। ਜੋਂ ਮਾਫੀ ਦੇ ਕਾਬਿਲ ਨਹੀਂ ਸੀ।

ਜੱਸੀਬਾਣੀ ,ਗੋਪੀ,ਸਤਿੰਦਰ ਸਭ ਗੇਟ ਵੱਲ ਨੂੰ ਤੁਰ ਪਏ ਤੇ ਜੱ ਸੀ ਵਪਿਸ ਮੁੜ ਕੇ ਘਰ ਵੱ ਲ ਦੇਖਦੀ ਰਹੀ ਕੇ ਕਦੇ ਸੁਪਨਾ ਦੇਖਿਆ ਸੀ ਇਸ ਘਰ ਦੀ ਨੂੰਹ ਬਣ ਕੇ ਆਉਣ ਦਾ, ਪਰ ਕਦੇ ਸੋਚਿਆ ਨਹੀਂ ਸੀ ਇਸ ਤਰਾ ਆਵਾਂਗੀ। ਦਿਲ ਤੇ ਚੀਕਾ ਮਾਰ ਰਿਹਾ ਸੀ,ਜੋਂ ਏਨੀ ਬੁਰੀ ਤਰਾ ਜਖ਼ਮੀ ਜੋਂ ਹੋਇਆ ਸੀ। ਜੱਸੀਨੂੰ ਸਭ ਦੋ ਸਤ ਹੋਂਸਲਾ ਦੇ ਰਹੇ ਸੀ। ਜੱਸੀ ਖੁਸ਼ ਵੀ ਸੀ ਫਿਰ ਕੀ ਹੋਇਆ ਪਿਆਰ ਝੂਠਾ,ਫਰੇਬੀ ਮਤਲਬੀ ਨਿਕਲ ਗਿਆ,ਦੋਸਤ ਤੇ ਵਧੀਆ ਦੇ ਗਿਆ ਜਿਹੜੇ ਹਰ ਔਖੇ ਟਾਈਮ ਤੇ ਨਾਲ ਖੜੇ ਨੇ ਅੱਜ ਵੀ।

## ⓧⓧⓧਸਮਾਪਤⓧⓧⓧ

**ਜਦੋਂ ਕੋਈ ਹੱਦੋਂ ਵੱਧ ਯਕੀਨ ਕਰੇ ਤਾਂ ਐਦਾ ਧੋਖੇ ਨਾ ਕਰਿਆ ਕਰੋ,ਹੋ ਸਕਦਾ ਤੁਹਾਡਾ ਟਾਈਮ ਪਾਸ ਹੋਵੇ ਤੇ ਕਿਸੇ ਲਈ ਜ਼ਿੰਦਗੀ ਨੂੰ ਸਜਾਉਣ ਦੇ ਸੁਪਨੇ। ਜਦੋਂ ਉਹ ਸੁਪਨੇ ਟੁੱਟਦੇ ਆ ਤਾਂ ਇਨਸਾਨ ਵੀ ਟੁੱਟ ਜਾਂਦਾ। ਖੇਡ ਓਹੀ ਸੋਹਣੀ ਲਗਦੀ ਆ ਜਿਸ ਵਿਚ ਅਗਰ ਕੋਈ ਹਾਰ ਵੀ ਜਾਵੇ ਤਾਂ ਇਨਸਾਨ ਤਾਂ ਨਾ ਟੁੱਟੇ,ਦਿਲ ਨਾ ਖੇਡਣਾ ਕੋਈ ਗੇਮ ਨਹੀਂ,ਅਗਰ ਨਿਭਾ ਸਕੋ ਫਿਰ ਹੀ ਕਿਸੇ ਦਾ ਹੱਥ ਫੜਿਆ ਕਰੋ,ਸੁਪਨੇ ਪੂਰੇ ਕਰ ਸਕੋ ਫਿਰ ਹੀ ਕਿਸੇ ਦੀਆ ਅੱਖਾਂ ਨੂੰ ਦੀਖਾਇਆ ਕਰੋ,ਨਹੀਂ ਜਦੋਂ ਸੁਪਨੇ ਟੁੱਟਦੇ ਓਹੀ ਅੱਖਾਂ ਦਿਨ ਰਾਤ ਰੋਂਦੀਆਂ । ਕੁੜੀਆ ਵੀ ਬੜੀ ਜਲਦੀ ਯਕੀਨ ਕਰ ਲੈਂਦੀਆਂ,ਨਾ ਕਰਿਆ ਕਰੋ ਅੱਜ ਕਲ ਦੀ ਦੁਨੀਆ ਚ ਤੇ ਆਪਣੇ ਯਕੀਨ ਦੇ ਕਾਬਿਲ ਨਹੀਂ, ਬੇਗਾਨੇ ਕਿੱਥੋਂ ਹੋਣੇ।ਇਹ ਇੱਕ ਰੀਅਲ ਸਟੋਰੀ ਸੀ , ਹੋਰ ਪਤਾ ਨਹੀਂ ਇਹੋ ਜਹੀਆਂ ਕਿਨੀਆ ਕਹਾਣੀਆ ਹੋਣੀਆਂ ।**

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਮੈਂ ਤੂੰ ਤੇ ਉਹ

ਰਜਵਿੰਦਰ ਕੌਰ




Kaur_ rajwinder104

Rajwinderkaur53053@gamil.com